ਜੁਲਾਈ-ਸਤੰਬਰ,2019

54

# ਕਹਾਣੀ ਧਾਰਾ



40/-

Year: 14; issue No. 54 ISSN :2321-4449
Kahani Dhara (Punjabi Quarterly) July-Sep.,2019, R.N.I. Regd. No. PUN PUN 2006/19971

ਪਰਵਾਜ਼ ਪ੍ਰਕਾਸ਼ਨ ਦੀਆਂ ਬਿਲਕੁਲ ਨਵੀਆਂ ਛਪੀਆਂ ਪੁਸਤਕਾਂ

ਮਿਆਰੀ
ਸਾਹਿਤਕ
ਪੁਸਤਕਾਂ
ਛਾਪਣ
ਵਾਲਾ
ਪ੍ਰਕਾਸ਼ਨ ਅਦਾਰਾ



ਉੱਤਮ, ਮਿਆਰੀ ਅਤੇ ਸੁੰਦਰ ਦਿੱਖ
ਦੀਆਂ ਪੁਸਤਕਾਂ ਪ੍ਰਕਾਸ਼ਤ
ਕਰਵਾਉਣ ਲਈ ਮਿਲੋਂ

ਸੰਚਾਲਕ : ਭਗਵੰਤ ਰਸੂਲਪੁਰੀ (94170-64350)

ਪਰਵਾਜ਼ ਪ੍ਰਕਾਸ਼ਨ
ਪਤਾ: ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ-6
ਫੋਨ: 94170-64350

Parwaz Parkashan
E.mail:
parwazparkashan@gmail.com
Mob. 94170-64350

*ਜੁਲਾਈ-ਸਤੰਬਰ,2019 ਅੰਕ :54*

**KAHANI DHARA (Punjabi Quarterly)**
**R.N.I.Regd No.PUN PUN/2006/19971**
**IÚÚN 2321-4449**

**e-mail:**
kahanidhara@gmail.com
bhagwantrasulpuri@gmail.com

**ਸੰਪਾਦਕ**
**ਭਗਵੰਤ ਰਸੂਲਪੁਰੀ**

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ:

Editor:
**KAHANI DHARA**
Vill. Dharampur, P.O. Khambra,
Diútt. Jalandhar-144026, Pb.
Mob. 94170-64350

**ਚੰਦੇ: ਇਕ ਅੰਕ:40 ਰੁ.,10 ਅੰਕ:400 ਰੁ.,**
**(ਕਾਲਜ ਲਾਇਬਰੇਰੀ ਲਈ 500/-)**
**10 ਅੰਕ: ਡਾਲਰ:50, ਤੇ ਪੌਂਡ: 40**
**ਚੰਦੇ, ਚੈਕ/ ਬੈਂਕ ਡਰਾਫਟ/ ਮਨੀਆਰਡਰ ਰਾਹੀਂ**
**ਕੇਵਲ 'KAHANI DHARA' ਦੇ ਨਾਂ ਭੇਜੇ ਜਾਣ।**

## ਅੰਦਰ ਪੜ੍ਹੋ

*ਸੰਪਾਦਕੀ* : ਲੇਖਕ ਬਣਨਾ ਬਹੁਤ ਅਸਾਨ 2
*ਕਹਾਣੀਆਂ*
1. ਅੱਤ / ਇੱਛੂਪਾਲ 3
2. ਪੇਜ ਨੰਬਰ ਦੋ ਸੌ ਛਪੰਜਾ/ ਦਵਿੰਦਰ ਮੰਡ 9
3. ਬਾਹਵਾਂ ਦੀ ਪਨਾਹ/ਕਰਮਜੀਤ ਨਡਾਲਾ 16
4. ਟੁੰਡਾ / ਸਿੰਮੀਪ੍ਰੀਤ ਕੌਰ 28
5. ਚੀਕ/ਵਿਪਨ ਗਿੱਲ 38
6. ਸਿਵਿਆਂ ਚੋਂ ਉੱਠਦੀ ਲਾਟ/ਬੇਅੰਤ 44
*ਆਲੋਚਨਾ*
1. ਬਚਿੰਤ ਕੌਰ, ਸੁਰਿੰਦਰ ਨੀਰ ਅਤੇ ਵਿਸ਼ਵ ਜਯੋਤੀ ਧੀਰ ਦੀਆਂ ਕਹਾਣੀਆਂ ਦਾ ਵਿਹਾਰਿਕ ਅਧਿਐਨ / ਨਵਜੋਤ ਕੌਰ 50
2. ਨਾਚਫਰੋਸ਼ / ਡਾ. ਗੁਰਮੇਲ ਸਿੰਘ 56
3. ਜੰਡਾ ਵੇ ਜੰਡੋਰਿਆ/ ਡਾ. ਸੰਤੋਖ ਸੁੱਖੀ 64
4. ਰੰਗ ਦੀ ਬਾਜ਼ੀ/ ਪਰਗਟ ਸਿੰਘ 69
5. ਆਮ-ਖਾਸ / ਡਾ ਰਮਨਪ੍ਰੀਤ ਕੌਰ 73
6. ਆਪਣੇ ਲੋਕ/ ਡਾ. ਸੰਤੋਖ ਸਿੰਘ ਸੁੱਖੀ 79
7. ਮੈਨੂੰ ਛੁੱਟੀ ਚਾਹੀਦੀ ਹੈ/ਮਨਦੀਪ 83
8. ਗੁਲਾਬੀ ਨਗ ਵਾਲੀ ਮੁੰਦਰੀ
*ਮੇਰਾ ਸਟੱਡੀ ਟੇਬਲ*/ ਭਗਵੰਤ ਰਸੂਲਪੁਰੀ 91
*ਹੁੰਗਾਰਾ* 96

**ਤੁਸੀਂ ਚੰਦੇ ਬੈਂਕ 'ਚ ਵੀ ਜ਼ਮਾ ਕਰਵਾ ਸਕਦੇ ਹੋ**
Account Name
**Kahani Dhara**
Current Account: 30111525066
IFS Code: SBIN0002394
State Bank of India
Khurla Kingra, Jalandhar



***ਟਾਇਟਲ ਪੇਂਟਿੰਗ: ਅਰਪਿਤਾ ਸਿੰਘ***

**ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Kirhanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ (ਪ੍ਰਕਾਸ਼ਨ ਮਿਤੀ 10 ਜੁਲਾਈ, 2019) ਟਾਇਟਲ ਪੇਂਟਿੰਗ: ਸਵੀ ਸਵਰਕਰ**



## ਸੰਪਾਦਕੀ : ਲੇਖਕ ਬਣਨਾ ਬਹੁਤ ਅਸਾਨ

ਅੱਜ ਦੇ ਸਮੇਂ ਵਿਚ ਲੇਖਕ ਬਣਨਾ ਬਹੁਤ ਅਸਾਨ ਹੋ ਗਿਆ ਹੈ। ਇਕ ਤਾਂ ਤੁਹਾਡੇ ਕੋਲ ਧੰਨ ਹੋਣਾ ਚਾਹੀਦਾ ਹੈ। ਦੂਜਾ ਤੁਹਾਡੇ 'ਚ ਨੇਤਾ ਲੋਕਾਂ ਵਾਲੇ ਗੁਣ ਹੋਣੇ ਚਾਹੀਦੇ ਹਨ। ਤੁਸੀਂ ਕਵਿਤਾ ਲਿਖਦੇ ਹੋ, ਤਾਂ ਕਵਿਤਾ ਲਿਖ ਲਓ। ਜੇ ਕਹਾਣੀ ਲਿਖਦੇ ਹੋ ਤਾਂ ਕਹਾਣੀ ਲਿਖੋ... ਉਸ ਤੋਂ ਅੱਗੇ ਜੇ ਤੁਸੀਂ ਜ਼ਰਾ ਹੋਰ ਮਿਹਨਤ ਕਰ ਲੈਂਦੇ ਹੋ ਤਾਂ ਨਾਵਲ ਲਿਖ ਲਵੋ। ਛਪਣ ਦੀ ਕੋਈ ਮੁਸ਼ਕਲ ਨਹੀਂ ਹੈ। ਬਸ ਤੁਹਾਡੇ ਕੋਲ ਧੰਨ ਹੋਣਾ ਚਾਹੀਦਾ ਹੈ। ਪਰਚੇ ਬਹੁਤ ਨਿਕਲਦੇ ਹਨ। ਜਿਸ ਨੂੰ ਰਚਨਾ ਭੇਜੋ ਉਹ ਹੱਸ ਕੇ ਛਾਪ ਦਿੰਦਾ ਹੈ। ਪ੍ਰਕਾਸ਼ਕ ਕਿਤਾਬਾਂ ਛਾਪਣ ਲਈ ਬਹੁਤ ਹੋ ਗਏ ਸਨ। ਤੁਸੀਂ ਖਰੜੇ ਨਾਲ ਧੰਨ ਦਿਓ। ਡਿਮਾਂਡ ਅਨੁਸਾਰ ਕਿਤਾਬ ਛਾਪ ਕੇ ਲੇਖਕ ਨੂੰ ਦੇ ਦਿੱਤੀ ਜਾਂਦੀ ਹੈ। ਅੱਗੇ ਕਿਤਾਬ ਰਿਲੀਜ਼ ਕਰਨ ਦਾ ਐਡਾ ਮਸਲਾ ਨਹੀਂ ਰਿਹਾ। ਹਰ ਕਸਬੇ ਵਿਚ ਚਾਰ-ਪੰਜ ਸਾਹਿਤ ਸਭਾਵਾਂ ਮਿਲ ਜਾਂਦੀਆਂ ਹਨ। ਤੁਸੀਂ ਚਾਹ ਪਾਣੀ, ਕਾਰਡ, ਮਾਇਕ, ਕੁਰਸੀਆਂ ਤੇ ਹੋਰ ਪ੍ਰਬੰਧ ਲਈ ਪ੍ਰਧਾਨ ਨੂੰ ਪੈਸੇ ਦਿਓ, ਉਹ ਸਰੋਤੇ ਪੈਦਾ ਕਰਕੇ ਤੁਹਾਡੀ ਕਿਤਾਬ ਰਿਲੀਜ਼ ਕਰ ਦਿੰਦਾ ਹੈ। ਅਖ਼ਬਾਰਾਂ ਵਿਚ ਖ਼ਬਰਾਂ ਛਪਵਾ ਦਿੰਦਾ ਹੈ। ਲੇਖਕ ਦੀ ਬੱਲੇ ਬੱਲੇ ਹੋ ਜਾਂਦੀ ਹੈ। ਜੇ ਵਿਦੇਸ਼ੀ ਲੇਖਕ ਹੋ ਤਾਂ ਹਰ ਅਦਾਰਾ ਹੱਸ ਕੇ ਤੁਹਾਡੀ ਕਿਤਾਬ ਤੇ ਗੋਸ਼ਟੀ, ਰੂ-ਬ-ਰੂ ਕਰਵਾਉਂਦਾ ਹੈ। ਉਸ ਤੋਂ ਅੱਗੇ ਤੁਸੀਂ ਆਪਣੇ ਸੰਪਰਕ ਸੂਤਰ ਸਰਕਾਰੀ, ਗੈਰ ਸਰਕਾਰੀ ਸਾਹਿਤ ਦੇ ਅਦਾਰਿਆ ਨਾਲ ਬਣਾ ਸਕਦੇ ਹੋ। ਦੂਜੇ ਤੀਜੇ ਦਿਨ ਫ਼ੋਨ ਕਰਨਾ, ਪਰਿਵਾਰ ਦਾ ਹਾਲ ਚਾਲ ਪੁੱਛਣਾ, ਕਿਤੇ ਕਿਤੇ ਸੇਵਾ ਕਰ ਦੇਣਾ। ਉਸ ਤੋਂ ਅੱਗੇ ਅਨੇਕਾਂ ਸਭਾਵਾਂ ਨੇ ਇਨਾਮ ਸ਼ੁਰੂ ਕੀਤੇ ਹੁੰਦੇ ਨੇ। ਕਈ ਕੇਵਲ ਲੋਈਆਂ ਦਿੰਦੇ ਨੇ, ਕਈ ਥੋੜ੍ਹੇ ਬਹੁਤ ਪੈਸੇ ਦੇ ਦਿੰਦੇ ਨੇ, ਕਈ ਲੇਖਕ ਕੋਲੋਂ ਵੀ ਲੈ ਲੈਂਦੇ ਨੇ। ਇਹ ਤੁਹਾਡੇ ਤੇ ਨਿਰਭਰ ਕਰਦਾ ਹੈ ਤੁਸੀਂ ਕਿਹੜਾ ਪੈਕੇਜ਼ ਲੈਣਾ ਹੈ। ਅੱਵਲ ਤਾਂ 35 ਸਾਲ ਤੋਂ ਪਹਿਲਾਂ ਹੀ ਲਿਖਣਾ ਸ਼ੁਰੂ ਕਰ ਦਿਓ।

ਇਸ ਦੇ ਉਲਟ ਕਈ ਲੇਖਕ ਕੇਵਲ ਲਿਖਦੇ ਹੀ ਹਨ। ਚੰਗਾ ਲਿਖਦਾ ਹਨ। ਪਰ ਉਹ ਘਰੋਂ ਬਾਹਰ ਹੀ ਨਹੀਂ ਨਿਕਲਦੇ। ਕਿਸੇ ਕੁਰਸੀ 'ਤੇ ਬੈਠੇ ਸਾਹਿਤਕਾਰ ਨੂੰ ਫ਼ੋਨ ਨਹੀਂ ਕਰਦੇ। ਕਿਸੇ ਦੀ ਚਾਪਲੂਸੀ ਨਹੀਂ ਕਰਦੇ ਤੇ ਉਹ ਘਰ ਜੋਗੇ ਹੀ ਰਹਿ ਜਾਂਦੇ ਹਨ। ਆਪਣੀ ਮੌਤੇ ਆਪ ਹੀ ਮਰ ਜਾਂਦੇ ਹਨ। ਉਨ੍ਹਾਂ ਦੀਆਂ ਕਿਤਾਬਾਂ ਵੀ ਮਸਾਂ ਛਪਦੀਆਂ ਹਨ। ਜੇ ਛਪ ਜਾਵੇ ਤਾਂ ਕੋਈ ਸਭਾ ਵਾਲਾ ਰਿਲੀਜ਼ ਨਹੀਂ ਕਰਦਾ। ਸਨਮਾਨ ਦਾ ਦੂਰ ਦੀ ਗੱਲ ਹੈ। ਜੇ ਤੁਹਾਡੇ ਕੋਲ ਪੈਸਾ ਹੈ ਤਾਂ ਤੁਸੀਂ ਸਾਹਿਤਕ ਮੈਗਜ਼ੀਨ ਸ਼ੁਰੂ ਕਰ ਸਕਦੇ ਹੋ। ਤੁਹਾਡੇ ਆਲੇ ਦੁਆਲੇ ਲੇਖਕ ਘੁੰਮਣ ਲੱਗ ਪੈਣਗੇ। ਨਵੇਂ ਖੋਜ ਵਿਦਿਆਰਥੀ ਆਪਣੀ ਆਲੋਚਨਾ ਛਾਪਵਾਉਣ ਲਈ ਤੁਹਾਡੀਆਂ ਮਿੰਨਤਾ ਕਰਨਗੇ। ਸਾਹਿਤ ਵਿਚ ਤੁਹਾਡੀ ਬੱਲੇ ਬੱਲੇ ਕਰਨ ਲਈ ਅਨੇਕਾਂ ਲੇਖਕ ਆ ਜਾਣਗੇ। ਤੁਸੀਂ ਪਰਚੇ ਦੇ ਸੰਪਾਦਕ ਹੋ, ਫਿਰ ਲੇਖਕ ਦੇ ਤੌਰ ਤੇ ਵੀ ਮਾਨਤਾ ਮਿਲਣ ਲੱਗ ਪਵੇਗੀ। ਕੋਈ ਸਭਾ ਵਾਲਾ ਤੁਹਾਨੂੰ ਵੀ ਸੱਦਾ ਪੱਤਰ ਭੇਜ ਦੇਵੇਗਾ। ਦੂਜਾ ਤੁਹਾਨੂੰ ਫੇਸ ਬੁੱਕ ਤੇ ਸਰਗਰਮ ਹੋਣਾ ਪਵੇਗਾ। ਹਰ ਰੋਜ਼ ਤੁਹਾਨੂੰ ਆਪਣੀ ਕਵਿਤਾ ਜਾਂ ਕੋਈ ਲਿਖਤ ਜਾਂ ਛਪੀਆਂ ਲਿਖਤਾਂ ਪਾਉਂਦੇ ਰਹਿਣਾ ਪਵੇਗਾ। ਲਓ ਦਿਨ੍ਹਾਂ 'ਚ ਤੁਸੀਂ ਚਰਚਿਤ ਲੇਖਕ ਬਣ ਜਾਓਗੇ। ਝੂਠੀ ਤਰੀਫ਼, ਝੂਠੇ ਕਿਤਾਬਾਂ ਦੇ ਰੀਵਿਊ, ਝੂਠੀਆਂ ਗੋਸ਼ਟੀਆਂ ਦੀ ਚਰਚਾ ਅਤੇ ਝੂਠੀਆਂ ਤਰੀਫ਼ਾਂ ਦਾ ਅੱਜ ਹੜ੍ਹ ਆ ਗਿਆ ਹੈ। ਤੇ ਲੇਖਕ ਬਹੁਤ ਵੱਡੇ ਭਰਮਜ਼ਾਲ ਵਿਚ ਫਸ ਗਿਆ ਹੈ। ਪਰਚਾਰ ਸਾਧਨਾ ਰਾਹੀਂ ਜਦੋਂ ਇਕੋ ਰਚਨਾ ਦੀ, ਕਿਤਾਬ ਦੀ, ਲੇਖਕ ਦੀ ਵਾਰ ਵਾਰ, ਹਰ ਥਾਂ ਤਰੀਫ਼ ਹੋਈ ਜਾਂਦੀ ਹੈ। ਤਾਂ ਹਰ ਪਾਠਕ/ਲੇਖਕ ਇਹ ਸਮਝ ਬੈਠਦਾ ਹੈ ਕਿ ਸਾਇਦ ਇਹ ਹੀ ਸੱਚੇ ਹੈ। ਤਸਕੀਨ ਸ਼ਾਇਦ ਇਸਨੂੰ ਹੀ 'ਉੱਤਰ-ਸੱਚ' ਕਹਿੰਦਾ ਹੈ। ਮੈਂ ਤਾਂ ਇਹੀ ਕਹਿੰਦਾ ਹਾਂ ਕਿ ਚੰਗਾ ਬਿਲਕੁਲ ਨਾ ਲਿਖੋ। ਹਲਕਾ ਲਿਖੋ, ਮਾੜਾ ਲਿਖੋ, ਪਰ ਉਸ ਨੂੰ ਪਰਮੋਟ ਹਰ ਤਰ੍ਹਾਂ ਦੇ ਸਾਧਨ ਵਰਤੇ ਕੇ ਕਰੋ। ਫੇਰ ਤੁਸੀਂ ਹੀ ਵੱਡੇ ਲੇਖਕ ਹੋਵੋਗੇ। ਤੁਹਾਨੂੰ ਆਪਣੇ ਸਾਹਿਤ ਨੂੰ ਪਰਮੋਟ ਕਰਨ ਦਾ ਢੰਗ, ਰਾਜਨੀਤਿਕ ਦਾਅ-ਪੇਚ ਆਣੇ ਚਾਹੀਦੇ ਹਨ ਤਾਂ ਤੁਸੀਂ ਵੱਡੇ ਲੇਖਕ ਹੋ।

**- ਭਗਵੰਤ ਰਸੂਲਪੁਰੀ**

## ਕਹਾਣੀ / ਅੱਤ / - ਇੱਛੂਪਾਲ

"ਲੇਟੀ ਰਹਿ ਤੇਰਾ ਸ਼ਰੀਰ ਦੁੱਖਦਾ ਏ। ਮੈਂ ਨੇੜੇ ਕੁਰਸੀ ਕਰ ਲੈਂਦਾ ਹਾਂ। ਕੰਮ ਵਾਲੀ ਦੱਸਦੀ ਸੀ ਬਈ ਮਨਪ੍ਰੀਤ ਨੇ ਵੀ ਕੋਈ ਗੱਲ ਨਹੀਂ ਕੀਤੀ। ਸਬੱਬੀ ਦੇਸ਼ੋ ਨੇ ਤੇਰਾ ਪਤਾ ਕਰਨ ਲਈ ਕਿਹਾ। ਆਪਣਾ ਧਿਆਨ ਰੱਖਿਆ ਕਰ।" ਕੁਰਸੀ ਤੇ ਬੈਠਦਿਆਂ ਹੋਇਆਂ ਮੈਂ ਕਿਹਾ।

"ਕੰਮਵਾਲੀ ਚੰਗਾ ਕੰਮ ਕਰ ਰਹੀ ਹੈ। ਇਸ ਸਭ ਦੇ ਪਿੱਛੇ ਤੇਰਾ ਆਪਣਾ ਸੁਹਜ, ਪ੍ਰਕਿਰਤੀ ਨਾਲ ਮੋਹ, ਸੰਗੀਤ ਦਾ ਸ਼ੌਂਕ ਤੇਰੇ ਅੰਦਰ ਦਾ ਕਲਾਕਾਰ ਕਰਵਾ ਰਿਹਾ ਹੈ। ਅਸਲ 'ਚ ਤੇਰਾ ਸ਼ੌਂਕ ਕੌਮਲ ਕਲਾਵਾਂ ਵੱਲ ਬਹੁਤਾ ਹੈ। ਅਧਿਆਪਨ ਦਾ ਕਿੱਤਾ ਤੂੰ ਆਪ ਚੁਣਿਆ ਹੈ। ਆਪਣੇ ਬਾਪੂ ਵਾਂਗ। ਉਹ ਤੇ ਬਾਅਦ ਵਿਚ ਸਿਆਸਤ 'ਚ ਚਲੇ ਗਏ ਸੀ। ਦੋਵੇਂ ਭਰਾ ਡਾਕਟਰ। ਬਾਪੂ ਦੇ ਹੁੰਦਿਆਂ ਹੋਇਆਂ ਆਪਣੀਆਂ ਨਵੀਆਂ ਕੋਠੀਆਂ ਥੋੜ੍ਹੀ ਥੋੜ੍ਹੀ ਵਿੱਥ 'ਤੇ ਬਣਾ ਲਈਆਂ। ਤੇਰੇ ਹਿੱਸੇ ਬਾਪੂ ਵਾਲੀ ਕੋਠੀ ਆ ਗਈ। ਰਹਿ ਗਈ ਇੱਥੇ ਜੋਗੀ ਹੀ।" ਮੈਂ ਆਪਣੇ ਆਪ ਨਾਲ ਗੱਲੀ ਲੱਗਿਆ ਸੀ। ਸੋਚਦਾ, ਬੁੜ ਬੁੜ ਕਰਦਾ ਮੁੜ ਚੁੱਪ ਧਾਰ ਲੈਂਦਾ।

ਰੱਬ ਜਾਣੇ ਅੱਜ ਸੋਚਦਾ ਸੋਚਦਾ ਅਤੀਤ ਵੱਲ ਚਲਾ ਗਿਆ ਸੀ। ਤੇਰੇ ਅਤੀਤ ਵੱਲ ਜਿੱਥੇ ਇਕ ਵਿਸ਼ਾਲ ਸੰਸਾਰ ਦਿਸ ਪੈਂਦਾ ਹੈ। ਤੇਰੇ ਇਸ ਸੰਸਾਰ ਦੀ ਦੁਨੀਆਂ ਹਰੀ ਭਰੀ ਅਤੇ ਖੁਸ਼ਹਾਲ ਦੁਨੀਆਂ। ਸੱਚ ਦੱਸਾਂ ਮੈਨੂੰ ਤੇਰੇ ਨਾਲ ਈਰਖਾ ਹੋਣ ਲੱਗਦੀ। ਜਿਸ ਨੂੰ ਮੈਂ ਜਾਣਦਾ ਸੀ। ਮੇਰੀ ਦੋਸਤ ਜਿਸ ਦਾ ਮੈਂ ਰਾਜਦਾਰ ਹੋਣ ਦਾ ਦਾਵਾ ਕਰਦਾ ਸੀ। ਜਿਹੜੀ ਹਰ ਮੋੜ ਤੇ ਮੈਨੂੰ ਸੱਦ ਲੈਂਦੀ ਸੀ।

ਸਾਡੇ ਘਰ ਆ ਕੇ ਕਮਰੇ ਅੰਦਰ ਵੜਦਿਆਂ ਹੀ ਅੰਦਰੋਂ ਕੁੰਡੀ ਚਾੜ੍ਹ ਦੇਂਦਗੀ। ਮੈਨੂੰ ਚੁੰਮਦੀ, ਜੱਫ਼ੀਆਂ ਪਾਉਂਦੀ। ਮੇਰੀ ਛਾਤੀ ਨਾਲ ਲੱਗ ਕੇ ਡੁਸਕਦੀ ਵੀ। ਭਰੀਆਂ ਅੱਖਾਂ ਨਾਲ ਕਹਿੰਦੀ, "ਤੇਰਾ ਚਿਹਰਾ ਅੱਜ ਧੁੰਦਲਾ ਕਿਉਂ ਦਿਸ ਰਿਹਾ ਏ?"

"ਮੇਰਾ ਚਿਹਰਾ ਧੁੰਦਲਾ ਨਹੀਂ ਹੈ। ਤੂੰ ਆਪਣੀਆਂ ਅੱਖਾਂ ਵਿਚਲੇ ਅੱਥਰੂ ਪੂੰਝ। ਪਾਣੀ ਪੀ। ਆਪਣੇ ਗਲੇ ਦੀ ਹਵਾੜ ਕੱਢ। ਫੇਰ ਤੇਰੇ ਨਾਲ ਗੱਲ ਕਰਾਂਗਾ। ਕਮਰੇ ਦੀ ਕੁੰਡੀ...!"

"ਰਹਿਣ ਦੇ ਘਰਦੇ ਕੀ ਕਹਿਣਗੇ। ਇਹੋ ਆਖਣਗੇ ਨਾ ਇਕ ਆਫ਼ਤ ਆ ਗਈ ਸਾਡੇ ਮੁੰਡੇ ਨਾਲ। ਬੰਦ ਕਮਰੇ ਵਿਚ ਉਹੋ ਹੀ ਕਰਨਗੇ ਜੋ ਦੋ ਜਵਾਨ ਬੱਚੇ ਕਰਦੇ ਨੇ।"

"ਧੰਨ ਏਂ ਤੂੰ...!" ਬਾਬਾ ਇਕ ਪਲ 'ਚ ਤੋਲਾ ਇਕ ਪਲ 'ਚ ਮਾਸ਼ਾ। ਤੈਨੂੰ ਸਮਝਣਾ ਤੋਬਾ... ਤੋਬਾ! ਵੇਖ ਮੇਰੀ ਵੀ ਇਕ ਮੰਗੇਤਰ ਏ। ਜੇ ਕਰ ਉਹਨੂੰ ਕਿਸੇ ਦਸ ਦਿੱਤਾ ਤੇ ਵਿਆਹ ਤੋਂ ਪਹਿਲਾਂ ਹੀ ਮੇਰਾ ਤਲਾਕ ਹੋ ਜਾਣਾ ਹੈ।"

"ਮੈਂ ਉਹਨੂੰ ਮਿਲ ਚੁੱਕੀ ਹਾਂ। ਰਿਸ਼ਤੇ 'ਚ ਭੈਣ ਹੀ ਲੱਗਦੀ ਹੈ। ਸਾਡੇ ਸਬੰਧੀ ਉਹ ਜਾਣਦੀ ਹੈ। ਬੋਲ ਹੋਰ ਕੁਝ...?"

ਤੂੰ ਮੈਨੂੰ ਲਾ ਜਵਾਬ ਕਰ ਦੇਂਦੀ ਸੀ। ਮੈਂ ਐਵੇਂ ਹੀ ਇਕ ਮੂਕ ਦਰਸ਼ਕ ਬਣਿਆਂ ਤੈਨੂੰ ਵੇਖਦਾ ਰਹਿੰਦਾ। ਹਾਂ... ਪਰ ਤੇਰੇ ਨਾਲ ਕੇਵਲ ਹਮਦਰਦੀ ਤੋਂ ਬਿਨਾਂ ਕੁਝ ਨਹੀਂ ਸੀ। ਜੇ ਕਰ ਕੁਝ ਹੁੰਦਾ ਤੇ ਤੂੰ ਆਪ ਮੁਹਾਰੇ ਮੇਰੀ ਸੋਚ ਦੇ ਸ਼ੀਸ਼ੇ ਸਾਫ਼ ਦਿਸ ਪੈਂਦੇ।

ਤੈਨੂੰ ਚੇਤੇ ਹੋਣਾ ਮੈਂ ਕਿਹਾ ਸੀ, ਬੋਲਡ ਹੋਣਾ ਚੰਗੀ ਗੱਲ ਹੈ। ਇਹ ਸਾਹਸੀ ਹੋਣਾ ਕਿਸੇ ਹੱਦ ਤੱਕ ਆਪਣੇ ਹੱਥ ਹੈ।

"ਨਹੀਂ ਵੇ ਇਹ ਤੂੰ ਕੀ ਕਹਿ ਰਿਹਾ ਏਂ। ਸਾਡੇ ਆਲੇ-ਦੁਆਲੇ ਏਨਾ ਕੁਝ ਕੱਚਰੇ ਵਾਂਗ ਇਕੱਠਾ ਹੋ



ਜਾਂਦਾ ਹੈ ਤੇ ਉਹਨੂੰ ਸਾਫ਼ ਕਰਨਾ ਵੀ ਸਾਡੇ ਹੱਥ ਹੈ। ਕਿਸੇ ਦਾ ਮੂੰਹ ਤੋੜਨਾ-ਭੰਨ੍ਹਣਾ ਵੀ ਪੈਂਦਾ ਹੈ।"

ਤੇਰੀਆਂ ਉਨ੍ਹਾਂ ਗੱਲਾਂ ਵਿਚ ਦਮ ਜ਼ਰੂਰ ਸੀ। ਮੈਂ ਫਿਰ ਵੀ ਆਪਣੇ ਆਪ ਨੂੰ ਆਪਣੇ ਮਾਸ਼ਰੇ ਨੂੰ ਲੁਕਣ ਮੀਟੀ ਦੀ ਖੇਡ ਤੋਂ ਭਲੀ ਭਾਂਤੀ ਵੇਖ ਰਿਹਾ ਸੀ। ਕਬੂਤਰ ਦੀ ਭਾਂਤੀ ਅੱਖਾਂ ਬੰਦ ਨਹੀਂ ਸੀ। ਖੁੱਲ੍ਹੀਆਂ ਸਨ। ਫਿਰ ਵੀ ਕਈ ਤਰ੍ਹਾਂ ਦੇ ਜੁਮਲੇ ਮੇਰੇ ਪਿੱਛੇ ਤੈਨੂੰ ਲੈ ਕੇ ਕੱਸੇ ਜਾਂਦੇ ਸੀ। ਜਰ ਲੈਂਦਾ ਸੀ ਮੈਂ। ਜਰਨਾ ਮੇਰੀ ਆਦਤ ਬਣ ਗਿਆ। ਪਰ ਉਦੋਂ ਮੈਨੂੰ ਬੁਰਾ ਲੱਗਿਆ ਜਦੋਂ ਇਕ ਸ਼ਾਮ ਨੂੰ ਮੈਂ ਹਾਕੀ ਖੇਡ ਕੇ ਘਰ ਅਪੜਿਆ ਤੇ ਮੇਰਾ ਛੋਟਾ ਭਰਾ ਜਿਹੜਾ ਮੇਰੇ ਪਿੱਛੇ ਪਿੱਛੇ ਆ ਰਿਹਾ ਸੀ। ਆਉਂਦਿਆਂ ਹੀ ਮੇਰੇ 'ਤੇ ਬਰਸ ਪਿਆ।

"ਬਦਮਾਸ਼... ਬਦਮਾਸ਼ੀਆਂ ਕਰਦਾ ਏਂ, ਹੁਣ ਜਾਂ ਤੇ ਇਹਦਾ ਵਿਆਹ ਸਾਨੀਆਂ ਨਾਲ ਕਰਾ ਦਿਓ ਜਾਂ ਇਹਨੂੰ ਘਰੋਂ ਕਿਧਰੇ ਤੋਰ ਦਿਓ, ਬਾਹਰ ਕਿਸੇ ਵਿਸ਼ਵਵਿਦਿਆਲੇ 'ਚ? ਆਪੇ ਇਹਦੀ ਅਕਲ ਠਿਕਾਣੇ ਆ ਜਾਏਗੀ।

"ਸਾਨੀਆਂ ਮੇਰੀ ਦੋਸਤ ਹੈ। ਨਜ਼ਦੀਕੀ ਰਿਸ਼ਤੇਦਾਰੀ ਵੀ ਹੈ। ਤੈਨੂੰ ਕਿਓਂ ਪਸ਼ੀਨੇ ਛੁੱਟਦੇ ਨੇ।" ਉਹਦੀ ਕਿਸੇ ਵੀ ਗੱਲ ਤੇ ਪਰਿਵਾਰ ਵਾਲਿਆਂ ਵਿਚ ਅੱਗੇ ਕੋਈ ਬਹਿਸ ਨਹੀਂ ਸੀ ਹੋਈ। ਹਾਂ ਭਾਪਾ ਜੀ ਨੇ ਮੈਨੂੰ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿਚ ਐਲ. ਐਲ. ਬੀ. ਕਰਨ ਲਈ ਘੱਲ ਦਿੱਤਾ। ਸਾਨੀਆਂ ਉੱਥੇ ਵੀ ਮੇਰੇ ਪਾਸ ਆ ਜਾਂਦੀ। ਉਹ ਦੀਵਾਰ ਤੇ ਮੁੱਕੇ ਮਾਰ ਮਾਰ ਕੇ ਸਾਨੂੰ ਗਾਹਲਾਂ ਕੱਢਦਾ। ਭਾਪਾ ਜੀ ਨੇ ਉਹਨੂੰ ਇਹ ਵੀ ਕਿਹਾ,

"ਯਾਰ ਰਹਿਣ ਦੇ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਜੀਣ ਦੇ। ਅਸਾਂ ਉਨ੍ਹਾਂ ਦੇ ਰਿਸ਼ਤੇ ਤੋਂ ਕੀ ਲੈਣਾ। ਸਮੇਂ ਤੇ ਆਪ ਹੀ ਕਿਸੇ ਰਿਸ਼ਤੇ ਦੀ ਕੜੀ ਵਿਚ ਬੰਨ੍ਹੇ ਜਾਣਗੇ। ਤੂੰ ਆਪਣਾ ਖ਼ੂਨ ਕਿਉਂ ਸਾੜਦਾ ਏਂ। ਸਾਨੀਆਂ ਉਸ ਤੋਂ ਉਮਰ ਵਿਚ ਵੀ ਵਡੇਰੀ ਏ।"

"ਖ਼ੂਨ ਸਾੜਦਾ ਹਾਂ...! ਲੋਕ ਜੀਣ ਨੀਂ ਦੇਂਦੇ। ਮੈਨੂੰ ਮੇਰੇ ਜਮਾਤੀ ਮਸਾਲੇ ਲਾ ਲਾ ਕੇ ਗੱਲਾਂ ਕਰਦੇ ਨੇ...।"

"ਉਹ ਗੱਲਾਂ ਨਹੀਂ ਕਰਦੇ ਤੈਨੂੰ ਉਕਸਾਉਂਦੇ ਨੇ। ਘਰ 'ਚ ਬੋਲਣ ਲਈ। ਝਗੜਾ ਪਾਣ ਲਈ। ਤੂੰ ਮਸਤ ਰਹਿ। ਭਲਾ ਲੋਕਾਂ ਦੇ ਮੂੰਹ ਕਦੀ ਬੰਦ ਹੋਏ ਨੇ... ਨਹੀਂ ਨਾ... ਤੂੰ ਆਪਣਾ ਤੇ ਬੰਦ ਰੱਖ।" ਉਹ ਮੇਰੀ ਦੋਸਤ ਨੂੰ ਵੀ ਕਹਿ ਆਇਆ ਸੀ। ਉਹਨੇ ਹੱਸ ਕੇ ਕਿਹਾ,

"ਮੈਂ ਜਾਣਦੀ ਹਾਂ।"

"ਪਰ ਫਿਰ ਵੀ ਕੋਈ ਹੱਦ ਹੁੰਦੀ ਹੈ। ਇਹ ਤੇ... ਸਾਰੀਆਂ ਹੱਦਾਂ ਪਾਰ ਕਰ ਚੁੱਕੇ ਨੇ।"

"ਹੱਦਾਂ ਤੇ ਨਾ ਪਾਰ ਹੋਈਆਂ ਨੇ ਨਾ ਹੀ ਪਾਰ ਕਰਨ ਗੇ। ਜੇ ਕਰ ਹੋ ਵੀ ਗਈਆਂ ਨੇ ਤੇ ਫ਼ੇਰ ਮੈਨੂੰ ਕੋਈ ਫ਼ਰਕ ਨਹੀਂ ਪੈਂਦਾ। ਅਸਲ ਵਿਚ ਤੇਰੇ ਭਰਾ ਨਾਲ ਮੇਰਾ ਵੀ ਕੋਈ ਰਿਸ਼ਤਾ ਨਹੀਂ ਹੈ। ਅਸੀਂ ਦੋਸਤ ਹਾਂ। ਸਖੀ ਸਹੇਲੀਆਂ ਵਾਂਗ।"

ਮੈਂ ਮਨ ਹੀ ਮਨ ਆਪਣੀਆਂ ਸੋਚਾਂ 'ਚ ਗੋਤੇ ਲਾ ਰਿਹਾ ਸੀ। ਉਹ ਕਾਫ਼ੀ ਬਣਾ ਕੇ ਲੈ ਆਈ। ਮੈਂ ਆਪਣੇ ਆਪ 'ਚ ਪਰਤ ਆਇਆ।

"ਕੀ ਗੱਲ? ਕੀ ਸੋਚ ਰਿਹਾ ਏਂ? ਡਰਦੈਂ ਪਤਨੀ ਤੋਂ। ਨਹੀਂ ਮਾਰਦੀ। ਉਹ ਹੁਣ ਕੋਈ ਇਲਜ਼ਾਮ ਵੀ ਨਹੀਂ ਲਗਾ ਸਕਦੀ। ਹੈ ਨਾਂ...।" ਉਹ ਹੱਸਦੀ ਹੋਈ ਕਹਿ ਰਹੀ ਸੀ। ਬੈੱਡ ਤੇ ਸਰਾਹਣੇ ਦੀ ਟੇਕ ਲਾ ਕੇ ਮੈਨੂੰ ਵੇਖਦੀ ਸੀ। ਕਦੀ ਮੇਰੇ ਚਿਹਰੇ ਵੱਲ ਕਦੀ ਪੈਰਾਂ ਵੱਲ ਤੱਕਦੀ ਸਿਰ ਤੇ ਲਪੇਟੇ ਪਟਕੇ ਵੱਲ। ਮੈਂ ਉਹਦੀਆਂ ਅੱਖਾਂ ਵੱਲ ਨਹੀਂ ਸੀ ਵੇਖ ਸਕਿਆ। ਭੈਅ ਆਉਂਦੈ। ਏਸ ਵੇਲੇ ਤੂੰ ਮੈਨੂੰ ਚੇਤੇ ਕਰਦਾ ਹੋਇਆ ਮੇਰੀ ਹਯਾਤੀ ਦੇ ਸਫ਼ਰ ਦੀ ਰੇਲ ਗੱਡੀ ਤੇ ਚੜ੍ਹ ਕੇ ਸਾਰੀ ਕਹਾਣੀ ਦੋਹਰਾਉਂਦਾ ਰਹੇਂਗਾ।

"ਮੈਨੂੰ ਕਿਉਂ ਕਮਜ਼ੋਰ ਸਮਝ ਰਹੀ ਏਂ।" ਇਸ ਤੋਂ ਪਹਿਲਾਂ ਕਿ ਉਹ ਕੁਝ ਹੋਰ ਬੋਲਦੀ, ਮੈਂ ਉਹਦੀ ਬੀਮਾਰੀ ਵਾਲੀ ਸਾਰੀ ਫ਼ਾਇਲ ਪੜ੍ਹ ਲਈ ਸੀ।

"ਕੀ ਸੋਚ ਰਿਹਾ ਏਂ। ਅਜੇ ਮਰਨ ਵਾਲੀ ਨਹੀਂ ਹਾਂ। ਬਹੁਤ ਕੁਝ ਵੇਖਣਾ ਏ...!"

"ਬੜੀ ਹੀ ਢੀਠ ਏਂ। ਮਰਨ ਲੱਗਿਆਂ ਵੀ ਦੰਦ ਦੱਸਦੀ ਫਿਰੇਂਗੀ।" ਉਹ ਹੱਸ ਰਹੀ ਸੀ। ਮੈਂ ਵੀ ਅੱਜ ਜਿਵੇਂ ਠਾਨ ਲਈ ਸੀ। ਉਹਨੂੰ ਕੁਰੇਦਣ ਦੀ। ਉਹਦਾ ਸੱਚ ਉਗਲਵਾ ਕੇ ਹੀ ਦਮ ਲਵਾਂਗਾ। ਹੋ ਸਕਦੇ ਦਸ ਵੀ ਦੇਵੇ। ਹੈ ਤੇ ਬਟਲ ਦੀ ਲੱਕੜੀ ਸਿੱਧੀ ਕਿੱਥੇ ਹੋਵੇਗੀ।"

"ਜਦੋਂ ਜੰਮੂ ਵਿਖੇ ਇਕ ਰਿਸ਼ਤਾ ਆਇਆ ਸੀ ਤੇ ਰਘੂ ਮਾਮੇ ਨੇ ਤੈਨੂੰ ਪੁੱਛਣ ਲਈ ਕਿਹਾ। ਮੁੰਡਾ ਐਗਰੀਕਲਚਰ ਮਹਿਕਮੇ 'ਚ ਆਫ਼ੀਸਰ ਸੀ। ਤੂੰ ਉਨ੍ਹਾਂ ਦਾ ਘਰ ਬਾਰ ਵੇਖਣ ਲਈ ਆਪ ਚਲੀ ਗਈ। ਉਸ ਵੇਲੇ ਉਹ ਘਰ ਨਹੀਂ ਸੀ। ਸ਼ੈਦ ਆਣ ਵਾਲਾ ਸੀ। ਘਰ 'ਚ ਬੁੱਢੇ ਮਾਂ ਬਾਪ ਇਕੱਲੇ ਸੀ। ਤੂੰ ਘਰ ਦਾ ਕਮਰਾ ਕਮਰਾ ਵੇਖਿਆ। ਅੱਗੇ ਲਾਨ 'ਤੇ ਪਿੱਛੇ ਕਿਚਨ ਗਾਰਡਨ ਨੂੰ ਵੀ ਵਾਚਿਆ। ਉਹਦੀ ਮਾਂ ਤੋਂ ਸਾਰੀ ਜਾਣਕਾਰੀ ਲਈ। ਜਦੋਂ ਉਹ ਛੁੱਟੀ ਮਗਰੋਂ ਘਰ ਪਰਤਿਆ ਤੇ ਤੂੰ ਉਹਦੇ ਮਾਂ ਬਾਪ ਨਾਲ ਲਾਨ 'ਚ ਚਾਹ ਪੀ ਰਹੀ ਸੀ। ਆਉਂਦਿਆਂ ਹੀ ਉਹ ਤੇਰੇ ਸਾਹਮਣੇ ਵਾਲੀ ਨੇ ਆਪਣਾ ਪੈਰ ਮਾਰਿਆ ਹੈ। ਡਾਕਟਰ ਦੇ ਮਾਂ ਬਾਪ ਬੜੇ ਹੀ ਖੁਸ਼ ਸੀ। ਰਘੂ ਮਾਮੇ ਦੇ ਨਾਨਕਿਆਂ 'ਚੋਂ ਇਹ ਰਿਸ਼ਤਾ ਆਇਆ ਸੀ। ਮਾਮੇ ਨੇ ਤੈਨੂੰ ਪਹਿਲਾਂ ਪੁੱਛਿਆ ਸੀ ਤੂੰ ਮਨ ਗਈ ਸੀ। ਉਦੋਂ ਵੀ ਤੂੰ ਮੇਰਾ ਹੱਥ ਫੜ ਕੇ ਮੈਨੂੰ ਘਰੋਂ ਘਸੀਟ ਕੇ ਲੈ ਆਈ ਸੀ। ਮਾਮੇ ਦੇ ਸ਼ਬਦ ਚੇਤੇ ਨੇ, ਇੱਥੇ ਕੋਈ ਪਾਗਲਪਲ ਨਾ ਕਰੀਂ। ਚੰਗੇ ਲੋਕ ਨੇ। ਭਲੇ ਮਾਣਸਾ। ਤੂੰ ਚੁੱਪ ਚਾਪ ਮੇਰਾ ਹੱਥ ਫੜ੍ਹੀ ਪੈਰਾਂ ਦੇ ਅੰਗੂਠੇ ਨਾਲ ਘਾਹ ਖੁਰਚਦੀ ਰਹੀ। ਤੇਰੀ ਚੰਮ ਤੇ ਕਿਸੇ ਵੀ ਚੀਜ਼ ਦਾ ਕੋਈ ਅਸਰ ਨਹੀਂ ਹੋਇਆ। ਹੁੰਦਾ ਵੀ ਕਿਵੇਂ...। ਇਹ ਤੇਰੀ ਦੇਹ ਹੈ ਨਾ ਇਹ ਨਿਰੀ ਸੂਰ ਵਰਗੀ ਹੈ। ਇਸ ਤੇ ਗੋਲੀ ਵੀ ਅਸਰ ਨਹੀਂ ਕਰਦੀ। ਮਾਮੇ ਨੂੰ ਮੈਂ ਹੱਥ ਦੇ ਇਸ਼ਾਰੇ ਨਾਲ ਕਿਹਾ ਸੀ। ਇਨ੍ਹਾਂ ਤਿਲ੍ਹਾਂ 'ਚ ਤੇਲ ਕਿੱਥੇ...।" ਤੂੰ ਮੇਰਾ ਹੱਥ ਛੰਡ ਦਿੱਤਾ ਸੀ ਤੇ ਹੱਸਦੀ ਹੋਈ ਕਮਰੇ 'ਚ ਚਲੀ ਗਈ ਸੀ। ਅੰਦਰ ਜਾ ਕੇ ਮਾਮੀ ਨਾਲ ਲੜਨ ਲੱਗ ਪਈ ਸੀ।"

"ਮੈਂ ਕਿਸੇ ਦਿਹਾੜੀਦਾਰ ਨਾਲ ਚਲੀ ਜਾਵਾਂਗੀ। ਉਸ ਡਾਕਟਰ ਦੇ ਬੱਚੇ ਨਾਲ ਨਹੀਂ ਜਾਣਾ। ਨਹੀਂ ਤੇ...।" ਉਦੋਂ ਵੀ ਮੇਰਾ ਹਾਸਾ ਨਿਕਲ ਆਇਆ ਸੀ। ਡਰਾਮਾ ਕਰਦੀ ਏ...। ਡਰਾਮੇਬਾਜ਼।"

"ਤੈਨੂੰ ਡਰਾਮੇਬਾਜ਼ ਲੱਗਦੀ ਹਾਂ। ਤੇ ਕਰ ਲੈ ਨਾ ਮੇਰੇ ਨਾਲ ਵਿਆਹ।"

ਵਿਆਹ ਉਹ ਵੀ ਤੇਰੇ ਨਾਲ... ਤੌਬਾ ਤੌਬਾ! ਮੈਨੂੰ ਜ਼ਹਿਰ ਖਾਣੀ ਮਨਜ਼ੂਰ ਏ। ਮੈਂ ਹੋਇਆ ਛੋਟਾ ਜਿਹਾ ਵਕੀਲ, ਦੋ ਦੋ ਰੁਪਏ ਇਕੱਠੇ ਕਰਨ ਵਾਲਾ। ਨੌਕਰੀ ਦੀ ਤਲਾਸ਼ 'ਚ ਭਟਕ ਰਿਹਾ ਹਾਂ। ਨਾ ਬਾਬਾ ਨਾ।" ਸੱਚਮੁੱਚ ਹੀ ਤੂੰ ਕਿੰਨੇ ਹੀ ਰਿਸ਼ਤੇ ਠੁਕਰਾਏ ਨੇ। ਮੈਂ ਜਾਣਦਾ ਹਾਂ, ਰਿਸ਼ਤਾ ਰੂਹ ਦਾ ਮੇਲ ਹੁੰਦੇ। ਆਤਮਾ ਦੀ ਆਵਾਜ਼। ਪਰ ਇੱਥੇ ਲਗਦੈ ਕਿ ਬਿੱਧਮਾਤਾ ਤੇਰੀ ਜੋੜੀ ਬਨਾਣ ਲੱਗਿਆਂ ਕਿਧਰੇ ਹੋਰ ਪਾਸੇ ਭਟਕ ਗਈ ਸੀ। ਰਹਿ ਗਈ ਤੂੰ ਭਟਕੀ ਰੂਹ। ਆਪਣੇ ਆਪ ਜੋਗੀ। ਆਪਣੇ ਸ਼ੌਕਾਂ ਨੂੰ ਪਾਲਣ ਵਾਲੀ ਸੌਂਕਣ। ਇਹ ਨਾਂ ਤੈਨੂੰ ਮੈਂ ਦਿੱਤਾ ਹੈ। ਸ਼ੌਂਕਣ। ਇਕ ਗੱਲ ਤੇਰੀ ਮੈਨੂੰ ਬੜੀ ਹੀ ਚੰਗੀ ਲੱਗਦੀ ਏ। ਜਦੋਂ ਵੀ ਮੈਂ ਆਪਣੇ ਮਨ ਪਸੰਦ ਦਾ ਕੋਈ ਕੱਪੜਾ ਲੱਤਾ ਖਰੀਦਦਾ ਹਾਂ ਤੇ ਰੱਬ ਜਾਣੇ ਪੈਂਦੇ ਫ਼ੱਟ ਦੀ ਮੇਰੀ ਨਜ਼ਰ ਉਸ ਚੀਜ਼ 'ਤੇ ਉਸ ਰੰਗ ਤੇ ਆ ਟਿੱਕਦੀ ਏ। ਜਿਵੇਂ ਬਦੋ ਬਦੀ ਤੂੰ ਆ ਕੇ ਉਹ ਚੀਜ਼ ਮੇਰੀਆਂ ਅੱਖਾਂ ਮੂਹਰੇ ਧਰ ਦੇਂਦੀ ਹੋਵੇ।

ਮੇਰੀ ਆਪਣੀ ਕਦੀ ਵੀ ਕੋਈ ਪਸੰਦ ਨਹੀਂ ਸੀ ਬਣਦੀ। ਕੇਵਲ ਤੇਰੇ ਦੱਸੇ ਹੋਏ ਰੰਗ ਮੇਰੇ ਜ਼ਿਸਮ ਤੇ ਹੁੰਦੇ ਨੇ। ਮੈਂ ਨਹੀਂ ਜਾਣਦਾ ਤੂੰ ਕਦੀ ਕਿਸੇ ਲਈ ਕੋਈ ਚੀਜ਼ ਖਰੀਦੀ ਏ ਜਾਂ ਨਹੀਂ ਪਰ ਮੇਰੇ ਲਈ ਜ਼ਰੂਰ ਲੈ ਕੇ



ਆਉਂਦੀ ਏਂ। ਦੇਸ਼ੋ ਵੀ ਮੇਰੇ ਲਈ ਕਦੀ ਕੁਝ ਨਹੀਂ ਲਿਆਉਂਦੀ। ਜਦੋਂ ਕੁਝ ਆਖਾਂ ਤੇ ਕਹਿੰਦੀ ਹੈ।

"ਤੁਹਾਡੀ ਪਸੰਦ ਸਾਨੀਆਂ ਭਲੀ ਭਾਂਤੀ ਜਾਣਦੀ ਏ।"

"ਮੇਰੀ ਪਸੰਦ ਜਾਣਦੀ ਨਹੀਂ ਹੈ। ਉਹ ਆਪਣੀ ਮਰਜ਼ੀ ਮੇਰੇ ਤੇ ਥੋਪਦੀ ਏ।"

"ਠੀਕ ਹੈ ਮੇਰੇ ਪੈਸੇ ਬਚ ਜਾਂਦੇ ਨੇ। ਭਲਾ ਹੋਵੇ ਬੇਚਾਰੀ ਦਾ। ਭਲਾ ਹੋਵੇ ਸਾਨੀਆਂ ਦੀਦੀ ਦਾ।" ਅੱਜ ਤੱਕ ਤੇ ਨਹੀਂ ਹੋਇਆ। ਮਰੇਗੀ ਇਕੱਲੀ। ਮੇਰੀ ਛਾਤੀ ਤੇ ਮੂੰਗ ਦਲ਼ਦੀ ਦਲ਼ਦੀ ਭੂਤਣੀ ਬਣ ਕੇ ਵੀ ਮੇਰੇ ਅੱਗੇ ਪਿੱਛੇ ਮੰਡਲਾਉਂਦੀ ਰਹੇਗੀ।

"ਅੱਜ ਦੇਸ਼ੋ ਨੇ ਤੈਨੂੰ ਮੇਰੇ ਲਈ ਬਦਲਾ ਲੈਣ ਲਈ ਘੱਲਿਆ ਏ। ਬੈੱਡ ਤੇ ਲੇਟੀ ਲੇਟੀ ਵੀ ਤੇਰੇ ਜੋਗੀ ਬਹੁਤ ਹਿੰਮਤ ਰੱਖਦੀ ਹਾਂ। ਤੈਨੂੰ ਨਹੀਂ ਛੱਡ ਸਕਦੀ। ਸੱਚ ਦਸ ਕਿਉਂ ਆਇਆ ਏਂ, ਮੈਨੂੰ ਵੇਖਣ ਜਾਂ ਮੇਰੀ ਜ਼ਿੰਦਗੀ ਦੇ ਪੰਨ੍ਹੇ ਫ਼ਰੋਲਦਾ ਫ਼ਰੋਲਦਾ ਕਿਸੇ ਨਿਸ਼ਚੇ ਤੇ ਨਹੀਂ ਸੀ ਅੱਪੜ ਪਾਇਆ। ਅਪੜਦਾ ਵੀ ਕਿੰਝ।

"ਤੂੰ ਜਾਣ ਬੁੱਝ ਕੇ ਲੋਕਾਂ ਵਿਚ, ਉਨ੍ਹਾਂ ਘਾਟਾਂ ਨੂੰ ਵੇਖਦੀ ਸੀ ਜਾਂ ਵਾਸਤਵ ਵਿਚ ਉਨ੍ਹਾਂ ਲੋਕਾਂ 'ਚ ਉਹ ਕਮੀਆਂ ਹੁੰਦੀਆਂ ਸਨ? ਜਿੱਥੋਂ ਤੱਕ ਮੈਂ ਜਾਣਦਾ ਹਾਂ ਕਮੀ ਹਰ ਆਦਮੀ ਵਿਚ ਹੁੰਦੀ ਹੈ। ਕਿਸੇ ਵਿਚ ਜਿਸਮਾਨੀ ਤੇ ਕਿਸੇ ਨੂੰ ਕਿਸੇ ਚੀਜ਼ ਦਾ ਫ਼ੋਬੀਆ ਪਰ ਫਿਰ ਵੀ ਕਿਧਰੇ ਨਾ ਕਿਧਰੇ ਸਮਝੌਤਾ ਕਰਨਾ ਪੈਂਦਾ ਹੈ। ਘਰ 'ਚ ਪਰਿਵਾਰ 'ਚ। ਜਿੱਥੇ ਕਿਧਰੇ ਕੰਮ ਕਰਦੇ ਹਾਂ। ਆਲੇ ਦੁਆਲੇ ਵੀ। ਬਦਲਣਾ ਤੁਹਾਡੇ ਹੱਥ ਵਿਚ ਨਹੀਂ ਹੈ।"

"ਦੂਰੋਂ ਸਲਾਮ ਕਹਿ ਕੇ ਆਪਣੇ ਆਪ ਵਿਚ ਰਹਿਣਾ ਮੈਨੂੰ ਚੰਗਾ ਨਹੀਂ ਲੱਗਦੈ।" ਥੋੜ੍ਹੀ ਦੇਰ ਰੁਕਣ ਮਗਰੋ ਉਹ ਕਹਿਣ ਲੱਗੀ।

"...ਪਰ ਇੱਥੇ ਮਸਲਾ ਹੈ, ਪੂਰੀ ਹਯਾਤੀ ਕਰਿਜਣ ਨਾਲੋਂ ਇਕ ਨਾਂਹ ਤੇ ਸੋ ਸੁੱਖ...।"

"ਨਤੀਜਾ ਕੀ ਨਿਕਲਿਆ...।"

"ਦੇਸ਼ੋ ਦੀ ਭੈਣ ਦਾ ਕੀ ਬਣਿਆ। ਕਿਸ ਗੱਲੋਂ ਘਟ ਸੀ। ਮਾਂ ਨਹੀਂ ਬਣ ਪਾਈ। ਆ ਬੈਠੀ ਭੱਜੀ ਬਾਂਹ ਲੈ ਕੇ ਮਾਂ ਬਾਪ ਦੇ ਘਰ। ਹੋਰ ਕੀ ਕਰਦੀ।"

"ਇੱਥੇ ਤੂੰ ਮਰਦਾਂ ਵਾਂਗ ਸੋਚ ਰਿਹਾ ਏਂ। ਮੈਂ ਜਾਣਦੀ ਹਾਂ। ਨੁਕਸ ਉਹਦੇ ਘਰ ਵਾਲੇ ਵਿਚ ਸੀ। ਦੂਜੇ ਵਿਆਹ ਮਗਰੋਂ ਵੀ ਉਹਦੀ ਝੋਲੀ ਖ਼ਾਲੀ ਹੀ ਰਹੀ। ਦੇਸ਼ੋ ਦੀ ਭੈਣ ਨੇ ਤੇ ਆਪਣੇ ਆਪ ਨੂੰ ਵੱਖ ਕਰਕੇ ਸਕੂਨ ਪ੍ਰਾਪਤ ਕੀਤਾ। ਨੌਕਰੀ ਕਰਦੀ ਏ। ਕਿਸੇ ਅੱਗੇ ਹੱਥ ਨਹੀਂ ਅੱਡਦੀ।" ਸਾਨੀਆਂ ਦੀਆਂ ਅੱਖਾਂ ਵਿਚ ਕੁਝ ਚਮਕ ਰਿਹਾ ਸੀ। ਹੋ ਸਕਦੈ ਅੱਥਰੂ ਹੋਣ। ਹੋ ਸਕਦੇ ਨਮ ਅੱਖਾਂ ਦੀ ਆਪਣੀ ਚਮਕ। ਉਹਦੇ ਅੰਦਰ ਨੂੰ ਕਿਸ ਪੜ੍ਹਿਆ। ਉਹਦੇ ਮਨ 'ਚ ਪਹਿਲਾਂ ਆਪਣੀ ਭਾਵਨਾ ਹੁੰਦੀ। ਲਾਲਸਾ ਨਾਲ ਭਰੀ ਹੋਈ ਭਾਵਨਾ ਅੱਜ ਜਿਵੇਂ ਮੈਂ ਉਸ ਤੋਂ ਉਹਦੀ ਬੀਤੀ ਜ਼ਿੰਦਗੀ ਨੂੰ ਕੁਰੇਦਣ ਲਈ ਠਾਨ ਲਈ ਸੀ। ਮੈਂ ਕਦੀ ਸਾਨੀਆਂ ਨੂੰ ਨਾਹ ਨਹੀਂ ਕਿਹਾ। ਮੈਨੂੰ ਵੀ ਮੇਰੀ ਨਾਂਹ ਦਾ ਅੱਜ ਜਵਾਬ ਜਿਵੇਂ ਵਾਰ ਵਾਰ ਮੇਰੇ ਅੱਗੇ ਉਸਲਵੱਟੇ ਲੈ ਰਿਹਾ ਸੀ।

"ਦਰਾਂ ਦਾ ਮੁੰਡਾ ਭੂਸ਼ਨ ਲਾਲ ਵੀ ਤੇਰਾ ਦੋਸਤ ਸੀ। ਉਹਨੇ ਤੈਨੂੰ ਹੱਥ ਮੰਗਿਆ ਸੀ। ਤੂੰ ਉਹਦਾ ਹੱਥ ਪਟਕ ਦਿੱਤਾ। ਗੋਆ 'ਚ ਤੁਸੀਂ ਇਕ ਹਫ਼ਤਾ ਰਹਿ ਕੇ ਆਏ ਸੀ।"

"ਭੂਸ਼ਨ ਇਕ ਲਾਲਚੀ ਸੀ। ਉਹ ਮੇਰੇ ਮੋਢਿਆਂ ਤੇ ਤਰੱਕੀ ਦੇ ਸੁਪਨੇ ਵੇਖਦਾ ਸੀ। ਪੈਸਿਆਂ ਦੀ ਉਹਨੂੰ ਕਮੀ ਨਹੀਂ ਸੀ। ਅਕਲ ਬਾਝੋਂ ਖੂਹ ਖਾਲ਼ੀ। ਕਸ਼ਮੀਰੀ ਪੰਡਤ ਆਪਣੇ ਜੋਗੇ ਹੀ ਹੁੰਦੇ ਨੇ। ਉਹਦਾ ਬਾਪ ਸਿਆਸੀ ਦਾਅ ਪੇਚ ਜਾਣਦਾ ਸੀ। ਬਾਪੂ ਦੀ ਪਹੁੰਚ ਉਨ੍ਹਾਂ ਤੋਂ ਲੁਕੀ ਨਹੀਂ ਸੀ। ਉਹ ਕਿਧਰੇ ਮੰਗਿਆ ਵੀ ਗਿਆ ਸੀ। ਗੋਆ 'ਚ ਅਸੀਂ ਇਕੱਠੇ ਕੇਵਲ ਘੁੰਮੇ ਹਾਂ। ਮੇਰੇ ਨਾਲ ਮੇਰੀ ਦੋਸਤ ਜਿਹੜੀ ਦਿੱਲੀ

ਵਿਸ਼ਵਵਿਦਿਆਲੇ 'ਚ ਪੜ੍ਹਾ ਰਹੀ ਹੈ ਉਹ ਵੀ ਸੀ। ਬੜੀ ਖਰਾਂਟ ਔਰਤ ਡਾ. ਨਸੀਮਾ। ਗੱਲ ਬਾਤ ਵਿਚ ਵੀ ਭੂਸ਼ਨਾ ਕਦੀ ਭੂਸ ਨਹੀਂ ਬਣ ਪਾਇਆ।"

"ਨੀਰ ਅਬਾਸੀ ਵੀ ਤੇਰੀ ਜ਼ਿੰਦਗੀ 'ਚ ਆਇਆ ਸੀ। ਉਹ ਰੱਜੇ ਪੁੱਜੇ ਘਰ ਦਾ ਸੀ। ਪੂਰੀ ਵੈਲੀ 'ਚ ਉਨ੍ਹਾਂ ਦਾ ਕਾਰੋਬਾਰ ਫ਼ੈਲਿਆ ਹੈ। ਦਿੱਲੀ ਅਤੇ ਮੁੰਬਈ ਜਿਹੇ ਵੱਡੇ ਸ਼ਹਿਰਾਂ ਵਿਚ ਵੀ। ਕਈ ਵੱਡੀਆਂ ਕੰਪਨੀਆਂ ਦੇ ਮਾਲਕ।"

"ਅਬਾਸੀ ਨੂੰ ਮੈਂ ਦਿਲੋਂ ਚਾਹਿਆਂ ਸੀ। ਅਸੀਂ ਦਿੱਲੀ ਦੇ ਵੱਡੇ ਹੋਟਲ ਪੰਜ ਤਾਰਾ ਹੋਟਲ 'ਚ ਦੋ ਦਿਨ ਰਹੇ। ਉੱਥੇ ਵੀ ਪੂਰੇ ਦੋ ਦਿਨ ਨਸੀਮਾ ਤੇ ਮੈਂ ਇਕ ਕਮਰੇ 'ਚ ਠਹਿਰੇ। ਮੈਂ ਕਿਸੇ ਸੈਮੀਨਾਰ'ਚ ਜਾਣਾ ਸੀ। ਅੰਬਾਸੀ ਵੀ ਨਾਲ ਆ ਗਿਆ। ਉਹਨੂੰ ਸਾਡੇ ਕਿਸੇ ਵੀ ਸੈਮੀਨਾਰ 'ਚ ਦਿਲਚਸਪੀ ਨਹੀਂ ਸੀ। ਕੇਵਲ ਆਪਣੇ ਬਿਸਨੈਸ ਨੂੰ ਲੈ ਕੇ ਸੋਚਦਾ ਸੀ। ਹੋਟਲ ਵਿਚ ਆਪਣੇ ਨਾਲ ਉਹਨੇ ਇਕ ਔਰਤ ਰਾਤੀ ਲਈ ਖਰੀਦ ਲਈ ਸੀ। ਉਹਦੀਆਂ ਸਾਰੀਆਂ ਕਮਜ਼ੋਰੀਆਂ ਇਕ ਇਕ ਮੇਰੇ ਸਾਹਮ੍ਹਣੇ ਖੁੱਲ੍ਹਣ ਲੱਗੀਆਂ। ਉਹ ਪਹਿਲਾਂ ਹੀ ਆਪਣੇ ਮਾਮੇ ਦਾ ਮੈਡੀਕਲ ਚੈੱਕਅੱਪ ਕੀਤਾ। ਫ਼ਾਇਲ ਤੇ ਲਿਖਦਿਆਂ ਕਹਿਣ ਲੱਗਾ,

"ਵੱਡੀ ਮੰਮਾ ਹੁਣ ਤੁਸੀਂ ਠੀਕ ਹੋ। ਦਵਾਈ ਅਜੇ ਇਹੋ ਚਲੇਗੀ।" ਮਨਪ੍ਰੀਤ ਨੇ ਸਾਨੀਆਂ ਦੇ ਭਰਾ ਜਿਹੜਾ ਇਕ ਮੰਨਿਆ ਹੋਇਆ ਫ਼ੀਜੀਸ਼ੀਅਨ ਸੀ ਉਹਨੂੰ ਫ਼ੋਨ ਤੇ ਸਾਰੀ ਗੱਲ ਦੱਸੀ। ਉਹਨੂੰ ਵੀ ਤਸੱਲੀ ਹੋ ਗਈ ਸੀ। ਸਾਨੀਆਂ ਨੇ ਉਹਨੂੰ ਇਕ ਚੈੱਕ ਦੇਂਦਿਆਂ ਕਿਹਾ।

"ਹੋਸਟਲ ਦੀ ਫ਼ੀਸ ਅਤੇ ਖਰਚ ਲਈ ਨੇ। ਸਮਾਂ ਮਿਲਿਆ ਤੇ ਮੇਰੀ ਕਾਰ ਵੀ ਚੈਕ ਕਰਵਾ ਲਵੀਂ। ਲੈ ਜਾ। ਫ਼ੋਨ ਕਰਦੇ ਰਹਿਣਾ।" ਸਾਨੀਆ ਨੇ ਮਨਪ੍ਰੀਤ ਨੂੰ ਗੋਦ ਲਿਆ ਸੀ। ਬਚਪਨ ਤੋਂ ਹੀ ਉਹਦੀ ਪੜ੍ਹਾਈ ਅਤੇ ਜ਼ਰੂਰਤ ਦਾ ਸਾਰਾ ਖਰਚ ਕਰਦੀ ਸੀ। ਇਸ ਵੇਲੇ ਮਨਪ੍ਰੀਤ ਸਪੈਸ਼ਲਿਸਟ ਹੋਣ ਦੀ ਡਿੱਗਰੀ ਕਰਦਾ ਸੀ। ਸਾਨੀਆ ਵੀ ਜਿਵੇਂ ਉਤਾਵਲੀ ਹੋ ਰਹੀ ਸੀ। ਆਪਣੀ ਹੱਯਾਤੀ ਦਾ ਅਸਲੀ ਸੱਚ ਦੱਸਣ ਨੂੰ। ਸਾਨੀਆ ਨਾਲ ਰਹਿ ਕੇ ਉਹਦਾ ਮਿਤ੍ਰ-ਸਖਾ ਬਣ ਕੇ ਵੀ ਇਹ ਭੇਦ ਮੈਂ ਨਹੀਂ ਸੀ ਜਾਣਦਾ। ਸ਼ੈਦ ਕੋਈ ਹੋਰ ਵੀ ਨੀ ਸੀ ਜਾਣਦਾ। ਉਹਦੀ ਹਰ ਘਟਨਾ ਪਿੱਛੇ ਕੋਈ ਨਾ ਕੋਈ ਗਵਾਹ ਵੀ ਸੀ। ਉਹ ਆਪ ਮੁਹਾਰੇ ਕਹਿਣ ਲੱਗੀ।

"ਮੇਰੀ ਹਯਾਤੀ ਦਾ ਅਹਿਮ ਮੋੜ ਗੁਰਮੇਲ ਵੱਲ ਮੁੜਦਾ ਹੈ। ਗੁਰਮੇਲ ਇਕ ਸਿਦਕੀ ਅਤੇ ਮਿਹਨਤੀ ਆਪਣੇ ਪੈਰਾਂ ਤੇ ਖੜੋਣ ਵਾਲਾ ਵਿਅਕਤੀ ਹੈ। ਉਹਨੇ ਜ਼ਿੰਦਗੀ ਵਿਚ ਕਈ ਦੁੱਖ ਤਕਲੀਫ਼ਾ ਵੇਖੀਆਂ। ਉਹ ਸਾਹਸੀ ਸੀ। ਉਸ ਨਾਲ ਵੀ ਮੇਰੀ ਮੁਲਾਕਾਤ ਇਕ ਸੈਮੀਨਾਰ 'ਚ ਹੋਈ ਸੀ। ਉਹ ਔਰਤ ਦੀ ਇਜ਼ਤ ਕਰਦਾ ਸੀ। ਉਹ ਮੇਰੇ ਮਨ ਨੂੰ ਭਾਅ ਗਿਆ ਸੀ। ਖ਼ੌਰੇ ਕਦੋਂ ਦਾ ਪੱਗ ਬੰਨ੍ਹਣ ਵਾਲਾ ਪੱਗ ਨੂੰ ਲਾਹ ਕੇ ਅਲਮਾਰੀ ਵਿਚ ਬੰਦ ਕਰ ਗਿਆ ਸੀ। ਇਹ ਗੱਲ ਮੈਨੂੰ ਅਖ਼ਰੀ ਨਹੀਂ ਸੀ। ਨਵੇਕਲੀ ਤਬੀਅਤ ਦਾ ਮਾਲਕ ਸੀ। ਜਿਸ ਗੱਲ ਦਾ ਠਾਣ ਲਿਆ ਕਰਕੇ ਹੀ ਦਮ ਲੈਂਦਾ ਸੀ। ਇਕ ਸੈਮੀਨਾਰ ਵਿਚ ਉਹ ਇੱਥੇ ਵੀ ਆਇਆ ਸੀ। ਨਸੀਮਾ ਤੇ ਉਹ ਦੋਵੇਂ ਇਕ ਰਾਤ ਸਾਡੇ ਘਰ ਠਹਿਰੇ ਸੀ। ਬਾਪੂ ਤੇ ਮਾਂ ਖੁਸ਼ ਸਨ। ਮੈਨੂੰ ਸੈਮੀਨਾਰਾਂ ਵਿਚ ਜਾਣ ਤੋਂ ਪਹਿਲਾਂ ਮੇਰਾ ਪਰਚਾ ਚੈਕ ਕਰਦੇ ਸੀ। ਉਹ ਇਸ ਗੱਲੋਂ ਵੀ ਖੁਸ਼ ਸਨ ਕਿ ਮੈਂ ਆਪਣੇ ਵਿਭਾਗ ਵਿਚ ਚੰਗੀ ਜਗ੍ਹਾ ਬਣਾ ਲਈ ਏ। ਖੌਰੇ ਉਦੋਂ ਗੁਰਮੇਲ ਨੂੰ ਕੀ ਸੁੱਝਿਆ ਤੇ ਉਹਨੇ ਬਾਪੂ ਪਾਸ ਆ ਕੇ ਮੇਰਾ ਹੱਥ ਮੰਗ ਲਿਆ ਸੀ। ਬਾਪੂ ਨੇ ਮੇਰੇ ਹੱਸਣ ਤੋਂ ਕੁਝ ਹੋਰ ਸਮਝ ਲਿਆ ਸੀ। ਬਸ ਬਾਪੂ ਆਪਣੀ ਆਨ-ਸ਼ਾਨ ਅਤੇ ਬਰਾਦਰੀ, ਭਾਈਚਾਰੇ, ਲੋਕ ਕੀ ਸੋਚਣਗੇ। ਮੁੰਡਾ ਬਿਨ੍ਹਾਂ ਪੱਗ ਦੇ, ਜ਼ਾਤ ਪਾਤ ਦੇ ਭੇਦ ਸੋਚਦੇ ਸੋਚਦੇ ਬਾਪੂ ਚੁੱਪ ਹੋ ਗਏ ਸੀ। ਉਨ੍ਹਾਂ ਨੇ ਗੁਰਮੇਲ ਨਾਲ ਨਾ ਹੱਥ ਮਿਲਾਇਆ ਅਤੇ ਨਾ ਹੀ ਕੋਈ ਉੱਤਰ ਦਿੱਤਾ। ਸਾਰੇ ਘਰ ਵਾਲੇ ਨਿਰਉੱਤਰੇ ਹੋ ਗਏ ਸੀ। ਅਸੀਂ ਦੂਜੇ ਦਿਨ ਨਿਸਚਿਤ ਰਹਿਣ



ਵਾਲੀ ਥਾਂ ਤੇ ਹੀ ਰਹੇ। ਤੀਜੇ ਦਿਨ ਮੈਂ ਉਨ੍ਹਾਂ ਨੂੰ ਹਵਾਈ ਅੱਡੇ ਤੇ ਅਲਵਿਦਾ ਆਖੀ।

ਮੇਰੀ ਜ਼ਿੰਦਗੀ ਦਾ ਇਹ ਅਜਿਹਾ ਮੋੜ ਸੀ ਜਿੱਥੇ ਅੱਪੜ ਕੇ ਮੇਰੇ ਸਾਰੇ ਰਸਤੇ ਖੁੱਲ੍ਹਦੇ ਖੁੱਲ੍ਹਦੇ ਬੰਦ ਹੋ ਗਏ ਸੀ। ਸ਼ੈਦ ਕਿਸੇ ਤਿਲਿਸਮੀ ਤਾਲੇ ਨਾਲ। ਸਾਡੀ ਮੁਲਾਕਾਤ ਕਦੀ ਨਾ ਕਈ ਸੈਮੀਨਾਰਾਂ 'ਚ ਹੋ ਜਾਂਦੀ। ਬਸ ਕੇਵਲ ਰਸਮੀ ਦੁਆ ਸਲਾਮ ਤੱਕ ਹੀ ਸੀਮਤ ਰਹਿੰਦੇ। ਮੈਂ ਆਪਣੀ ਵਾਰੀ ਦੀ ਖਾਨਾ ਪੂਰਤੀ ਕਰਕੇ ਝੱਟ ਮੁੜ ਆਉਂਦੀ। ਗੁਰਮੇਲ ਬਾਹਰਲੇ ਕਿਸੇ ਵਿਸ਼ਵਵਿਦਿਆਲੇ 'ਚ ਚਲਾ ਗਿਆ ਸੀ। ਉਹ ਆਪਣਾ ਮੁਲਕ ਆਪਣੇ ਸੁਪਨੇ ਇੱਥੇ ਹੀ ਦਫ਼ਨ ਕਰ ਗਿਆ ਸੀ। ਮੈਂ ਵੀ ਬਾਹਰ ਜਾਣ ਲਈ ਸੋਚਿਆ ਸੀ, ਨਹੀਂ ਗਈ। ਇਕ ਡਰ ਲੱਗਦਾ ਸੀ ਕਿ ਕਿੱਧਰੇ ਮੁੜ ਗੁਰਮੇਲ ਨਾਲ ਮੇਰਾ ਮੋਹ ਨਾ ਜਾਗੇ। ਮੇਰਾ ਮੋਹ ਮਰਿਆ ਨੀ ਸੀ। ਉਹਨੇ ਕੁਝ ਜਲਦਬਾਜ਼ੀ ਕਰ ਲਈ ਸੀ। ਮੈਂ ਆਪਣੇ ਆਪ ਨਾਲ ਸਮਝੌਤਾ ਕਰ ਲਿਆ। ਮੈਂ ਲਾਗੇ ਹੀ ਨਵੀਂ ਕਲੋਨੀ 'ਚ ਆਪਣਾ ਨਵੇਕਲਾ ਪਲਾਟ ਖਰੀਦ ਲਿਆ ਸੀ। ਤੂੰ ਜਾਣਦੈਂ ਵੀਰੇ। ਸਾਰੇ ਕਾਗਜ਼ ਤੇ ਤੂੰ ਹੀ ਤਿਆਰ ਕੀਤੇ ਸੀ। ਇਹ ਘਰ ਛੱਡਣਾ ਚਾਹੁੰਦੀ ਸੀ। ਬਾਪੂ ਅਤੇ ਮੇਰੇ ਦੋਨਾਂ ਭਰਾਵਾਂ ਵਿਚ ਕੁਝ ਚਰਚਾ ਹੋ ਰਹੀ ਸੀ। ਦੋਨਾਂ ਭਾਈਆਂ ਦੀਆਂ ਕੋਠੀਆਂ ਤਿਆਰ ਹੋ ਚੁੱਕੀਆਂ ਸੀ। ਉਨ੍ਹਾਂ ਸਾਰਿਆਂ ਨੇ ਮੈਨੂੰ ਇੱਥੇ ਰਹਿਣ ਲਈ ਮਜਬੂਰ ਕਰ ਲਿਆ।

ਕੀ ਸੀ ਇਹ ਮੇਰੀ ਅੱਤ ਜਾਂ ਜੋ ਕੁਝ ਮੇਰੇ ਨਾਲ ਵਾਪਰਿਆ ਹੋਇਆ ਅੱਤ। ਮੈਨੂੰ ਵੀਰੇ ਇਸ ਗੱਲ ਦੀ ਵੀ ਹੈਰਾਨੀ ਹੁੰਦੀ ਹੈ ਕਿ ਤੂੰ ਅਜੇ ਤੱਕ ਕਈ ਸਵਾਲਾਂ ਦਾ ਪੁਲੰਦਾ ਲੈ ਕੇ ਮਨ 'ਚ ਬੈਠਾ ਸੀ। ਤੇਰੇ ਨਾਲ ਤੇ ਮੇਰੀ ਹਰ ਮੋੜ 'ਤੇ ਸਾਂਝ ਸੀ। ਇਹ ਸਾਂਝ ਸ਼ੱਕ ਵਰਗੀ ! ਤੈਨੂੰ ਤੇ ਮੈਂ ਹਰ ਗੱਲ ਮਨ ਦੀ ਗੱਲ ਦਸ ਕੇ ਜਾਂਦੀ ਸੀ। ਘਰ ਮੁੜਨ ਤੇ ਵੀ ਦਸਦੀ ਸੀ। ਤੇਰੇ ਨਾਲ ਗੱਲ ਕਰਕੇ ਜਾਂ ਗੱਲਾਂ ਦੱਸਦਿਆਂ ਹੋਇਆਂ ਮੇਰੇ ਕਾਲਜੇ ਠੰਢ ਪੈਂਦੀ ਸੀ। ਮਨਪ੍ਰੀਤ ਨੂੰ ਵੀ ਲੈ ਕੇ ਤੇਰੇ ਅੰਦਰ ਕੁਝ ਸਵਾਲ ਹੋਣਗੇ ਪਰ ਤੂੰ ਮੇਰੇ ਅੱਗੇ ਚੁਪ ਰਿਹਾ। ਦੇਸ਼ੋ ਨਾਲ ਵੀ ਮੇਰੀ ਸਾਂਝ ਹੈ। ਉਹ ਸਾਰੀਆਂ ਗੱਲਾਂ ਜਾਣਦੀ ਏ। ਉਹ ਗੱਲਾਂ ਵੀ ਜਿਹੜੀਆਂ ਇਕ ਔਰਤ ਦੀਆਂ ਔਰਤਪਨ ਦੀਆਂ ਹੁੰਦੀਆਂ ਨੇ।

"ਸਾਨੀਆਂ ਇਹ ਸਾਰੀਆਂ ਗੱਲਾਂ ਮੈਨੂੰ ਹੋਰਨਾਂ ਤੋਂ ਪਤਾ ਲੱਗੀਆਂ ਸੀ। ਤੇਰੇ ਆਲੇ-ਦੁਆਲੇ ਉੱਠ ਰਹੀ ਧੂੜ ਤੋਂ। ਨਹੀਂ ਜਾਣਦਾ ਕਿ ਤੈਨੂੰ ਇਸ ਧੂੜ ਨੇ ਰੋਲ਼ਿਆ ਜਾਂ ਤੇਰੇ ਕਰੀਬੀਆਂ ਨੇ।" ਤਾਨੀਆਂ ਨਿੰਮਾ-ਨਿੰਮਾ ਜਿਹਾ ਹੱਸ ਰਹੀ ਸੀ। ਦੇਸ਼ੋ ਨੂੰ ਉਹਨੇ ਇਥੇ ਕਦੋਂ ਫ਼ੋਨ ਕੀਤਾ ਸੀ ਪਤਾ ਨਹੀਂ ਚੱਲਿਆ। ਦੇਸ਼ੋ ਆ ਗਈ ਸੀ। ਅਸੀਂ ਸਾਰਾ ਦਿਨ ਸਾਨੀਆਂ ਦੇ ਘਰ ਹੀ ਰਹੇ। ਉਸ ਘਰ 'ਚ ਜਿੱਥੇ ਰਘੂ ਮਾਮਾ ਪ੍ਰੋ. ਰਘਬੀਰ ਸਿੰਘ ਆਪਣੇ ਭਰੇ ਹੋਏ ਘਰ 'ਚ ਆਪਣੇ ਸਾਥੀਆਂ ਨਾਲ ਬੈਠਕਾਂ ਮਾਣਦਾ। ਲੋਕਾਂ ਦੇ ਨਿੱਕੇ ਨਿੱਕੇ ਨੁਕਤੇ, ਮਸਲੇ ਹੱਸ ਕੇ ਨਿਪਟਾ ਲੈਂਦਾ। ਹਰ ਕਿਸੇ ਦੇ ਕੰਮ ਦਾ ਨਿਬੇੜਾ ਕਰਦਾ। ਸਾਨੀਆਂ ਲਈ ਉਹਨੇ ਕਿਉਂ ਚੁੱਪੀ ਧਾਰ ਲਈ ਸੀ। ਤੈਨੂੰ ਲਗਦਾ ਅਜੇ ਵੀ ਪ੍ਰੋ. ਰਘਬੀਰ ਸਿੰਘ ਦੇ ਸਾਮ੍ਹਣੇ ਸਾਨੀਆਂ ਦੀ ਫ਼ਾਇਲ ਕਿਸੇ ਫ਼ੈਸਲੇ ਲਈ ਉਡੀਕ ਰਹੀ ਏ। ਸ਼ੈਦ ਇਹੋ ਹੋਣਾ। ਹੋਰ ਕੁਝ ਵੀ...?

ਸਾਨੀਆਂ ਦੇਸ਼ੋ ਨਾਲ ਹੰਸੂ ਹੰਸੂ ਕਰਦੀ ਹੋਈ ਬਿਸਤਰਾ ਛੱਡ ਕੇ ਕਿਚਨ 'ਚ ਰੁਝ ਗਈ ਸੀ। ਮੈਂ ਬਾਹਰ ਲਾਨ 'ਚ ਇਕ ਕੁਰਸੀ 'ਤੇ ਬੈਠ ਗਿਆ। ਮੇਰੀ ਨਜ਼ਰ 'ਚ ਸਾਰੀ ਕੋਠੀ। ਕੋਠੀ ਵਿਚਲੇ ਭਾਂਅ ਭਾਂਅ ਕਰਦੇ ਕਮਰੇ। ਸਾਨੀਆਂ ਮੇਰੇ ਸਾਹਮਣੇ ਚਾਹ ਲੈ ਕੇ ਖੜੋਤੀ ਹੋਈ ਮੈਨੂੰ ਵੇਖ ਰਹੀ ਸੀ। ਮੇਰੀਆਂ ਅੱਖਾਂ ਵਿਚਲੇ ਅੱਥਰੂ ਸਾਨੀਆਂ ਨੇ ਵੇਖ ਲਏ ਸੀ। ਸਾਨੀਆਂ ਮੈਨੂੰ ਕਲਾਵਾ ਮਾਰ ਕੇ ਅੰਦਰ ਲੈ ਗਈ। ਕਹਿਣ ਲੱਗੀ,

"ਮੈਂ ਅਜਾਈਂ ਮਰਨ ਵਾਲੀ ਨਹੀਂ ਹਾਂ।" ਮੈਨੂੰ ਖੌਰੇ ਅੱਜ ਕਿਉਂ ਅਜੀਬ ਜਿਹਾ ਲੱਗ ਰਿਹਾ ਸੀ। ਸਾਨੀਆਂ ਦਾ ਖੰਗਾਲਿਆ ਸੱਚ। ਮਦਾਨੀ ਨਾਲ ਰਿੜਕਿਆ ਸੱਚ। ਨਿਰਣੇ ਲੈਣਾ ਇਨ੍ਹਾਂ ਕਠਨ ਹੁੰਦੈ ! ਕਠੋਰ ਹੁੰਦੈ। ਅਪੜਨਾ ਕਿਧਰੇ ਵੀ ਦਿਸ ਹੱਦੇ ਜਾਪਦੈ। (**ਸੰਪਰਕ-94197-95923**)

# ਕਹਾਣੀ / ਪੇਜ ਨੰਬਰ ਦੋ ਸੌ ਛਪੰਜਾ/- ਦਵਿੰਦਰ ਮੰਡ

ਆਨੰਦ ਮੂਰਤੀ ਦੇ ਵਿਆਹ ਦੇ ਅਜੇ ਛੇ ਮਹੀਨੇ ਹੀ ਹੋਏ ਸਨ ਕਿ ਅਪੂਰਵਾ ਨੂੰ ਪਤਾ ਨਹੀਂ ਕੀ ਹੋ ਗਿਆ। ਮੁਹੱਲੇ ਵਾਲੇ ਗੱਲਾਂ ਕਰਦੇ। ਕੋਈ ਕਹਿੰਦਾ "ਸ਼ਹੀਦ ਚੁੰਬੜ ਗਏ" ਤੇ ਕੋਈ ਕਹਿੰਦਾ ਭੂਤ ਪ੍ਰੇਤਾਂ ਦਾ ਸਾਇਆ।"

ਅਪੂਰਵਾ ਵੀ ਚੁਪ ਚਾਪ ਟਿਕਟਿਕੀ ਲਾ ਕੇ ਦੇਖੀ ਜਾਂਦੀ। ਕਦੇ ਕੋਈ ਗਿਲਾਸ ਭੰਨ੍ਹ ਦਿੰਦੀ, ਕਦੀ ਦੁੱਧ ਦਹੀਂ ਡੋਲ੍ਹ ਦਿੰਦੀ। ਇਕ ਦਿਨ ਘਰ 'ਚ ਬਣਾਈ ਖਿਚੜੀ ਉਹਨੇ ਕੰਧਾਂ ਨਾਲ ਲਾ ਲਾ ਖ਼ਰਾਬ ਕਰ ਦਿੱਤੀ। ਪਤੀ ਆਨੰਦ-ਮੂਰਤੀ ਇੰਨਾ ਪੜ੍ਹਿਆ ਲਿਖਿਆ ਉਹਨੂੰ ਵੀ ਅਪੂਰਵਾ ਦੀ ਇਸ ਸਥਿਤੀ ਬਾਰੇ ਉੱਕਾ ਗਿਆਨ ਨਾ ਸੀ।

................

...ਸ਼ਹਿਰੀ ਸਭਿਆਚਾਰ ਵਿਚ ਜੰਮੇ ਪਲ਼ੇ ਆਨੰਦ ਮੂਰਤੀ ਨੂੰ ਇਤਿਹਾਸ ਵਿਸ਼ੇ ਵਿਚ ਕਾਫ਼ੀ ਦਿਲਚਸਪੀ ਸੀ। ਮੈਟ੍ਰਿਕ ਤੋਂ ਲੈ ਕੇ ਐਮ. ਏ. ਤੱਕ ਇਸ ਵਿਸ਼ੇ 'ਚ ਉਸਨੇ ਵਾਹਵਾ ਖੱਟੀ ਸੀ। ਪਹਿਲਾ ਦਰਜਾ ਤਾਂ ਇਕ ਪਾਸੇ ਉਸਨੇ ਤਾਂ ਮੈਰਿਟ ਵਿਚ ਆ ਕੇ ਆਪਣੇ ਘਰ, ਸ਼ਹਿਰ ਅਤੇ ਕਾਲਜ ਦਾ ਨਾਂ ਉੱਚਾ ਕਰ ਦਿੱਤਾ ਸੀ। ਉਸਨੇ ਛੇਤੀ ਹੀ ਯੂਨੀਵਰਸਿਟੀ ਗਰਾਂਟ ਕਮਿਸ਼ਨ ਦਾ ਟੈਸਟ ਵੀ ਪਾਸ ਕਰ ਲਿਆ ਸੀ। ਉਹਨੂੰ ਕੋਈ ਕਾਲਜ ਵਿਚ ਅਧਿਆਪਕ ਲੱਗਣ ਦੀ ਕਾਹਲ ਨਾ ਸੀ ਕਿਉਂਕਿ ਮਾਂ-ਪਿਓ ਦੋਵੇਂ ਨੌਕਰੀ ਪੇਸ਼ਾ ਸਨ। ਘਰ ਵਿਚ ਪੈਸੇ ਦੀ ਕਮੀ ਨਹੀਂ ਸੀ। ਮਾਂ ਉਹਦੀ ਕਈ ਵਾਰ ਕਹਿ ਚੁੱਕੀ ਸੀ, "ਪੁੱਤਰ ! ਜਿੰਨਾ ਮਰਜੀ ਪੜ੍ਹ ਲੈ, ਸਿਰ ਸੁੱਟ ਕੇ ਲੱਗਾ ਰਹਿ... ਸਾਰੀ ਉਮਰ ਕਮਾਉਣ ਦੀ ਪਈ ਏ.. ਪਰ ਪਹਿਲਾਂ ਸਟੱਡੀ ਮੁਕੰਮਲ ਕਰ...।"

ਇੱਕ ਆਦਰਸ਼ਵਾਦੀ ਪੁੱਤਰ ਦੀ ਤਰ੍ਹਾਂ ਆਨੰਦ ਮੂਰਤੀ ਮਾਂ ਦੀਆਂ ਗੱਲਾਂ ਨੂੰ ਦਿਲ ਦੀ ਗਹਿਰਾਈ ਤੋਂ ਸੁਣਦਾ, ਵਾਚਦਾ ਅਤੇ ਅਮਲ ਕਰਦਾ ਸੀ। ਡਾਕਟਰੇਟ ਮਾਂ ਨੇ ਆਪਣੇ ਦੋਹਾਂ ਬੱਚਿਆਂ ਨੂੰ ਉਚੇਚਾ ਕਿਹਾ ਹੋਇਆ ਸੀ, "ਬੱਚਿਓ ਘੰਟਾ ਦੋ ਘੰਟੇ ਤੁਸੀਂ ਖੋਜ ਭਰਪੂਰ ਚੈਨਲ ਜ਼ਰੂਰ ਦੇਖਣੇ ਹਨ।'

ਬਾਲ ਅਵਸਥਾ ਤੋਂ ਵਧਦੇ ਦੋਵੇਂ ਧੀ-ਪੁੱਤ ਮਾਨਸਿਕ ਤੌਰ 'ਤੇ ਵਿਕਾਸ ਕਰਦੇ ਗਏ। ਖੋਜ ਭਰਪੂਰ ਮਾਨਸਿਕਤਾ ਉਹਨਾਂ ਦੀ ਪੜ੍ਹ ਲਿਖ ਕੇ ਖੋਜੀ ਚੈਨਲ ਦੇਖ ਕੇ ਬਣ ਗਈ ਸੀ। ਆਨੰਦ ਮੂਰਤੀ ਹੈ ਤਾਂ ਚੰਗਾ ਹੁਸ਼ਿਆਰ ਸੀ। ਜਿਸ ਕਰਕੇ ਉਹਨੂੰ ਇੰਗਲੈਂਡ ਦੀ ਆਕਸਫੋਰਡ ਯੂਨੀਵਰਸਿਟੀ ਵਿਚ ਫੈਲੋਸ਼ਿੱਪ ਮਿਲ ਗਈ। ਇਸ ਯੂਨੀਵਰਸਿਟੀ ਦਾ ਸਾਰੇ ਸੰਸਾਰ 'ਚ ਇੱਕ ਨਾਂ ਸੀ। ਆਨੰਦ ਮੂਰਤੀ ਦਾ ਪਹਿਲੇ-ਪਹਿਲ ਤਾਂ ਇੰਗਲੈਂਡ ਵਿਚ ਦਿਲ ਨਾ ਲੱਗਾ ਪਰ ਬਾਅਦ ਵਿਚ ਸਮਾਜ ਵਿਗਿਆਨ ਵਿਸ਼ੇ ਤੇ ਪੀ ਐੱਚ. ਡੀ. ਕਰ ਰਹੇ ਪੰਜਾਬ ਦੇ ਇੱਕ ਮੁੰਡੇ ਨਾਲ ਉਹਦਾ ਮੇਲ ਹੋ ਗਿਆ। ਦੋ ਚਾਰ ਮਿਲਣੀਆਂ 'ਚ ਹੀ ਆਨੰਦ ਮੂਰਤੀ ਨੂੰ ਉਹ ਖੋਜਾਰਥੀ ਆਪਣਾ ਆਪਣਾ ਲੱਗਿਆ। ਦੋਹੇਂ ਕਈ ਕਈ ਘੰਟੇ ਗੱਲਾਂ ਬਾਤਾਂ ਕਰਦੇ ਰਹਿੰਦੇ। ਇੱਕ ਸ਼ਹਿਰ ਦੇ ਹੋਣ ਕਾਰਣ ਉਹਨਾਂ ਦੀਆਂ ਗੱਲਾਂ ਬਾਤਾਂ 'ਚ ਆਉਂਦੇ ਥਾਂ, ਸ਼ਹਿਰ ਉਹਨਾਂ ਅੰਦਰ ਆਪਣੇਪਨ 'ਚ ਵਾਧਾ ਕਰਦੇ। ਸਮਾਜ ਵਿਗਿਆਨ ਦਾ ਵਿਦਿਆਰਥੀ ਬੇਸ਼ੱਕ ਆਨੰਦ ਮੂਰਤੀ ਦੇ ਸ਼ਹਿਰ ਦਾ ਸੀ ਪਰ ਪਿੱਛੋਂ ਉਸਦੀ ਬੈਗਰਾਊਂਡ ਪਿੰਡ ਦੀ ਸੀ। ਜਿਸ ਕਰਕੇ ਉਹਦੀਆਂ ਗੱਲਾਂ ਵਿਚ ਪੇਂਡੂਪੁਣਾ ਤੇ ਪੰਜਾਬੀਅਤ ਜ਼ਿਆਦਾ ਝਲਕਦੀ ਸੀ। ਆਨੰਦ ਮੂਰਤੀ ਨੇ ਉਹਨੂੰ ਗੱਲਾਂ ਗੱਲਾਂ



ਵਿਚ ਹੀ ਕਈ ਵਾਰ ਕਿਹਾ ਸੀ, "ਅਸ਼ੋਕ ਤੇਰੀਆਂ ਗੱਲਾਂ 'ਚ ਠੇਠ ਪੇਂਡੂਪੁਣਾ ਝਲਕਾਂ ਮਾਰਦਾ ਆ... ਆਮ ਬੰਦੇ ਨੂੰ ਤਾਂ ਪਤਾ ਈ ਨਹੀਂ ਲੱਗਦਾ...।" ਅਸ਼ੋਕ ਇੱਕ ਲੰਮਾ ਹਾਸਾ ਹੱਸ ਕੇ ਰਹਿ ਗਿਆ ਸੀ। ਆਨੰਦ ਮੂਰਤੀ ਨਾਲ ਉਹ ਪਿਆਰ ਤਾਂ ਕਰਦਾ ਸੀ ਜਾਂ ਕਹਿ ਲਓ ਹੋਰ ਕੌਣ ਸੀ ਉਥੇ ਪਿਆਰ ਕਰਨ ਲਈ, ਪਰ ਸ਼ਹਿਰੀ ਮਾਨਸਿਕਤਾ ਕਾਰਣ ਆਨੰਦ ਮੂਰਤੀ ਅਸ਼ੋਕ ਲਈ ਕਈ ਵਾਰ ਪ੍ਰਸ਼ਨ ਚਿੰਨ੍ਹ ਪੈਦਾ ਕਰਦਾ ਸੀ। ਨਿੱਕੀਆਂ ਨਿੱਕੀਆਂ ਘਟਨਾਵਾਂ 'ਚ ਆਨੰਦ ਮੂਰਤੀ ਦਾ ਛੋਟਾ ਦਿਲ ਸਾਹਮਣੇ ਆਉਣਾ ਅਸ਼ੋਕ ਲਈ ਦੁੱਖ ਅਤੇ ਪੀੜਾ ਦਾ ਕਾਰਣ ਬਣਦਾ ਸੀ। ਉਹਨੇ ਕਈ ਵਾਰ ਆਨੰਦ ਮੂਰਤੀ ਨੂੰ ਕਿਹਾ ਵੀ ਸੀ, "ਮੂਰਤੀ ਭਰਾਵਾ... ਆਪਾਂ 'ਕੱਠਿਆਂ ਡਾਕਟਰੇਟ ਕਰਨੀ ਆ... ਦਿਲ ਵੱਡਾ ਰੱਖ ਕੇ ਮੇਰੇ ਨਾਲ ਵਿਚਰ... ਮੈਂ ਤਾਂ ਪੰਜਾਬ ਦੇ ਪਿੰਡ ਦਾ ਖ਼ਾਲਸ ਬੰਦਾ, ਸੱਚਾ ਸੁੱਚਾ...।"

ਆਨੰਦ ਮੂਰਤੀ ਨੇ ਹਾਂ ਹੂੰ... ਕਰ ਛੱਡੀ ਸੀ ਪਰ ਉਹ ਆਪਣੀ ਆਦਤ ਬਦਲਣ ਤੋਂ ਮਜਬੂਰ ਸੀ। ਉਂਝ ਵੀ ਅੰਦਰ ਖ਼ਾਤੇ ਉਹਦੇ ਦਿਲ ਵਿਚ ਅਸ਼ੋਕ ਲਈ 'ਪੇਂਡੂ ਰਹਿਤਲ ਵਾਲੇ ਮੁੰਡੇ' ਦਾ ਅਕਸ਼ ਬਣ ਚੁੱਕਾ ਸੀ। ਅਸ਼ੋਕ ਸਿਆਣਾ ਸੀ ਉਹ ਤਾਂ ਆਨੰਦ ਮੂਰਤੀ ਨਾਲ ਵਿਗਾੜਨਾ ਵੀ ਨਹੀਂ ਸੀ ਚਾਹੁੰਦਾ। ਉਹਨੂੰ ਤਾਂ ਮਸਾਂ ਆਪਣੇ ਸ਼ਹਿਰ ਦਾ ਸਾਥੀ ਮਿਲਿਆ ਸੀ। ਦੋਂਹੇ ਇਹਨਾਂ ਭਾਰਤੀ ਮੁੰਡਿਆਂ ਨੂੰ ਬਦੇਸ਼ੀ ਖੋਜਾਰਥੀਆਂ ਦੇ ਨਾਲ ਲਾਇਆ ਗਿਆ। ਆਨੰਦ ਮੂਰਤੀ ਦਾ ਵਿਸ਼ਾ ਮਹਾਤਮਾ ਬੁੱਧ ਦੇ ਨਾਲ ਜੁੜਿਆ ਹੋਇਆ ਸੀ। ਜਿਸ ਕਰਕੇ ਉਸਨੂੰ ਨੇਪਾਲ ਵਿਚ ਜਾ ਕੇ ਖੋਜ ਕਰਨੀ ਪੈਣੀ ਸੀ। ਦੂਜੇ ਪਾਸੇ ਅਸ਼ੋਕ ਨੇ ਅਫ਼ਰੀਕਾ ਦੇ ਜੰਗਲਾਂ 'ਚ ਰਹਿੰਦੇ ਇੱਕ ਮਸ਼ਹੂਰ ਕਬੀਲੇ ਬਾਰੇ ਰਿਸਰਚ ਕਰਨੀ ਸੀ। ਇੰਗਲੈਂਡ ਵਿਚ ਇਹ ਦੋਹੇਂ ਖੋਜਾਰਥੀ ਇੱਕ ਕਮਰੇ ਵਿਚ ਰਹਿੰਦੇ ਸਨ। ਪਹਿਲਾਂ ਪਹਿਲ ਯੂਨੀਵਰਸਿਟੀ ਵਿਚ ਇਹਨਾਂ ਦਾ ਕੋਰਸ ਵਰਕ ਲੱਗਿਆ। ਦੋਹੇਂ ਇੱਕ ਦੂਜੇ ਨੂੰ ਸਮਝਣ ਦਾ ਯਤਨ ਕਰਦੇ। ਅਸ਼ੋਕ ਬਾਰੇ ਛੇਤੀ ਹੀ ਆਨੰਦ ਮੂਰਤੀ ਨੂੰ ਪਤਾ ਲੱਗਾ ਗਿਆ ਕਿ ਉਹ ਅੰਦਰੋਂ ਬਾਹਰੋਂ ਇੱਕ ਹੈ। ਉਹ ਮਾਨਸਿਕਤਾ 'ਚ ਭੇਦ ਵਾਲੀਆਂ ਗੱਲਾਂ ਨਹੀਂ ਰੱਖ ਸਕਦਾ। ਜਦੋਂ ਇਸ ਬਾਰੇ ਆਨੰਦ ਮੂਰਤੀ ਨੇ ਉਹਨੂੰ ਕਿਹਾ ਸੀ ਤਾਂ ਅਸ਼ੋਕ ਨਿਝੱਕ ਕਹਿਣ ਲੱਗਾ, "ਭਰਾਵਾ... ਕਿਹੜਾ ਇਹ ਗੱਲਾਂ ਸਾਂਭਦਾ ਰਹੇ... ਕਿੱਥੇ ਕਿਹੜੀ ਗੱਲ ਲੁਕੋਣੀ... ਕਿੱਥੇ ਨਹੀਂ...ਮੈਤੋਂ ਝੂਠ ਦਾ ਆਸਰਾ ਨਹੀਂ ਲੈ ਹੋਣਾ... ਨਾਲੇ ਮੈਂ ਅੰਦਰੋਂ ਹਲਕਾ-ਹਲਕਾ ਮਹਿਸੂਸ ਕਰਦਾ ਰਹਿੰਨਾਂ।" ਅਸ਼ੋਕ ਛੇਤੀ ਸਮਝ ਗਿਆ ਕਿ ਆਨੰਦ ਮੂਰਤੀ ਭੇਦ ਲੁਕਾ ਕੇ ਰੱਖਣ ਵਾਲਾ ਹੈ। ਕਈ ਅਜਿਹੀਆਂ ਗੱਲਾਂ ਜਿਹੜੀਆਂ ਆਨੰਦ ਮੂਰਤੀ ਨੂੰ ਘਰ ਵਿਚ ਵਿਵਰਜਿਤ ਲੱਗਦੀਆਂ ਸਨ। ਅਸ਼ੋਕ ਬਿਨਾਂ ਝਿਜਕ ਕਹਿ ਜਾਂਦਾ। ਪਹਿਲਾਂ ਪਹਿਲ ਤਾਂ ਆਨੰਦ ਮੂਰਤੀ ਮਹਿਸੂਸ ਕਰਦਾ ਪਰ ਬਾਅਦ ਵਿਚ ਉਹ ਅਸ਼ੋਕ ਤੋਂ ਪੇਂਡੂਪੁਣੇ ਨਾਲ ਜੁੜੇ ਲਤੀਫ਼ੇ ਵੀ ਸੁਣਨ ਲੱਗ ਪਿਆ। ਅਸ਼ੋਕ ਤਾਂ ਕਈ ਵਾਰ ਸ਼ਾਮ ਨੂੰ ਆਪਣੇ ਗਾਈਡ ਡਾ. ਜੇਮਜ਼ ਨਾਲ ਪੱਬਾਂ ਵਿਚ ਵੀ ਚਲੇ ਜਾਂਦਾ ਸੀ ਜਦਕਿ ਆਨੰਦ ਮੂਰਤੀ ਦਾ ਜ਼ਿਆਦਾ ਝੁਕਾਅ ਧਾਰਮਿਕਤਾ ਵੱਲ ਸੀ। ਉਹ ਸਵੇਰੇ ਸ਼ਾਮ ਆਰਤੀ ਦਾ ਗਾਇਨ ਜ਼ਰੂਰ ਕਰਦਾ। ਸ਼ਰਾਬ, ਮਾਸ ਬਾਰੇ ਤਾਂ ਉਹ ਸੋਚ ਵੀ ਨਹੀਂ ਸੀ ਸਕਦਾ। ਇੱਕ ਦਿਨ ਅਸ਼ੋਕ ਆਪਣੇ ਗਾਈਡ ਨਾਲ ਇਸ ਸੰਬੰਧ 'ਚ ਗੱਲ ਕਰ ਬੈਠਾ। ਡਾ. ਜੇਮਜ਼ ਅਸ਼ੋਕ ਨੂੰ ਸਮਝਾਉਂਦਿਆਂ ਕਹਿਣ ਲੱਗਾ, "ਮਿਸਟਰ ਅਸ਼ੋਕ ਆਸਤਕ ਨਾਸਤਕ ਦੇ ਮਸਲਿਆਂ 'ਤੇ ਭਾਵੇਂ ਕਈ ਕਈ ਦਿਨ ਬਹਿਸਾਂ ਕਰੀ ਜਾਓ... ਇਹ ਮੁੱਕਣ ਵਾਲੇ ਵਿਸ਼ੇ ਨਹੀਂ... ਹਰੇਕ ਨੇ ਆਪੋ-ਆਪਣੇ ਨਜ਼ਰੀਏ ਅਨੁਸਾਰ ਉਦਾਹਰਣਾਂ ਦੇਈ ਜਾਣੀਆਂ। ਸੋ ਕੋਸ਼ਿਸ਼ ਕਰੋ, ਇਹਨਾਂ ਤੋਂ ਬਚਿਆ ਜਾਵੇ... ਆਪਣੇ ਮਨ ਦੀ ਖ਼ੁਸ਼ੀ ਲਈ ਜੇ ਕੋਈ ਕੁੱਝ ਕਰਦਾ ਉਹਨੂੰ ਕਰਨ ਦਿਓ... ਹਾਂ ਅਸ਼ੋਕ ਜੇ ਤੂੰ ਆਨੰਦ ਮੂਰਤੀ ਨਾਲ ਖ਼ੁਸ਼ ਰਹਿੰਨਾ ਉਹਦੇ ਕਿਸੇ ਕਾਰਜ ਵਿਚ

ਟੋਕਾਟਾਕੀ ਨਾ ਕਰੀਂ... ਉਹਦੀ ਖ਼ੁਸ਼ੀ ਉਹਦੀਆਂ ਗੱਲਾਂ 'ਚ ... ਹਾਂਅ...।"

ਅਸ਼ੋਕ ਨੇ ਵੀ ਆਪਣੇ ਗਾਈਡ ਦੀ ਗੱਲ ਲੜ੍ਹ ਬੰਨ੍ਹ ਲਈ ਸੀ। ਆਨੰਦ ਮੂਰਤੀ ਵੀ ਤਾਂ ਇਹੀ ਚਾਹੁੰਦਾ ਸੀ। ਉਹ ਵੀ ਤਾਂ ਕਦੇ ਅਸ਼ੋਕ ਨੂੰ ਕਿਸੇ ਗੱਲ ਤੋਂ ਨਹੀਂ ਰੋਕਦਾ। ਉਂਝ ਅਸ਼ੋਕ ਜਦੋਂ ਕਦੇ ਪੀ ਕੇ ਕਮਰੇ 'ਚ ਆਉਂਦਾ, ਚੁੱਪ ਕਰਕੇ ਸੌਂ ਜਾਂਦਾ, ਬਹੁਤੀਆਂ ਗੱਲਾਂ ਨਾ ਕਰਦਾ। ਸੱਤ ਅੱਠ ਮਹੀਨੇ ਤਾਂ ਉਹਦੇ ਇਸ ਤਰ੍ਹਾਂ ਚੰਗੇ ਨਿਕਲ ਗਏ। ਆਨੰਦ ਮੂਰਤੀ ਅਤੇ ਉਸਦਾ ਗਾਈਡ ਡਾ. ਸਈਮਨ ਆਪਣੀ ਬਾਕੀ ਟੀਮ ਨਾਲ ਛੇਤੀ ਨੇਪਾਲ ਚਲੇ ਗਏ। ਉਹਨਾਂ ਦਾ ਮੁੱਖ ਟੀਚਾ ਮਹਾਤਮਾਂ ਬੁੱਧ ਨਾਲ ਜੁੜੀਆਂ ਹੋਰ ਬਹੁਤ ਸਾਰੀਆਂ ਘਟਨਾਵਾਂ ਬਾਰੇ ਉਸ ਟੀਮ ਨੇ ਗਿਆਨ ਹਾਸਲ ਕਰਨਾ ਸੀ। ਉਹਨਾਂ ਨੂੰ ਲੁੰਬਨੀ ਤੋਂ ਇਲਾਵਾ ਬਾਕੀ ਸ਼ਹਿਰਾਂ ਜਿਥੇ ਕਿਤੇ ਵੀ ਮਹਾਤਮਾ ਬੁੱਧ ਦੇ ਜੀਵਨ ਦਾ ਹਵਾਲਾ ਮਿਲਦਾ ਉਥੇ ਵੀ ਜਾਣਾ ਸੀ। ਗਾਈਡ ਸਾਈਮਨ ਨੇ ਆਪਣੀ ਟੀਮ ਨੂੰ ਹਦਾਇਤਾਂ ਦਿੱਤੀਆਂ ਕਿ ਪਹਿਲਾਂ ਬਾਕੀ ਸ਼ਹਿਰਾਂ 'ਚ ਘੁੰਮ ਲਈਏ ਫਿਰ ਟਿਕ ਕੇ ਲੁੰਬਨੀ 'ਚ ਰਿਸਰਚ ਕਰਾਂਗੇ। ਓਹੀ ਗੱਲ ਹੋਈ, ਉਸ ਟੀਮ ਨੇ ਕੁੱਝ ਮਹੀਨਿਆਂ ਵਿਚ ਹੀ ਨੇਪਾਲ ਦੇ ਪ੍ਰਮੁੱਖ ਸ਼ਹਿਰ ਜਿਵੇਂ ਕਾਠਮੰਡੂ, ਧੰਨਕੁਟਾ, ਬੀਰਗੰਜ, ਬਟਵਾਲ, ਪੋਖਾਰ, ਆਦਿ ਗਾਹ ਲਏ ਅਤੇ ਕਾਫ਼ੀ ਸਾਰੀ ਜਾਣਕਾਰੀ ਹਾਸਲ ਕਰ ਲਈ। ਵਿਚੋਂ ਕੁੱਝ ਸਮਾਂ ਉਹ ਬਿਹਾਰ ਦੇ ਗਯਾ ਪ੍ਰਾਂਤ ਵਿਚ ਵੀ ਪਹੁੰਚ ਗਏ ਸਨ। ਫਿਰ ਉਹਨਾਂ ਪੱਕੇ ਡੇਰੇ ਲੁੰਬਨੀ ਵਿਚ ਲਾ ਲਏ। ਉਥੇ ਉਹਨਾਂ ਨੇ ਕੁੱਝ ਸਥਾਨਾਂ 'ਤੇ ਖੁਦਾਈ ਵੀ ਕੀਤੀ। ਮਹਾਤਮਾ ਬੁੱਧ ਦੇ ਜੀਵਨ ਨਾਲ ਜੁੜੀਆਂ ਕੁੱਝ ਵਸਤੂਆਂ ਵੀ ਉਹਨਾਂ ਨੂੰ ਮਿਲੀਆਂ।

ਇਹਨਾਂ ਦਿਨਾਂ ਵਿਚ ਆਨੰਦ ਮੂਰਤੀ ਦੀ ਫ਼ੋਨ 'ਤੇ ਅਸ਼ੋਕ ਨਾਲ ਗੱਲਬਾਤ ਵੀ ਹੋ ਜਾਂਦੀ ਸੀ। ਇੱਕ ਦੂਜੇ ਤੋਂ ਦੂਰ ਰਹਿ ਕੇ ਉਹ ਇੱਕ ਦੂਜੇ ਨੂੰ ਯਾਦ ਤਾਂ ਕਰਦੇ ਸਨ ਪਰ ਨੇਪਾਲ ਆ ਕੇ ਆਨੰਦ ਮੂਰਤੀ ਦਾ ਜ਼ਿਆਦਾ ਦਿਲ ਲੱਗ ਗਿਆ ਕਿਉਂਕਿ ਉਥੇ ਪੁਰਾਣੇ ਸ਼ਿਵ ਮੰਦਿਰ ਵੀ ਬਹੁਤ ਸਨ। ਉਹ ਸਵੇਰੇ ਸ਼ਾਮ ਉਥੇ ਪੂਜਾ ਵੀ ਕਰਦਾ ਸੀ।

ਦੂਜੇ ਪਾਸੇ ਅਫ਼ਰੀਕਾ ਵਿਚ ਆਪਣੇ ਗਾਈਡ ਨਾਲ, ਇੱਕ ਕਬੀਲੇ ਦੇ ਰਸਮੋਂ ਰਿਵਾਜ਼ਾਂ 'ਤੇ ਪੀ ਐਚ ਡੀ ਕਰਦਾ ਅਸ਼ੋਕ ਉਹਨਾਂ ਦੀਆਂ ਅਦਭੁੱਤ ਗੱਲਾਂ ਤੋਂ ਬੜਾ ਪ੍ਰਭਾਵਿਤ ਹੁੰਦਾ ਸੀ। ਅਸ਼ੋਕ ਦੀ ਟੀਮ ਦੇ ਵੀ ਕਈ ਮਹੀਨੇ ਉਸ ਕਬੀਲੇ ਵਿਚ ਬਤੀਤ ਹੋ ਗਏ। ਜਦੋਂ ਜ਼ਰਾ ਦੋਹੇ ਵਿਹਲੇ ਹੁੰਦੇ ਆਪੋ-ਆਪਣੀ ਖੋਜ ਬਾਬਤ ਲੰਬੀਆਂ ਗੱਲਾਂ ਵੀ ਕਰਦੇ।

"ਮੇਰੀ ਯਾਦ ਤਾਂ ਆਉਂਦੀ ਹੋਵੇਗੀ, ਨਾਲੇ ਮੇਰੇ ਚੁਟਕਲੇ?' ਇੱਕ ਦਿਨ ਅਸ਼ੋਕ ਆਨੰਦ ਮੂਰਤੀ ਨੂੰ ਕਹਿਣ ਲੱਗਾ, "ਮੈਂ ਤਾਂ ਜਿਹੜਾ ਹੱਸ ਲਿਆ ਤੇਰੇ ਕੋਲ ਹੱਸ ਲਿਆ ਹੁਣ ਤਾਂ ਮੈਂ ਧਾਰਮਿਕਤਾ ਦੇ ਹੋਰ ਨੇੜੇ ਹੋ ਗਿਆ। ਰੋਜ ਕਿਸੇ ਨਾ ਕਿਸੇ ਮੰਦਿਰ 'ਚ ਜਾ ਕੇ ਉਥੋਂ ਦਾ ਇਤਿਹਾਸ ਵੀ ਲਿਖਦਾ ਰਹਿੰਦਾ ਹਾਂ... ਤ...ਤਾ ਤੇਰੀ ਖੋਜ?"

"ਮੈਂ ਤਾਂ ਇਥੋਂ ਦੇ ਕਬੀਲੇ ਦੀਆਂ ਰਸਮਾਂ ਜਾਨਣ ਲਈ ਹਮੇਸ਼ਾਂ ਤਤਪਰ ਰਹਿੰਦਾਂ... ਬੜੀਆਂ ਦਿਲਚਸਪ ਨੇ... ਆਪਾਂ ਬਹਿ ਕੇ ਇਹਨਾਂ ਬਾਰੇ ਲੰਬੀਆਂ ਗੱਲਾਂ ਕਰਾਂਗੇ।' ਤੇਰੀਆਂ ਖੋਜਾਂ ਵੀ ਤਾਂ ਤੇਰੇ ਲਤੀਫ਼ਿਆਂ ਵਰਗੀਆਂ ਹੋਣਗੀਆਂ? ਆਨੰਦ ਮੂਰਤੀ ਨੇ ਫ਼ੋਨ 'ਤੇ ਇਹ ਕਹਿ ਉੱਚੀ ਹਾਸਾ ਛੱਡ ਦਿੱਤਾ।

"ਤੂੰ ਹੈਰਾਨ ਹੋਵੇਗਾ... ਮੇਰੀਆਂ ਕਬੀਲੇ ਬਾਰੇ ਕੀਤੀਆਂ ਖੋਜਾਂ ਜਾਣਕੇ... ਮੈਂ ਜਿਹੋ ਜਿਹਾ ਸੀ ਉਸੇ ਤਰ੍ਹਾਂ ਦਾ ਕੰਮ ਮੈਨੂੰ ਮਿਲ ਗਿਆ... ਉਂਝ ਵੀ ਜਦੋਂ ਸ਼ੌਂਕ ਕਾਰਜ ਬਣ ਜਾਵੇ ਫਿਰ ਤਾਂ ਬਾਹਲੇ ਸੁਆਦ



ਆਉਂਦੈ...।" ਅਸ਼ੋਕ ਨੇ ਪੂਰਾ ਵਾਕ ਖ਼ੁਸ਼ੀ ਵਿਚ ਕਿਹਾ।

"ਇਹ ਕਬੀਲੇ ਆਲੇ ਕੱਪੜੇ ਵੀ ਪਾਉਂਦੇ ਕਿ...।" ਆਨੰਦ ਮੂਰਤੀ ਨੇ ਘੁੱਟਵੀਂ ਆਵਾਜ਼ ਵਿਚ ਪੁੱਛਿਆ।

"ਨਾ-ਮਾਤਰ ਹੀ ਹੁੰਦੇ... ਪਰ ਚਰਿੱਤਰ ਬੜਾ ਉੱਚਾ ਰੱਖਣਾ ਪੈਂਦਾ... ਕਦੇ ਧਿਆਨ ਹੀ ਨਹੀਂ ਜਾਂਦਾ ਸਰੀਰਾਂ ਵੱਲ ਉਂਝ ਇਹਨਾਂ ਦਾ ਮੁਖੀਆਂ ਸਾਡੇ ਨਾਲ ਹੁੰਦਾ... ਚੰਗਾ ਆਨੰਦ ਮੈਂ ਫਿਰ ਫ਼ੋਨ ਕਰੂੰ ਦਰਅਸਲ ਅੱਜ ਕਬੀਲੇ ਵਾਲਿਆਂ 'ਚ ਕੁੜੀ ਦਾ ਵਿਆਹ ਆ...ਉਥੇ ਸਾਰੀ ਟੀਮ ਪਹੁੰਚ ਰਹੀ ਆ... ਮੈਂ ਫਿਰ ਵਿਆਹ ਦੀਆਂ ਰਸਮਾਂ ਬਾਰੇ ਤੇਰੇ ਨਾਲ ਗੱਲ ਸਾਂਝੀ ਕਰੂੰਗਾ... ਚੰਗਾ ਓ. ਕੇ. ।" ਇਹ ਕਹਿ ਅਸ਼ੋਕ ਨੇ ਫ਼ੋਨ ਬੰਦ ਕਰ ਦਿੱਤਾ।

ਆਨੰਦ ਮੂਰਤੀ ਨੂੰ ਵਿਰਸੇ 'ਚ ਮਿਲੀ ਮਿਹਨਤ ਦੀ ਗੁੜ੍ਹਤੀ ਅਤੇ ਸੰਸਕਾਰਾਂ ਨੇ ਖੋਜ ਦੇ ਖੇਤਰ 'ਚ ਕਈ ਨਵੀਆਂ ਧਾਰਨਾਵਾਂ ਨਾਲ ਸਾਂਝ ਪੁਆਈ। ਉਹਦੀ ਸਾਰੀ ਟੀਮ ਉਸ ਉੱਪਰ ਬਹੁਤ ਖ਼ੁਸ਼ ਸੀ। ਦਰਅਸਲ ਜਿਥੇ ਆਨੰਦ ਮੂਰਤੀ ਸੁਭਾਅ ਵਲੋਂ ਨਿਮਰ ਸੀ ਉਥੇ ਉਸਨੇ ਕਦੇ ਵੀ, ਨਾਨਵੈੱਜ ਜਾਂ ਸ਼ਰਾਬ ਵੱਲ ਮੂੰਹ ਨਹੀਂ ਸੀ ਕੀਤਾ। ਖੋਜ ਕਰਦਿਆਂ ਜਦੋਂ ਆਖਰੀ ਸਾਲ ਆ ਗਿਆ ਤਾਂ ਆਨੰਦ ਮੂਰਤੀ ਦੇ ਮਾਤਾ ਪਿਤਾ ਉਚੇਚੇ ਤੌਰ 'ਤੇ ਨੇਪਾਲ ਆਪਣੇ ਪੁੱਤਰ ਨੂੰ ਮਿਲਣ ਆਏ। ਪੁੱਤਰ ਨਾਲ ਕਈ ਦਿਨ ਗੁਜਾਰ ਕੇ ਅਤੇ ਬਾਕੀ ਟੀਮ ਤੋਂ ਪੁੱਤਰ ਦੀ ਮਿਹਨਤ ਅਤੇ ਸੁਭਾਅ ਦੀਆਂ ਗੱਲਾਂ ਸੁਣ ਉਹ ਫੁੱਲੇ ਨਾ ਸਮਾਉਂਦੇ।

"ਪੁੱਤਰ! ਤੂੰ ਤਾਂ ਜਿਹੋ ਜਿਹਾ ਗਿਆ ਸੀ ਉਸਤੋਂ ਵੀ ਜ਼ਿਆਦਾ ਧਾਰਮਿਕ ਤੇ ਨਿੱਘੇ ਸੁਭਾਅ ਦਾ ਹੋ ਗਿਉਂ?" ਆਨੰਦ ਮੂਰਤੀ ਦੀ ਮਾਂ ਨੇ ਇੱਕ ਰੋਜ਼ ਕਿਹਾ।

"ਮਾਤਾ ਜੀ, ਤੁਹਾਡੇ ਦਿੱਤੇ ਸੰਸਕਾਰ ਹੀ ਮੈਨੂੰ ਉੱਚਿਤ ਰਾਹ ਅਤੇ ਮਿਹਨਤ ਕਰਨ ਦੀ ਪ੍ਰੇਰਣਾ ਦਿੰਦੇ ਨੇ?' ਆਨੰਦ ਮੂਰਤੀ ਦੀ ਇਹ ਗੱਲ ਸੁਣ ਉਸਦਾ ਬਾਪ ਅਤੇ ਮਾਂ ਹੋਰ ਖੁਸ਼ ਹੋ ਗਏ।

"ਪੁੱਤਰ ! ਇੱਕ ਦਿਲ ਦੀ ਗੱਲ ਕਰਾਂ?' ਆਨੰਦ ਮੂਰਤੀ ਦੀ ਮਾਤਾ ਭਾਵੁਕ ਹੋ ਗਈ ਸੀ।

"ਲਓ ਦੱਸੋ ਮਾਤਾ ਜੀ ਕਰੋ ਕਰੋ ਜਿੰਨੀਆਂ ਮਰਜ਼ੀ...।"

"ਪੁੱਤਰ! ਤੇਰੀ ਜੀਵਨ ਸਾਥਣ ਵੀ ਮੈਂ ਸੰਸਕਾਰਾਂ ਵਾਲੀ ਕੁੜੀ ਹੀ ਲੱਭਣੀ ਆ। ਬੇਸ਼ੱਕ ਘੱਟ ਪੜ੍ਹੀ ਲਿਖੀ ਹੋਵੇ... ਨੌਕਰੀ ਨਾ ਕਰਦੀ ਹੋਵੇ... ਸਾਨੂੰ ਪੈਹਿਆਂ ਦੀ ਘਾਟ ਆ ਕੋਈ...?" ਆਨੰਦ ਮੂਰਤੀ ਮਾਤਾ ਦੀ ਇਹ ਗੱਲ ਸੁਣ ਹੱਸ ਪਿਆ ਨਾਲ ਹੀ ਉਸਦਾ ਮੂੰਹ ਸ਼ਰਮ ਨਾਲ ਲਾਲ ਹੋ ਗਿਐ।

"ਪੁੱਤਰ! ਹੁਣ ਤੂੰ ਸਿਆਣਾ ਏਂ... ਇਹ ਵੀ ਤਾਂ ਜ਼ਿੰਦਗੀ ਦਾ ਇੱਕ ਅਹਿਮ ਹਿੱਸਾ ਹੈ... ਵਿਆਹ ਤਾਂ ਕਰਨਾ ਹੀ ਕਰਨੈ।" ਆਨੰਦ ਮੂਰਤੀ ਦੇ ਪਿਓ ਨੇ ਸਮਝਾਉਂਦਿਆਂ ਪੁੱਤਰ ਨੂੰ ਕਿਹਾ।

ਕਈ ਦਿਨ ਪੁੱਤਰ ਕੋਲ ਰਹਿ ਦੋਵੇਂ ਮਾਤਾ-ਪਿਤਾ ਘਰ ਚਲੇ ਗਏ। ਉਹਨਾਂ ਦੇ ਜਾਣ ਬਾਅਦ ਆਨੰਦ ਮੂਰਤੀ ਥੋੜ੍ਹਾ ਉਦਾਸ ਹੋ ਗਿਆ। ਆਪਣੀ ਉਦਾਸੀ ਦੂਰ ਕਰਨ ਲਈ ਉਹ ਇੱਕ ਹਨੂੰਮਾਨ ਮੰਦਿਰ 'ਚ ਚਲਾ ਗਿਆ। ਉਥੇ ਉਸ ਨੇ 'ਹਨੂੰਮਾਨ ਚਾਲੀਸਾ' ਦਾ ਜਾਪ ਕੀਤਾ। ਜਿਉਂ ਹੀ ਮੰਦਿਰ 'ਚੋਂ ਬਾਹਰ ਆਇਆ ਉਹਦਾ ਜੀਅ ਕੀਤਾ ਅਸ਼ੋਕ ਨੂੰ ਫ਼ੋਨ ਕਰੇ। ਕਈ ਦਿਨ ਤਾਂ ਬੀਤ ਗਏ ਸਨ। ਉਂਝ ਵੀ ਉਹਦੀ ਚੰਗੀ ਤਰ੍ਹਾਂ ਅਸ਼ੋਕ ਨਾਲ ਗੱਲਬਾਤ ਨਹੀਂ ਸੀ ਹੋਈ। ਮਾਤਾ-ਪਿਤਾ ਦੀ ਸੰਗਤ 'ਚ ਰੁੱਝਿਆ ਆਨੰਦ ਮੂਰਤੀ ਕਿਤੇ ਕਿਤੇ ਅਸ਼ੋਕ ਨੂੰ ਮਾਤਾ ਦੇ ਸੁਭਾਅ ਬਾਰੇ ਵੀ ਦੱਸਦਾ ਰਹਿੰਦਾ ਸੀ। ਮੰਦਿਰ ਵਿਚੋਂ ਬਾਹਰ ਆ ਉਹਨੇ ਅਸ਼ੋਕ ਨੂੰ ਫ਼ੋਨ ਮਿਲਾ ਦਿੱਤਾ।

"ਹਾਂ ਅਸ਼ੋਕ... ਕਿਵੇਂ ਆ?"

"ਬਿਲਕੁਲ ਠੀਕ ਠਾਕ... ਪੇਰੇਂਟਸ ਚਲੇ ਗਏ?"

"ਹਾਂ ਹਾਂ ... ਤੂੰ ਕਬੀਲੇ ਦੇ ਵਿਆਹ ਬਾਰੇ ਕੁੱਝ ਦੱਸਿਆ ਈ ਨਹੀਂ...।" ਆਨੰਦ ਮੂਰਤੀ ਖੁੱਲ੍ਹੀਆਂ ਗੱਲਾਂ ਸੁਣਨਾਂ ਚਾਹੁੰਦਾ ਸੀ।

"ਆਨੰਦ ਭਾਈ ਬੜਾ ਮਜ਼ਾ ਆਇਆ ਉਹਨਾਂ ਦੇ ਵਿਆਹ 'ਚ ਸ਼ਾਮਲ ਹੋ ਕੇ... ਪਰ ਉਹਨਾਂ ਦੀਆਂ ਰਸਮਾਂ ਬੜੀਆਂ ਖ਼ਤਰਨਾਕ ਆ... ਪਹਿਲਾਂ ਤਾਂ ਉਹ ਕਈ ਕਈ ਦਿਨ ਨੱਚਦੇ ਟੱਪਦੇ ਰਹਿੰਦੇ... ਫਿਰ ਜੰਗਲੀ ਭੈਂਸੇ ਦਾ ਖ਼ੂਨ ਵਰਤਾਉਂਦੇ ਆ... ਵਿਆਹ 'ਚ ਕਈ ਕੁੱਝ ਪਾਇਆ ਹੁੰਦਾ ਉਹ 'ਚ...।'

"ਅੱਛਾ ਰਾਮ ਰਾਮ ... ਤੂੰ ਪੀਤਾ...?' ਆਨੰਦ ਮੂਰਤੀ ਦਾ ਮੂੰਹ ਕੁਸੈਲਾ ਜਿਹਾ ਹੋ ਗਿਆ।

"ਭਰਾਵਾ ਸਿੱਖਣ ਲਈ ਸਭ ਕੁਝ ਕਰਨਾ ਪੈਂਣੇ...।"

"ਮੈਂ ਕਈ ਵਾਰ ਖ਼ੂਨ ਪੀਤਾ... ਮੇਰੀ ਟੀਮ ਨੇ ਵੀ...।" ਅਸ਼ੋਕ ਨਾਨਵੈੱਜ ਦੀ ਗੱਲ ਅੱਗੇ ਵਧਾ ਕੇ ਦੱਸਦਾ ਸੀ।

"ਆਨੰਦ ਉਹਨਾਂ ਦੀ ਇਕ ਰਸਮ ਨੇ ਮੈਨੂੰ ਬੜਾ ਬੇਚੈਨ ਕੀਤਾ?"

"ਉਹ ਕਿਹੜੀ?"

"ਬਸ ਕੁੜੀ ਨੂੰ ਵਿਆਹ 'ਚ ਇਕ ਤਾਲਾ ਲੱਗੀ ਸੰਦੂਕੜੀ ਉਹ ਜ਼ਰੂਰ ਦਿੰਦੇ...।"

"ਸੰਦੂਕੜੀ 'ਚ ਕੀ ਹੁੰਦੈ...।" ਆਨੰਦ ਮੂਰਤੀ ਉਤਸੁਕ ਸੀ।

'ਇਹ ਮੈਂ ਤੈਨੂੰ ਫੇ ਦੱਸੂ... ਲੰਬੀ ਕਹਾਣੀ ਆ... ਮੈਂ ਉਹਨਾਂ ਦੇ ਮੁਖੀਏ ਤੋਂ ਪੁੱਛੀ ਸੀ।" ਅਸ਼ੋਕ ਇਸ ਗੱਲ ਨੂੰ ਬੜੀ ਗੰਭੀਰਤਾ ਨਾਲ਼ ਕਰਨੀ ਚਾਹੁੰਦਾ ਸੀ।

"ਚੱਲ ਤੂੰ ਹੋਰ ਸੁਣਾ... ਕੀ ਕਹਿੰਦੇ ਮੰਮੀ ਡੈਡੀ... ਅਸ਼ੋਕ ਨੇ ਆਨੰਦ ਮੂਰਤੀ ਨੂੰ ਹੋਰ ਪਾਸੇ ਪਾਉਣਾ ਚਾਹਿਆ।" ਬਸ ਮੰਮੀ ਕਹਿੰਦੀ ਤੇਰਾ ਵਿਆਹ ਕਰਨਾ... ਚੰਗੀ ਸੰਸਕਾਰੀ ਕੁੜੀ ਨਾਲ... ਧਾਰਮਿਕ ਹੋਵੇ।'

"ਫੇ ਤੂੰ ਕੀ ਕਿਹਾ?"

"ਭਰਾਵਾ ਮੈਂ ਕੀ ਕਹਿਣਾ ਸੀ... ਮੇਰੇ ਮਾਂ ਪਿਓ ਜੋ ਮੇਰੇ ਲਈ ਕਰਨਗੇ... ਬਿਹਤਰ ਆ ਉੱਥੇ ਹੀ ਮੈਂ ਵਿਆਹ ਕਰਾ ਲੈਣਾ... ਤ ਤ ਤੂੰ ਕੀ ਸੋਚਿਆ?" ਆਨੰਦ ਮੂਰਤੀ ਅਸ਼ੋਕ ਬਾਰੇ ਵੀ ਜਾਣਨਾ ਚਾਹੁੰਦਾ ਸੀ।

"ਮੈਂ ਤਾਂ ਆਪਣੇ ਨਾਲ ਦੀ ਫ਼ੈਲੋਸ਼ਿਪ ਕਰਦੀ ਇਟਾਲੀਅਨ ਕੁੜੀ ਨਾਲ ਟਾਂਕਾ ਫਿੱਟ ਕਰ ਲੈਣਾ... ਕੀ ਕਰਨਾ ਇੰਡੀਆ ਜਾ ਕੇ, ਸਾਡੀ ਦੋਹਾਂ ਦੀ ਗਿੱਟ ਮਿੱਟ ਹੋ ਗਈ ਆ...।' ਅਸ਼ੋਕ ਨੇ ਆਪਣੇ ਬਾਰੇ ਵਿਚਾਰ ਪ੍ਰਗਟ ਕਰ ਦਿੱਤਾ। ਫਿਰ ਉਹਨਾਂ ਨੇ ਹੋਰ ਗੱਲਾਂ ਬਾਤਾਂ ਕੀਤੀਆਂ ਤੇ ਫ਼ੋਨ ਬੰਦ ਕਰ ਆਨੰਦ ਮੂਰਤੀ ਆਪਣੀ ਟੀਮ ਕੋਲ ਆ ਗਿਆ।

ਦੋਹੇਂ ਆਪਣੇ ਖੋਜ ਦੇ ਕਾਰਜ ਨੂੰ ਅੰਤਿਮ ਛੋਹਾਂ ਦੇ ਰਹੇ ਸਨ। ਹੁਣ ਦੋਹਾਂ ਦੀ ਆਪਸੀ ਗੱਲਬਾਤ ਘੱਟ ਹੀ ਹੋਈ। ਇਕ ਦਿਨ ਸਗੋਂ ਆਨੰਦ ਮੂਰਤੀ ਉਚੇਚੇ ਤੌਰ 'ਤੇ ਅਸ਼ੋਕ ਨੂੰ ਪੁੱਛਣ ਲੱਗਾ, "ਅਸ਼ੋਕ ਤੂੰ ਕਬੀਲੇ ਦੇ ਵਿਆਹ ਦੀ ਇੱਕ ਦਿਲਚਸਪ ਗੱਲ ਦੱਸਣੀ ਸੀ ਜਿਹਨੇ ਤੈਨੂੰ ਬੇਚੈਨ ਕੀਤਾ...?'

"ਯਾਰ ਮੈਂ ਥੀਸਿਜ਼ ਦੀ ਇਕ ਵਾਧੂ ਕਾਪੀ ਬਣਾ ਕੇ ਤੈਨੂੰ ਭੇਜ ਦੇਣੀ ਸਾਰੀ ਪੜ੍ਹ ਲਈਂ... ਉਹ ਰਸਮ ਵੀ ਹਾਂ...।' ਉਸ ਦਿਨ ਅਸ਼ੋਕ ਸ਼ਾਇਦ ਰੁੱਝਿਆ ਸੀ ਬਹੁਤੀ ਗੱਲ ਨਾ ਕਰ ਸਕਿਆ। ਉਹਨੇ ਛੇਤੀ ਹੀ ਫ਼ੋਨ 'ਤੇ ਗੱਲ ਨਿਬੇੜ ਲਈ।



ਹੁਣ ਦੋਹੇਂ ਅਸ਼ੋਕ ਤੇ ਆਨੰਦ ਮੂਰਤੀ ਫਿਰ ਇੰਗਲੈਂਡ ਵਿਚ ਇਕੱਠੇ ਸਨ। ਉਨ੍ਹਾਂ ਦਾ ਪੀ ਐੱਚਡੀ. ਦਾ ਕੰਮ ਮੁਕੰਮਲ ਹੋ ਚੁੱਕਾ ਸੀ। ਹੁਣ ਤਾਂ ਦੋਹਾਂ ਦੇ ਥੀਸਿਜ਼ ਟਾਈਪ ਹੋਣ ਲਈ ਚਲੇ ਗਏ ਸਨ।

ਮੇਰਾ ਬਹੁਤ ਦਿਲ ਕਰਦਾ ਤੇਰਾ ਥੀਸਿਜ਼ ਪੂਰੇ ਦਾ ਪੂਰਾ ਪੜ੍ਹਾਂ...?' ਇਕ ਦਿਨ ਆਨੰਦ ਮੂਰਤੀ ਨੇ ਉਤਸੁਕਤਾ ਨਾਲ ਅਸ਼ੋਕ ਨੂੰ ਕਿਹਾ।

"ਮੈਂ ਤੈਨੂੰ ਦੱਸਿਆ ਸੀ ਨਾ ਕਿ ਇਕ ਦੋ ਕਾਪੀਆਂ ਮੈਂ ਵਾਧੂ ਬਣਾ ਲਈਆਂ ਤੈਨੂੰ ਜ਼ਰੂਰੀ ਦੇਣੀ ਇਕ ਕਾਪੀ...।" ਅਸ਼ੋਕ ਵੀ ਸਾਰੇ ਦਾ ਸਾਰਾ ਥੀਸਿਜ਼ ਆਨੰਦ ਮੂਰਤੀ ਨੂੰ ਪੜ੍ਹਾਉਣਾ ਚਾਹੁੰਦਾ ਸੀ।

'ਅਸ਼ੋਕ ! ਤੂੰ ਉਹ ਤਾਂ ਗੱਲ ਦੱਸ ਕਬੀਲੇ ਦੇ ਵਿਆਹ ਦੀ, ਸੰਦੂਕੜੀ ਵਾਲੀ?" ਆਨੰਦ ਮੂਰਤੀ ਜਿਵੇਂ ਉਸ ਰਸਮ ਦੀ ਗੱਲ ਲੈ ਕੇ ਹੀ ਬਹਿ ਗਿਆ ਸੀ।

"ਇਹ ਤੂੰ ਹੁਣ ਇਕੱਲਾ ਥੀਸਿਜ਼ 'ਚ ਪੜ੍ਹੀਂ... ਪੇਜ ਦੋ ਸੌ ਛਪੰਜਾ 'ਤੇ...।' ਅਸ਼ੋਕ ਚਾਹੁੰਦਾ ਸੀ ਆਨੰਦ ਮੂਰਤੀ ਵਿਆਹ ਦੀਆਂ ਰਸਮਾਂ ਨੂੰ ਗਹਿਰਾਈ ਨਾਲ ਪੜ੍ਹੇ।

" ... ਤੇ ਤੂੰ ਮੈਨੂੰ ਥੀਸਿਜ਼ ਨਹੀਂ ਦੇਣਾ?" ਅਸ਼ੋਕ ਨੇ ਵੀ ਆਨੰਦ ਮੂਰਤੀ ਤੋਂ ਥੀਸਿਜ਼ ਦੀ ਮੰਗ ਕਰ ਲਈ।

"ਮੈਂ ਤੈਨੂੰ ਸੀ ਡੀ ਦੇ ਦੇਣੀ ਉਹ ਲੈਲੀਂ...।'

ਆਨੰਦ ਮੂਰਤੀ ਦੀ ਇਹ ਗੱਲ ਸੁਣ ਅਸ਼ੋਕ ਅੰਦਰੋਂ ਅੰਦਰੀਂ ਪ੍ਰੇਸ਼ਾਨ ਜਿਹਾ ਹੋ ਗਿਆ।

"ਪੈਸੇ ਕਾਰਨ...।" ਇਹ ਵਾਕ ਅਸ਼ੋਕ ਨੇ ਆਪਣੇ ਅੰਦਰੋਂ ਅੰਦਰੀਂ ਹੀ ਘੁੱਟ ਲਿਆ।

ਫਿਰ ਦੋਹੇਂ ਆਪੋ ਆਪਣੇ ਕੰਮਾਂ 'ਚ ਰੁੱਝ ਗਏ। ਸਮੇਂ ਨਾਲ ਦੋਹਾਂ ਦੇ ਵਿਛੜਨ ਦਾ ਵੇਲਾ ਵੀ ਆ ਗਿਆ।

"ਅਸ਼ੋਕ ! ਮੇਰਾ ਸ਼ੈਦ ਵਿਆਹ ਹੋ ਜਾਏ, ਬਸ ਨੌਕਰੀ ਲੱਗਣ ਦੀ ਦੇਰ ਹੈ ਮੈਂ ਤਾਂ ਇੰਡੀਆ 'ਚ ਰਹੂੰਗਾ... ਤੂੰ ਮੇਰੇ ਵਿਆਹ 'ਚ ਜ਼ਰੂਰ ਆਈਂ।' ਆਨੰਦ ਮੂਰਤੀ ਥੋੜ੍ਹੇ ਉਤਸ਼ਾਹ ਨਾਲ ਬੋਲਿਆ।

"ਕੁੜੀ ਦੇਖੀ ਘਰਦਿਆਂ...?"

'ਫ਼ੋਨ ਆਇਆ ਸੀ ਮਾਤਾ ਦਾ ਕਹਿੰਦੀ ਸੀ ਇਕ ਬੜੀ ਸੰਸਕਾਰੀ ਤੇ ਸੁਸ਼ੀਲ ਕੁੜੀ ਦੇਖੀ ਤੇਰੇ ਲਈ... ਬਿਲਕੁਲ ਤੇਰੇ ਵਰਗੀ ਧਾਰਮਿਕ ਵੀ... ਆਨੰਦ ਮੂਰਤੀ ਸ਼ਾਇਦ ਇਸ ਰਿਸ਼ਤੇ ਲਈ ਅੰਦਰੋਂ ਖ਼ੁਸ਼ ਸੀ। ਸਮੇਂ ਨਾਲ ਦੋਹਾਂ ਦੀ ਪੀ ਐੱਚ. ਡੀ. ਕੰਮ ਮੁਕੰਮਲ ਹੋ ਗਿਆ। ਅਸ਼ੋਕ ਨੇ ਆਪ ਆਪਣੇ ਹੱਥਾਂ ਨਾਲ ਆਪਣਾ ਸੁੰਦਰ ਥੀਸਿਜ਼ ਆਨੰਦ ਮੂਰਤੀ ਨੂੰ ਭੇਂਟ ਕੀਤਾ। ਫਿਰ ਅਸ਼ੋਕ ਹੀਥਰੋ ਹਵਾਈ ਅੱਡੇ 'ਤੇ ਖ਼ੁਦ ਆਨੰਦ ਮੂਰਤੀ ਨੂੰ ਜਹਾਜ਼ ਚੜ੍ਹਾ ਕੇ ਆਇਆ। ਆਨੰਦ ਮੂਰਤੀ ਦੀ ਸਾਰੀ ਟੀਮ ਵੀ ਨਾਲ ਸੀ।

ਇੰਡੀਆ ਪਹੁੰਚਣ 'ਤੇ ਕਈ ਦਿਨ ਆਨੰਦ ਮੂਰਤੀ ਉਦਾਸ ਰਿਹਾ ਪਰ ਉਸ ਵੇਲੇ ਉਸਦੀ ਉਦਾਸੀ ਦੂਰ ਹੋ ਗਈ ਜਦੋਂ ਮਾਤਾ ਦੇ ਕਾਲਜ ਵਿਚ ਉਹ ਇਤਿਹਾਸ ਦਾ ਅਸਿਸਟੈਂਟ ਪ੍ਰੋਫ਼ੈਸਰ ਨਿਯੁਕਤ ਹੋ ਗਿਆ। ਅਸ਼ੋਕ ਨਾਲ ਉਹਦੀਆਂ ਫ਼ੋਨ ਤੇ ਗੱਲਾਂ ਹੋ ਜਾਂਦੀਆਂ ਸਨ। ਅਸ਼ੋਕ ਨੇ ਵੀ ਗੱਲਾਂ ਗੱਲਾਂ ਵਿਚ ਦੱਸ ਦਿੱਤਾ ਕਿ ਉਹ ਤੇ ਇਟਾਲੀਅਨ ਕੁੜੀ ਇਕੱਠੇ ਇਕ ਕਮਰੇ 'ਚ ਰਹਿੰਦੇ ਸਨ। ਬਿਨਾਂ ਵਿਆਹ ਦੇ ਸੰਬੰਧਾਂ ਨਾਲ ਹੀ।" ਉਹਦੀ ਗੱਲ ਸੁਣ ਆਨੰਦ ਮੂਰਤੀ ਦਿਲ ਹੀ ਦਿਲ 'ਚ ਕਹਿਣ ਲੱਗਾ, "ਤੂੰ ਇਹ ਕੀ... ਕੀ ਕੀਤਾ... ਆਪਾਂ ਤਾਂ ਸੰਸਕਾਰੀ ਮੁਲਕ ਦੇ ਵਸਨੀਕ ਹਾਂ...।"

...........................

ਦਿਨ ਲੰਘਦੇ ਗਏ। ਆਨੰਦ ਮੂਰਤੀ ਦਾ ਵਿਆਹ ਬੜੇ ਧੂਮ ਧਾਮ ਨਾਲ ਸੰਸਕਾਰੀ ਕੁੜੀ ਅਪੂਰਵਾ

ਨਾਲ ਹੋਇਆ। ਉਸਨੇ ਧਰਮ ਵਿਸ਼ੇ 'ਤੇ ਪੀਐੱਚ. ਡੀ. ਕੀਤੀ ਹੋਈ ਸੀ। ਆਨੰਦ ਮੂਰਤੀ ਦਾ ਸਾਰਾ ਪਰਿਵਾਰ ਬਹੁਤ ਖ਼ੁਸ਼ ਸੀ। ਇਕ ਦਿਨ ਖ਼ੁਸ਼ੀ 'ਚ ਹੀ ਆਨੰਦ ਮੂਰਤੀ ਨੇ ਅਸ਼ੋਕ ਨੂੰ ਫ਼ੋਨ ਕੀਤਾ, "ਅਸ਼ੋਕ ਮੈਂ ਆਪਣੀ ਬੀਵੀ ਨਾਲ ਬੜਾ ਖ਼ੁਸ਼ ਹਾਂ... ਅਸੀਂ ਦੋਹਾਂ ਮਿਲ ਕੇ ਤੇਰਾ ਸਾਰਾ ਥੀਸਿਜ਼ ਪੜ੍ਹਿਆ ਹੈ। ਮੈਂ ਤਾਂ ਹੈਰਾਨ ਹੋ ਗਿਆ ਕਬੀਲੇ ਦੇ ਸੰਸਕਾਰ ਪੜ੍ਹ ਕੇ... ਹਾਂ ਸੱਚ ਵਿਆਹ ਦਾ ਉਹ ਸੰਸਕਾਰ ਜੋ ਪੇਜ ਦੋ ਸੌ ਛਪੰਜਾ 'ਤੇ ਸੀ। ਮੈਂ ਅੰਡਰ ਲਾਈਨ ਕੀਤਾ... ਉਹ ਪੜ੍ਹ ਕੇ ਤਾਂ ਰੌਂਗਟੇ ਖੜ੍ਹੇ ਹੁੰਦੇ... ਤੂੰ ਜਦੋਂ ਇੰਡੀਆ ਆਇਆ ਘਰ ਜ਼ਰੂਰ ਆਈਂ...।"

"ਓ. ਕੇ.।" ਅਸ਼ੋਕ ਨੇ ਸਿਰਫ ਇਹੀ ਕਿਹਾ।

ਆਨੰਦ ਮੂਰਤੀ ਨੇ ਅਸ਼ੋਕ ਬਾਬਤ ਸਾਰਾ ਕੁਝ ਆਪਣੀ ਪਤਨੀ ਅਪੂਰਵਾ ਨੂੰ ਦੱਸ ਦਿੱਤਾ ਸੀ। ਅਪੂਰਵਾ ਦੇ ਦਿਲ ਵਿਚ ਅਸ਼ੋਕ ਦੀ ਅਜਿਹੀ ਦਿਲਚਸਪ ਖੋਜ ਕਾਰਨ ਕੁਝ ਥਾਂ ਬਣ ਚੁੱਕੀ ਸੀ। ਉਹ ਜਦੋਂ ਵੀ ਉਹਦੇ ਥੀਸਿਜ਼ ਦਾ ਕੋਈ ਚੈਪਟਰ ਪੜ੍ਹਦੀ ਤਾਂ ਈ. ਮੇਲ 'ਤੇ ਆਪਣੇ ਵਿਚਾਰ ਵੀ ਲਿਖ ਦਿੰਦੀ ਸੀ। ਅਸ਼ੋਕ ਅਪੂਰਵਾ ਦੀਆਂ ਸਾਰੀਆਂ ਈ-ਮੇਲ ਆਪਣੀ ਪ੍ਰੇਮਿਕਾ ਨਾਲ ਸਾਂਝੀਆਂ ਕਰਨ ਲੱਗ ਪਿਆ ਸੀ।

ਪਰ! ਇਹ ਕੀ? ਕਈ ਦਿਨਾਂ ਤੋਂ ਅਪੂਰਵਾਂ ਦੀ ਕੋਈ ਈ ਮੇਲ ਅਸ਼ੋਕ ਨੂੰ ਨਾ ਮਿਲੀ। ਦੂਜੇ ਪਾਸੇ ਆਨੰਦ ਮੂਰਤੀ ਨੇ ਵੀ ਕੁਝ ਦਿਨਾਂ ਤੋਂ ਮਹਿਸੂਸ ਕੀਤਾ ਘਰ ਵਿਚ ਜਿਵੇਂ ਹਾਸਰਸ ਮਾਹੌਲ ਖ਼ਤਮ ਹੋ ਗਿਆ ਹੋਵੇ। ਕਈ ਦਿਨਾਂ ਤੋਂ ਆਨੰਦ ਮੂਰਤੀ ਦੇ ਘਰ ਵਿਚ ਲੌਕੀ ਕਾਫ਼ੀ ਮਾਤਰਾ 'ਚ ਬਣਦੀ ਆ ਰਹੀ ਸੀ।

"ਬਾਬਾ ਜੀ ਸਵਦੇਸ਼ੀ ਰਹਿਣ ਤੇ ਪਹਿਨਣ ਦਾ ਸੁਨੇਹਾ ਦਿੰਦੇ ਆ... ਲੌਕੀ ਦਾ ਜੂਸ ਕੱਢੋ ਪੀਓ ਖਾਓ... ਘਰ 'ਚ।' ਕਲਾਸ 'ਚ ਆਨੰਦ ਮੂਰਤੀ ਇਸ ਗੱਲ ਦਾ ਵਾਹਵਾ ਪ੍ਰਚਾਰ ਕਰਦਾ ਸੀ। ਮਾਂ ਬਾਪ ਵੀ ਅਲੱਗ 'ਚ ਉਸ ਬਾਬਤ ਚਰਚਾ ਕਰਦੇ।

ਆਨੰਦ ਮੂਰਤੀ ਦੇ ਵਿਆਹ ਤੋਂ ਪੂਰੇ ਛੇ ਮਹੀਨੇ ਬਾਅਦ ਅਸ਼ੋਕ ਨੂੰ ਬੜੀ ਖ਼ਤਰਨਾਕ ਈ ਮੇਲ ਮਿਲੀ। ਉਹ ਤਾਂ ਪੜ੍ਹ ਕੇ ਦੰਗ ਰਹਿ ਗਿਆ। ਲਿਖਿਆ ਸੀ, "ਡੀਅਰ ਅਸ਼ੋਕ ਤੁਹਾਡੇ ਥੀਸਿਜ਼ ਦੇ ਪੇਜ ਨੰਬਰ ਦੋ ਸੌ ਛਪੰਜਾ 'ਤੇ ਕਬੀਲੇ ਦੀਆਂ ਵਿਆਹ ਰਸਮਾਂ ਮੈਂ ਵਾਰ ਵਾਰ ਪੜ੍ਹੀਆਂ ਹਨ। ਕੁੜੀ ਨੂੰ ਵਿਆਹ 'ਚ ਦਿੱਤੀ ਜਾਂਦੀ ਸੰਦੂਕੜੀ ਬੜੇ ਕੰਮ ਦੀ ਆ। ਵਿਆਹ ਤੋਂ ਤਿੰਨ ਮਹੀਨੇ ਤੱਕ ਉਸ ਕਬੀਲੇ ਦੀ ਵਿਆਹੀ ਕੁੜੀ ਉਹ ਸੰਦੂਕੜੀ ਸਾਂਭ ਕੇ ਰੱਖਦੀ। ਜੇ ਤਾਂ ਜੰਦਰਾ ਟੁੱਟਾ ਹੋਇਆ ਹੈ ਤੇ ਅੰਦਰ ਪਏ ਮਰਦ ਦੇ ਲਿੰਗ ਦੀ ਸ਼ਕਲ ਦੇ ਦੋ ਹਿੱਸੇ ਹੋਏ ਹੋਣ ਤਾਂ ਵਿਆਹੁਤਾ ਜੀਵਨ ਤੋਂ ਅਸੰਤੁਸ਼ਟ ਕੁੜੀ ਨੂੰ ਪੂਰਨ ਅਧਿਕਾਰ ਹੈ ਘਰ ਛੱਡ ਕੇ ਚਲੇ ਜਾਣ ਦਾ ਅਤੇ ਜੇ ਤਿੰਨ ਮਹੀਨੇ ਤੱਕ ਸੰਦੂਕੜੀ ਦਾ ਜਿੰਦਰਾ ਨਹੀਂ ਟੁੱਟਦਾ ਤਾਂ ਸੰਦੂਕੜੀ ਸਫ਼ਲ ਵਿਆਹ ਦੀ ਨਿਸ਼ਾਨੀ ਹੈ ਤੇ ਇਸ ਨੂੰ ਬੜੇ ਚਾਵਾਂ ਨਾਲ ਪਾਣੀ 'ਚ ਬਹਾਇਆ ਜਾਂਦੈ... ਇਹ ਵੀ ਇਕ ਸੰਪੂਰਨ ਵਿਆਹ ਦੀ ਰਸਮ ਹੈ।

ਆਖ਼ਰੀ ਸਤਰਾਂ ਪੜ੍ਹ ਕੇ ਜਿਵੇਂ ਅਸ਼ੋਕ ਉੱਪਰ ਬਿਜਲੀ ਡਿੱਗ ਪਈ ਹੋਵੇ। ਲਿਖਿਆ ਸੀ? "ਤੂੰ ਫ਼ੋਨ 'ਤੇ ਆਨੰਦ ਮੂਰਤੀ ਨੂੰ ਸਮਝਾ ਦੇਈਂ। ਮੈਂ ਤੇਰੇ ਥੀਸਿਜ਼ ਦਾ ਦੋ ਸੌ ਛਪੰਜਾ ਵਾਲਾ ਪੇਜ ਫ਼ੋਟੋ ਕਾਪੀ ਕਰਕੇ ਤੇ ਉਸ ਵਿਚ ਲੰਬੀ ਲੌਕੀ ਦੇ ਦੋ ਹਿੱਸੇ ਕਰਕੇ ਗੋਦਰੇਜ਼ ਦੀ ਅਲਮਾਰੀ ਵਿਚ ਸੇਫ਼ ਵਾਲੇ ਖ਼ਾਨੇ 'ਚ ਰੱਖ ਆਈ ਆਂ... ਮੈਂ ਤਾਂ ਛੇ ਮਹੀਨੇ ਕੱਢ ਲਏ ਨੇ... ਹੁਣ ਮੈਂ ਕਦੇ ਇਸ ਘਰ ਨਹੀਂ ਪਰਤਣਾ... ਥੈਂਕਸ...।"

ਅਸ਼ੋਕ ਨੇ ਆਨੰਦ ਮੂਰਤੀ ਨੂੰ ਫ਼ੋਨ ਕਰਨ ਲਈ ਨੰਬਰ ਮਿਲਾ ਦਿੱਤਾ। (**ਸੰਪਰਕ-99**145-65255)



## ਕਹਾਣੀ / ਬਾਹਵਾਂ ਦੀ ਪਨਾਹ / ਡਾ. ਕਰਮਜੀਤ ਸਿੰਘ ਨਡਾਲਾ

ਕਿੰਦਰ ਨੂੰ ਹਸਪਤਾਲ 'ਚ ਲੱਗਿਆਂ, ਅਜੇ ਥੋੜ੍ਹੇ ਮਹੀਨੇ ਹੀ ਹੋਏ ਸੀ। ਪਰ ਜਦੋਂ ਵੀ ਮੇਰੇ ਨਾਲ ਕੰਮ ਕਰਦੀ ਤਾਂ ਮੇਰੇ ਵੱਲ ਕੁਨੱਖਾ ਜਿਹਾ ਝਾਕੀ ਜਾਂਦੀ। ਉਹ ਇਸ ਗੱਲ ਨੂੰ ਨੋਟ ਕਰਦਾ। ਜਦੋਂ ਉਹ ਉਸ ਵੱਲ ਦੇਖਦਾ ਤਾਂ ਉਹ ਨੀਵੀਂ ਪਾ ਲੈਂਦੀ। ਪਤਾ ਨਹੀਂ ਇਵੇਂ ਕਿਉਂ ਕਰਦੀ। ਮੇਰੇ 'ਚੋਂ ਕੀ ਭਾਲਦੀ। ਮੈਨੂੰ ਇਹ ਬੁਝਾਰਤ ਜਿਹੀ ਸਮਝ ਨਾ ਪੈਂਦੀ। ਕਈ ਵਾਰ ਇਵੇਂ ਵੀ ਜਾਪਦਾ, ਜਿਵੇਂ ਉਹ ਮੈਥੋਂ ਕੁਝ ਪੁੱਛਣਾ ਚਾਹ ਰਹੀ ਹੋਵੇ।

ਚਲੋ ਖ਼ੈਰ ਮਰੀਜ਼ ਦੇਖਦਿਆਂ ਰਾਤ ਦੇ ਦਸ ਵੱਜ ਗਏ। ਇਵੇਂ ਲੱਗਭਗ ਰੋਜ਼ ਹੀ ਹੁੰਦਾ। ਮਾਂ ਬਾਪ ਉਡੀਕ ਰਹੇ ਹੁੰਦੇ। ਰੋਟੀ ਖਾਂਦਿਆਂ ਕੁਝ ਇੱਕ ਗੱਲਾਂ ਹੁੰਦੀਆਂ। ਫੇਰ ਉਹ ਆਪੋ ਆਪਣੇ ਕਮਰਿਆਂ 'ਚ ਜਾ ਵੜਦੇ।

ਉਹ ਕਦੋਂ ਦਾ ਰਜ਼ਾਈ 'ਚ ਵੜਿਆ ਹੋਇਆ। ਪਰ ਨੀਂਦ ਨਹੀਂ ਆ ਰਹੀ। ਹੁਣ ਤਾਂ ਅੱਧੀ ਰਾਤ ਹੋ ਗਈ। ਕੱਲਿਆਂ ਕਮਰੇ 'ਚ ਪਿਆਂ ਅਜੀਬ ਅਜੀਬ ਖਿਆਲ ਆ ਰਹੇ। ਅਚਵੀ ਜਿਹੀ ਲੱਗੀ ਹੋਈ। ਜਿਵੇਂ ਉਸ ਅੰਦਰੋਂ ਕੁਝ ਕੁਤਰਿਆ ਜਾ ਰਿਹਾ ਹੋਵੇ।

ਬੰਦ ਕਮਰਾ ਜਿਵੇਂ ਕਿਸੇ ਸਾਜਿਸ਼ ਨੂੰ ਅੰਜ਼ਾਮ ਦੇ ਰਿਹਾ। ਮੇਰੇ ਤੇਜ਼ ਤੇਜ਼ ਚਲਦੇ ਸਾਹ। ਠੱਕ ਠੱਕ ਵਜਦਾ ਦਿਲ। ਜਿਵੇਂ ਮੇਰੇ ਅੰਦਰਲਾ ਲੁਹਾਰ ਆਇਰਨ 'ਤੇ ਸੱਟਾਂ ਮਾਰ ਰਿਹਾ।

ਠੰਢੀਆਂ ਤੇ ਹਨੇਰੀਆਂ ਰਾਤਾਂ ਦੇ ਦੌਰ ਚਲ ਰਹੇ। ਮੈਨੂੰ ਹਰ ਰਾਤ ਵੱਖਰੀ ਤੇ ਘੋਰ ਕਾਲੀ ਜਾਪਦੀ।

ਕਦੇ ਅਚਾਨਿਕ ਮੇਰਾ ਹੱਥ ਨਾਲ ਦੇ ਸਰ੍ਹਾਣੇ 'ਤੇ ਇਵੇਂ ਫਿਰਦਾ ਜਿਵੇਂ ਪਤਨੀ ਦੇ ਚਿਹਰੇ 'ਤੋਂ ਹੁੰਦਾ ਹੋਇਆ ਉਹਦੇ ਗਲ੍ਹਮੇਂ 'ਚ ਆ ਫਸਿਆ ਹੋਵੇ। ਪਰ ਉੱਥੇ ਤਾਂ ਕੁਝ ਵੀ ਨਹੀਂ ਸੀ। ਮੈਂ ਸਾਰੀ ਰਾਤ ਭਿਅੰਕਰ ਜੰਗਲ 'ਚ ਭਟਕਦਾ ਜੁਗਨੂੰਆਂ ਦਾ ਪਿੱਛਾ ਕਰਦਾ ਰਹਿੰਦਾ। ਪਰ ਜੁਗਨੂੰਆਂ ਦਾ ਨਿੱਕਾ ਜਿਹਾ ਚਾਨਣ ਵੀ ਮੇਰਾ ਮਾਰਗ ਦਰਸ਼ਕ ਨਾ ਬਣਦਾ।

ਇਵੇਂ ਤਾਂ ਹੁਣ ਰੋਜ਼ ਹੀ ਹੋਣ ਲੱਗਾ ਸੀ। ਅੱਖਾਂ ਜਿਵੇਂ ਸਾਰੀ ਰਾਤ ਉਨੀਂਦੀਆਂ, ਪਹਿਰਾ ਦਿੰਦੀਆਂ ਰਹਿੰਦੀਆਂ। ਨੀਂਦ ਤਾਂ ਖੌਰੇ ਕਿੱਥੇ ਉੱਡ ਪੁੱਡ ਹੀ ਗਈ ਸੀ। ਜਿਵੇਂ ਹਰ ਨੀਂਦ ਦਾ ਝੋਕਾ ਮੇਰੀਆਂ ਅੱਖਾਂ ਅੱਗੇ ਆ ਕੇ ਦਮ ਤੋੜ ਦੇਂਦਾ। ਮੇਰਾ ਸਰੀਰ ਸਹਿਮੀਆਂ ਸਹਿਮੀਆਂ ਜਿਹੀਆਂ ਅੰਗੜਾਈਆਂ ਭੰਨ੍ਹਦਾ। ਜਿਵੇਂ ਰਜਾਈ ਨਾਲ ਗੁਥਮ ਗੁੱਥਾ ਹੋ ਰਿਹਾ ਹੋਵਾਂ। ਖੌਰੇ ਸੂਲਾਂ ਵਾਂਗੂੰ ਚੁੱਭਦੀ ਰਜ਼ਾਈ ਉਸਨੂੰ ਸੌਣ ਨਾ ਦੇਂਦੀ। ਇੰਜ ਜਾਪਦਾ, ਰਜ਼ਾਈ 'ਚ ਉਹ ਨਿੱਘ ਨਹੀਂ ਸੀ ਰਿਹਾ। ਉਹ ਠੰਢੀ ਜਿਹੀ ਹੋ ਗਈ ਸੀ।

ਸੁੰਨਸਾਨ ਤੇ ਠੰਢੀਆਂ ਰਾਤਾਂ 'ਚ ਵੀ ਜਿਵੇਂ ਮੇਰੇ ਕੰਨਾਂ 'ਚ ਪਤਨੀ ਦੇ ਵਿਗੜੇ ਬੋਲ ਗੂੰਜਦੇ।

ਮੈਂ ਕਿਤਾਬ ਲੈ ਕੇ ਬੈਠ ਗਿਆ। ਨਾਵਲ ਪੜ੍ਹਦਿਆਂ ਕਹਾਣੀ 'ਚ ਮਨ ਟਿਕਾਉਂਦਾ। ਪਰ ਮਨ ਚਿਤ ਤਾਂ ਟਿਕਦਾ ਹੀ ਨਾ। ਮੈਂ ਬੇਚੈਨ ਹੋ ਜਾਂਦਾ।

ਛੱਤ ਵੱਲ ਝਾਕਦਾ। ਕੁਦਰਤ ਦਾ ਅਜੀਬ ਤਮਾਸ਼ਾ। ਮੱਕੜੀਆਂ ਨੇ ਥਾਂ ਥਾਂ ਜਾਲ੍ਹੇ ਬੁਣੇ ਹੋਏ। ਭੈੜੇ ਲੱਗਦੇ। ਮੇਰਾ ਤਾਂ ਇਨ੍ਹਾਂ ਵੱਲ ਕਦੇ ਧਿਆਨ ਹੀ ਨਹੀਂ ਗਿਆ। ਪਰ ਇਨ੍ਹਾਂ ਨੂੰ ਲਾਹੁਣ ਦੀ ਹਿੰਮਤ ਕਿੱਥੇ ਜਿਵੇਂ ਮੈਂ ਦਲਿੱਦਰੀ ਹੋ ਗਿਆ ਹੋਵਾਂ। ਬਸ ਉਨ੍ਹਾਂ ਵੱਲ ਇੱਕੋ ਟੱਕ ਦੇਖੀ ਜਾ ਰਿਹਾਂ। ਪਰ ਜਾਲ੍ਹੇ ਤਾਂ ਮੇਰੇ ਅੰਦਰ ਹੁਣ ਦਿਨੋਂ ਦਿਨ ਫ਼ੈਲਦੇ ਜਾ ਰਹੇ। ਮੈਂ ਉਨ੍ਹਾਂ ਦੇ ਮੱਕੜਜ਼ਾਲ 'ਚ ਫਸਿਆ ਬੈਠਾ ਸਾਂ। ਹਨੇਰੇ ਦਾ ਮੱਕੜਜ਼ਾਲ ਮੇਰੇ ਅੰਦਰ ਪੱਸਰਦਾ ਜਾ ਰਿਹਾ। ਜਿਸ 'ਚ ਉਹ ਉਲਝਦਾ ਹੀ ਜਾ ਰਿਹਾ ਸੀ।

ਹਵਾ ਨਾਲ ਉੱਡਦੇ ਪੱਤਿਆਂ ਵਾਂਗੂੰ ਜ਼ਿੰਦਗੀ ਦੇ ਅਹਿਮ ਚੌਦਾਂ ਵਰ੍ਹੇ ਖਿਸਕ ਗਏ ਸਨ। ਜਿਵੇਂ ਸਦੀਆਂ ਲੰਘ ਗਈਆਂ ਹੋਣ। ਉਹ ਤਾਂ ਅਗਾਂਹ ਨੂੰ ਚੱਲਣ ਵਾਲੇ ਮਨੁੱਖਾਂ ਵਰਗਾ, ਜਿਸਨੂੰ ਅਗਾਂਹਵਧੂ ਕਹਿੰਦੇ। ਪਰ

ਅੱਜ ਏਨੇ ਵਰ੍ਹਿਆਂ ਬਾਅਦ ਉਸ ਪਿੱਛੇ ਭਉਂ ਕੇ ਦੇਖਿਆ, ਉਹ ਤਾਂ ਜਿਵੇਂ ਉੱਥੇ ਹੀ ਇੱਕੋ ਟੰਗ ਖੜ੍ਹਾ ਸੀ। ਕਿਸੇ ਖੜਸੁੱਕ ਰੁੱਖ ਵਾਂਗੂੰ। ਉਹ ਠਹਿਰ ਜਿਹਾ ਗਿਆ ਸੀ। ਫ਼ੈਲ ਗਈਆਂ ਜੜ੍ਹਾਂ ਨੇ ਉਸਨੂੰ ਇਕ ਕਦਮ ਵੀ ਹਿੱਲਣ ਨਹੀਂ ਸੀ ਦਿੱਤਾ।

ਵਰ੍ਹਿਆਂ ਦਾ ਕੱਚਾ-ਚਿੱਠਾ ਫ਼ੋਲਦਿਆਂ ਉਹਦਾ ਦਿਮਾਗ਼ ਘੁੰਮ ਗਿਆ ਸੀ। ਉਸਨੂੰ ਯਾਦ ਆ ਰਿਹਾ, ਰਿਸਤਿਆਂ ਦਾ ਸਾਫ਼ ਪਾਣੀ ਕਿਵੇਂ ਤੇ ਕਦੋਂ ਗੰਧਲਾ ਜਿਹਾ ਹੋ ਗਿਆ ਸੀ। ਉਸਨੂੰ ਪਤਾ ਹੀ ਨਾ ਲੱਗਾ।

ਗਣਿਤ ਦੇ ਸਵਾਲ ਤਾਂ ਝੱਟ ਹੱਲ ਕਰ ਲੈਂਦਾ। ਪਰ ਜ਼ਿੰਦਗੀ ਦੇ ਸੁਆਲਾਂ 'ਚ ਉਹ ਬੁਰੀ ਤਰ੍ਹਾਂ ਉਲਝ ਕੇ ਰਹਿ ਗਿਆ ਸੀ। ਜ਼ਿੰਦਗੀ ਤਾਂ ਸੁਆਲਾਂ ਦਾ ਪਿਟਾਰਾ ਸੀ। ਉਸਨੇ ਕਦੇ ਕਿਆਸਿਆ ਵੀ ਨਹੀਂ ਸੀ, ਉਹਦੇ ਸੁਪਨੇ ਇੰਝ ਵਾਰ ਵਾਰ ਟੁੱਟਦੇ ਭੱਜਦੇ ਰਹਿਣਗੇ।

ਘਣਕੋਰ ਕਾਲੀ ਰਾਤ ਜੋ ਸੰਘਣੇ ਤਾਰਿਆਂ ਨਾਲ ਭਰੀ ਹੋਈ। ਜਿੱਥੋਂ ਅਚਨਚੇਤ ਇੱਕ ਤਾਰਾ ਟੁੱਟਿਆ ਤੇ ਹੇਠਾਂ ਧਰਤੀ ਵੱਲ ਮੂੰਹ ਪਰਨੇ ਆ ਪਿਆ ਸੀ। ਉਸਨੂੰ ਇਵੇਂ ਜਾਪਿਆ ਜਿਵੇਂ ਉਸਦੀ ਰੂਹ ਦਾ ਆਈਨਾ ਉਸਦੇ ਪੈਰਾਂ 'ਚ ਆ ਕੇ ਤਿੜਕ ਗਿਆ ਹੋਵੇ। ਉਸਦੇ ਤਾਂ ਪੈਰਾਂ ਹੇਠ ਭੁਚਾਲ ਛੂਕਦਾ ਪਿਐ। ਉਹ ਗੰਭੀਰ ਹੋ ਗਿਆ।

ਪਤਨੀ ਬਾਲਾਂ ਸਮੇਤ ਪੇਕੇ ਤੁਰ ਗਈ ਸੀ। ਉਹ ਤਾਂ ਇਵੇਂ ਅਕਸਰ ਹੀ ਬਹਾਨੇ ਲਾ ਕੇ ਚਲੀ ਜਾਂਦੀ। ਉਹ ਛਟਪਟਾ ਕੇ ਰਹਿ ਜਾਂਦਾ। ਇਸ ਵਾਰ ਤਾਂ ਕਈ ਮਹੀਨੇ ਹੋ ਗਏ ਸਨ। ਪਰ ਉਸ ਮਾਂ ਦੀ ਧੀ ਨੇ ਮੋੜਾ ਨਹੀਂ ਸੀ ਪਾਇਆ। ਨਾ ਉਹ ਕਿਸੇ ਦੀ ਗੱਲ ਸੁਣਦੀ। ਨਾ ਉਹਦੇ ਮਾਪੇ। ਨਾ ਹੂੰਅ ਨਾ ਹਾਂਅ। ਸਭ ਪਾਸੇ ਚੁੱਪ ਗੜੁੱਪ। ਜੰਗਲ ਵਰਗਾ ਸੰਨਾਟਾ। ਬਵੇਸੀ ਜਿਵੇਂ ਕੁਝ ਵੀ ਉਹਦੇ ਵਸ 'ਚ ਨਹੀਂ ਸੀ।

ਤਰੀਕਾਂ ਬਦਲਦੀਆਂ ਜਾ ਰਹੀਆਂ। ਤਰੀਕਾਂ ਕੀ ਸਾਰਾ ਕੁਝ ਬਦਲ ਗਿਆ ਸੀ। ਜਿਵੇਂ ਇੱਕ ਵਕਤ ਹੀ ਬਦਲ ਗਿਆ ਹੋਵੇ। ਅਕਸਰ ਹੀ ਇਵੇਂ ਹੁੰਦਾ। ਜਦੋਂ ਉਹ ਪੇਕੇ ਜਾਂਦੀ।

ਪਤਨੀ ਦਾ ਹਾਲ ਤਾਂ ਛੱਪੜ 'ਚ ਵੜੀ ਮੱਝ ਵਾਲਾ ਸੀ। ਪਰ ਇਸ ਵਾਰ ਤਾਂ ਉਹ ਕਦੇ ਵੀ ਵਾਪਸ ਨਾ ਆਉਣ ਬਾਰੇ ਕਹਿ ਗਈ ਸੀ। ਜਿਵੇਂ ਉਸਦਾ ਮੈਥੋਂ ਮਨ ਭਰ ਗਿਆ ਹੋਵੇ। ਬੱਚੇ ਜਦੋਂ ਮਰਜ਼ੀ ਲੈ ਜਿਓ। ਮੈਨੂੰ ਇਹ ਵੀ ਨਹੀਂ ਚਾਹੀਦੇ। ਉਹ ਇਵੇਂ ਟੁਣਕਾਅ ਕੇ ਕਹਿ ਗਈ ਸੀ। ਖੌਰੇ ਉਸ ਅੰਦਰ ਕਿਹੜੀ ਅਵਾਰਗੀ ਭਰ ਗਈ ਸੀ।

ਉਹ ਤੜਫ਼ ਉੱਠਿਆ। ਉਸਨੂੰ ਆਪਣੇ ਆਪ 'ਚ ਨਮੋਸ਼ੀ ਆਈ। ਬਥੇਰਾ ਛਟਪਟਾਇਆ। ਪਰ ਕੁਝ ਵੀ ਨਾ ਕਰ ਸਕਿਆ। ਪਰ ਉਹ ਵਿਗੜੀ ਹੋਈ ਔਰਤ ਨੂੰ ਕਿਵੇਂ ਸਮਝਾਉਂਦਾ। ਉਸਦੇ ਸਾਰੇ ਤਰੀਕੇ ਤਾਂ ਫ਼ੇਲ ਹੋ ਗਏ ਸਨ ਨਾ ਉਸ ਔਰਤ ਤੇ ਪਿਆਰ ਦਾ ਅਸਰ ਹੁੰਦਾ। ਨਾ ਸਮਝਾਉਣ ਦਾ। ਨਾ ਸਖਤੀ ਦਾ।

ਕਦੇ ਉਹ ਸਵੇਰੇ ਡਿਊਟੀ 'ਤੇ ਹਸਪਤਾਲ ਜਾਂਦਾ। ਆ ਕੇ ਘਰਦੇ ਕੰਮ ਕਰਦਾ ਫਿਰਦਾ। ਉਹ ਹਰ ਵੇਲੇ ਕੁਝ ਨਾ ਕੁਝ ਕਰਦਾ ਹੀ ਰਹਿੰਦਾ। ਵਿਹਲਾ ਵੀ ਨਾ ਬੈਠਦਾ। ਵਿਹਲ ਉਹਦੇ ਸੁਭਾਅ 'ਚ ਹੀ ਨਹੀਂ ਸੀ। ਇੱਕ ਪਾਸੇ ਉਹ ਕੰਮ ਕਰ ਰਿਹਾ ਹੁੰਦਾ। ਉਸੇ ਵੇਲੇ ਉਸਦਾ ਦਿਮਾਗ਼ ਦੂਸਰੇ ਫਰੰਟ 'ਤੇ ਲੜ ਰਿਹਾ ਹੁੰਦਾ।

ਪਰ ਉਹ ਲੜਾਈ 'ਚ ਭਟਕਿਆ ਜਿਹਾ ਹਰ ਫਰੰਟ 'ਤੇ ਪਿੱਛੇ ਪਿੱਛੇ ਨੂੰ ਧੱਕਿਆ ਜਾ ਰਿਹਾ ਸੀ। ਉਹ ਧੁਰ ਅੰਦਰੋਂ ਜ਼ਿੰਦਗੀ ਦੇ ਕੌੜੇ ਕਸੈਲੇ ਤਜਰਬਿਆਂ ਦੇ ਕੌੜੇ ਘੁੱਟ ਪੀ ਰਿਹਾ ਸੀ। ਪਰ ਡਿੱਕੋਡੋਲੇ ਖਾਂਦਾ ਆਉਣ ਵਾਲਾ ਭਵਿੱਖ, ਉਸਨੂੰ ਭੈ ਭੀਤ ਕਰ ਰਿਹਾ।

ਇਵੇਂ ਸੋਚਦਿਆਂ ਉਹ ਬੁਰੀ ਤਰ੍ਹਾਂ ਡਰ ਜਿਹਾ ਜਾਂਦਾ। ਘਬਰਾਹਟ ਦੀ ਧੁੰਦ ਉਸਨੂੰ ਚੌਤਰਫ਼ਾ ਘੇਰ ਲੈਂਦੀ। ਜਿਵੇਂ ਉਸਦੀਆਂ ਅੱਖਾਂ 'ਤੇ ਬਰਫ਼ ਦੀ ਪਰਤ ਜੰਮ ਆਈ ਹੋਵੇ।

ਵਿਆਹ ਤੋਂ ਪਹਿਲਾਂ ਤਾਂ ਉਹ ਚੰਗੀ ਜ਼ਿੰਦਗੀ ਜਿਉ ਰਿਹਾ ਸੀ। ਬੇ ਪਰਵਾਹ ਜ਼ਿੰਦਗੀ। ਪਰ ਵਿਆਹ ਦਾ ਲੱਡੂ ਖਾਣ ਦੀ ਰੀਝ ਨੇ ਉਸਨੂੰ ਇੱਥੇ ਲਿਆ ਸੁੱਟਿਆ ਸੀ। ਹੁਣ ਔਰਤ ਬਿਨਾਂ ਜ਼ਿੰਦਗੀ ਕਿਵੇਂ ਦੀ ਹੋ



ਗਈ ਸੀ। ਜਿਵੇਂ ਘਰਦਾ ਵਜ਼ੂਦ ਮਾੜੇ ਪਲਸਤਰ ਵਾਂਗੂੰ ਦਿਨੋਂ ਦਿਨ ਝੜਦਾ ਹੀ ਜਾ ਰਿਹਾ।

ਘਰ ਤਾਂ ਘਰਦੇ ਜੀਆਂ ਨਾਲ ਹੁੰਦਾ। ਜਿਸ 'ਚ ਇੱਕ ਔਰਤ ਹੁੰਦੀ। ਜੋ ਅਸਲ ਘਰਦੀ ਰੀੜ ਦੀ ਹੱਡੀ ਹੁੰਦੀ। ਇੱਕ ਮਰਦ। ਫਿਰ ਬੱਚੇ। ਉਸ 'ਚ ਉਹਦੇ ਮਾਪੇ ਵੀ ਸ਼ਾਮਿਲ ਸਨ। ਪਰ ਇਹ ਸਭ ਕੁਝ ਜਿਵੇਂ ਖੁਰਦ ਬੁਰਦ ਜਿਹਾ ਹੋਇਆ ਪਿਆ। ਉਸਨੂੰ ਤਾਂ ਉਸਦੇ ਮਾਪਿਆਂ ਨਾਲ ਰਹਿਣਾ ਵੀ ਪਸੰਦ ਨਹੀਂ। ਉਹਨਾਂ ਦੀ ਘਰ 'ਚ ਹੋਂਦ ਨੇ ਉਹਦੀ ਅਜ਼ਾਦੀ 'ਚ ਖ਼ਲਲ ਪਾ ਦਿੱਤਾ ਸੀ।

ਪਤਨੀ ਦੀ ਇਹ ਮੰਗ ਵਾਜ਼ਬ ਨਹੀਂ ਸੀ। ਇਸਨੂੰ ਜ਼ਾਇਜ ਨਹੀਂ ਸੀ ਟਹਿਰਾਇਆ ਜਾ ਸਕਦਾ। ਇਵੇਂ ਉਨ੍ਹਾਂ ਦੇ ਤੁਰ ਜਾਣ ਨਾਲ ਉਹਨਾਂ ਦੇ ਵੀ ਤਾਂ ਜੀਵਨ 'ਚ ਇੱਕ ਸੁਨਾਮੀ ਆ ਜਾਣੀ ਸੀ। ਪਰ ਜਿਹੜੀ ਸੁਨਾਮੀ ਉਸ ਅੰਦਰ ਏਨੇ ਸਾਲਾਂ ਤੋਂ ਚਲ ਰਹੀ ਸੀ। ਉਸਨੂੰ ਕੌਣ ਡੱਕਾ ਲਾਵੇ। ਜਿਸਦੇ ਮੱਥੇ ਚੱਤੇ ਪਹਿਰ ਤਿਉੜੀਆਂ ਪਈਆਂ ਹੀ ਰਹਿੰਦੀਆਂ। ਜਿਸ ਤੋਂ ਖੁਸ਼ੀਆਂ ਦੇ ਬੁੱਲਿਆਂ ਦੀ ਕੋਈ ਆਸ ਨਹੀਂ ਸੀ।

ਪਰ ਹੁਣ ਮੇਰੀ ਜ਼ਿੰਦਗੀ ਤਾਂ ਇਹਨਾਂ ਸੁਨਾਮੀਆਂ ਤੇ ਤੁਫਾਨਾਂ 'ਚ ਖਿੰਡ ਪੁੰਡ ਜਿਹੀ ਗਈ ਸੀ। ਜਿੱਥੇ ਹਾਸੇ ਠੱਠੇ ਤਾਂ ਸਦਾ ਲਈ ਗਾਇਬ ਹੋ ਗਏ ਜਾਪਦੇ।

ਸਾਰਾ ਦਿਨ ਹਸਪਤਾਲ 'ਚ ਖਪਦਾ। ਫਿਰ ਸ਼ਾਮ ਨੂੰ ਰੋਟੀ ਖਾ ਕੇ ਉਸੇ ਹੀ ਘੁਰਨੇ 'ਚ ਆ ਵੜਦਾ। ਸਰਾਪੀ ਜਿਹੀ ਜ਼ਿੰਦਗੀ ਜਿਉਂਦਾ।

ਸਿਆਲ ਖਿੜਿਆ ਪਿਆ ਸੀ। ਧੁੱਪ ਦਾ ਤਾਂ ਕਈ ਦਿਨਾਂ 'ਤੋਂ ਨਾਮੋ ਨਿਸ਼ਾਨ ਵੀ ਨਹੀਂ ਸੀ ਰਿਹਾ। ਅਸਮਾਨੇ ਕਦੇ ਬਦਲੋਟੀਆਂ ਬਣਦੀਆਂ ਫ਼ੈਲਦੀਆਂ ਤੇ ਕਦੇ ਕਣੀਆਂ ਵੀ ਪੈਣ ਲੱਗਦੀਆਂ। ਠੰਢ ਖਹਿੜਾ ਨਹੀਂ ਸੀ ਛੱਡ ਰਹੀ। ਜਿਵੇਂ ਪੇਸ਼ ਹੀ ਪਈ ਹੋਵੇ। ਉਸਨੂੰ ਗੁੱਸਾ ਆਉਂਦਾ। ਇਸ ਰਜ਼ਾਈ ਨੂੰ ਵਗਾਹ ਪਰ੍ਹਾਂ ਮਾਰਾਂ। ਪਰ ਉਹ ਤਾਂ ਅੱਗੇ ਹੀ ਰਜ਼ਾਈ 'ਚ ਬੈਠਾ ਠੁਰ ਠੁਰ ਕਰ ਰਿਹਾ। ਜਿਵੇਂ ਉਹ ਆਪਣੇ ਰਿਸ਼ਤੇ ਦੀ ਲਾਸ਼ ਮੋਢੇ 'ਤੇ ਚੁੱਕੀ ਫਿਰਦਾ ਹੋਵੇ।

ਉਸ ਉਲਝੇ ਬੈਠੇ ਨੂੰ ਕਿਨਾਰਾ ਨਹੀਂ ਸੀ ਮਿਲ ਰਿਹਾ। ਪਰ ਉਹ ਤਾਂ ਸਾਰੀ ਦਿਹਾੜੀ ਮਰੀਜ਼ ਦੇਖਦਾ। ਲੋਕਾਂ ਨੂੰ ਦੁੱਖਾਂ 'ਚੋਂ ਬਾਹਰ ਕੱਢਦਾ। ਉਸਦਾ ਸਿਰ ਥੱਕ ਜਾਂਦਾ। ਦਿਨ ਤਾਂ ਫਿਰ ਵੀ ਰਿਸਦਾ ਰਿਸਦਾ ਲੰਘ ਹੀ ਜਾਂਦਾ। ਪਰ ਸ਼ਾਮੀ ਘਰ ਦਾ ਰੁੰਡ ਮਰੁੰਡ ਜਿਹਾ ਮੰਜ਼ਿਰ ਦਿਸਦਾ। ਮਾਪੇ ਆਪਣੇ ਕਮਰੇ 'ਚ ਬੈਠੇ ਨਿੱਕੀਆਂ ਨਿੱਕੀਆਂ ਗੱਲਾਂ ਕਰਦੇ। ਬੜ੍ਹੇ ਪਿਆਰੇ ਜਿਹੇ, ਹੰਸ ਹੰਸਣੀ ਦੇ ਜੋੜੇ ਵਾਂਗੂੰ ਜਾਪਦੇ। ਲੱਗਭਗ ਅੱਧੀ ਸਦੀ ਦਾ ਸਫ਼ਰ ਉਹਨਾਂ ਰਲ ਕੇ ਹਾਂ 'ਚ ਹਾਂ ਮਿਲਾ ਕੇ ਲੰਘਾ ਦਿੱਤਾ ਸੀ। ਉਨ੍ਹਾਂ ਦਾ ਤਾਂ ਕਦੇ ਮਾੜਾ ਮੋਟਾ ਵੀ ਖੜਕਾ ਨਹੀਂ ਸੀ ਸੁਣਿਆ। ਪਰ ਇੱਥੇ ਤਾਂ ਦਹਾਕੇ ਤੋਂ ਭਾਂਡੇ ਖੜਕਦੇ ਹੀ ਆ ਰਹੇ ਸਨ।

ਦਿਮਾਗ਼ ਪਰੇਸ਼ਾਨੀ 'ਚ ਭਰ ਜਾਂਦਾ। ਜ਼ਿੱਲ੍ਹਤ ਵੀ ਤਾਂ ਸਹਿਣੀ ਪੈਂਦੀ। ਬਈ ਲੋਕ ਤੇ ਰਿਸ਼ਤੇਦਾਰ ਦੀ ਕਹਿਣਗੇ, ਤੁਹਾਡੇ ਬਾਰਡਰ 'ਤੇ ਕਦੇ ਲੜਾਈ ਮੁੱਕਦੀ ਹੀ ਨਹੀਂ। ਤੁਸੀਂ ਹਰ ਵੇਲੇ ਸਿੰਙ ਫਸਾਈ ਰੱਖਦੇ ਹੋ।

ਉਸਨੂੰ ਆਪਣੇ ਆਪ 'ਤੇ ਕਚਿਆਣ ਜਿਹੀ ਆਉਂਦੀ। ਜਿਵੇਂ ਕਿਸੇ ਕੰਬਖ਼ਤ ਨੇ ਰੋੜਾ ਮਾਰਕੇ ਉਸਦੇ ਮਨ ਦੇ ਸ਼ਾਂਤ ਪਾਣੀ 'ਚ ਲਹਿਰਾਂ ਪੈਦਾ ਕਰ ਦਿੱਤੀਆਂ ਸਨ। ਉਸਨੂੰ ਇਵੇਂ ਚੱਤੋ ਪਹਿਰ ਸੋਚਣ ਦੀ ਜਿਵੇਂ ਬਿਮਾਰੀ ਲੱਗ ਗਈ ਹੋਵੇ।

ਅੱਜ ਤੀਸਰਾ ਦਿਨ ਹੋ ਗਿਆ, ਬਾਰਸ਼ ਪੈ ਰਹੀ। ਪਾਲਾ ਪਲ ਪਲ ਵਧਦਾ ਹੀ ਜਾ ਰਿਹਾ। ਪਰ ਅਮਰੀਕ ਨੂੰ ਜਾਪਦਾ ਉਸਦੀ ਤਾਂ ਠੰਢ ਨੇ ਕੁਝ ਜਿਆਦਾ ਹੀ ਮੱਤ ਮਾਰੀ ਹੋਈ। ਮੀਂਹ ਦੇਖ ਦੇਖ ਖਿੱਝ ਚੜਦੀ। ਹਰ ਪਾਸੇ ਗਲੀਆਂ ਬਜ਼ਾਰਾਂ 'ਚ ਚਿੱਕੜ ਹੀ ਚਿੱਕੜ। ਜਿਵੇਂ ਚਿੱਕੜ ਉਸਦੀ ਰਜ਼ਾਈ 'ਚ ਵੀ ਆ ਵੜਿਆ ਹੋਵੇ।

ਦੁਪਹਿਰ ਦੇ ਦੋ ਵੱਜ ਗਏ। ਓ. ਪੀ. ਡੀ. 'ਚ ਬੈਠਿਆਂ ਨੀਂਦ ਦੇ ਝੌਂਕੇ ਆਉਣ ਲੱਗੇ ਸਨ। ਇਸ ਵੇਲੇ ਮਰੀਜ਼ ਕੁਝ ਘੱਟ ਹੀ ਆਉਂਦੇ। ਉਹ ਸਟੂਲ 'ਤੇ ਲੱਤਾ ਪਸਾਰ ਕੇ ਕੁਰਸੀ 'ਤੇ ਹੀ ਟੇਢਾ ਹੋ ਗਿਆ। ਸਰੀਰ ਨੂੰ

ਜਿਵੇਂ ਕੁਝ ਰਾਹਤ ਜਿਹੀ ਮਿਲੀ। ਪਰ ਏਨੇ 'ਚ ਲਾਗੇ ਪਏ ਮੋਬਾਇਲ ਦੀ ਰਿੰਗ ਨੇ ਉਸਦੀ ਨੀਂਦ ਨੂੰ ਉਧੇੜ ਸੁੱਟਿਆ ਸੀ। ਉਸਨੂੰ ਖਿੱਝ ਜਿਹੀ ਆ ਗਈ।

"ਹੈਲੋ ... ਕੌਣ...??"

"ਜੀ ਤੁਸੀਂ ਕਹਾਣੀਕਾਰ ਡਾ. ਅਮਰੀਕ ..... ਕੁਬੇਰ ਬੋਲ ਰਹੇ ਹੋ...।"

"ਹਾਂ ਜੀ... ਮੈਂ ਹੀ ਹਾਂ ਜੀ.... ਤੁਸੀਂ??"

"ਮੈਂ ਜੀ... ਇੰਗਲੈਂਡ ਤੋਂ ਬੋਲ ਰਹੀ ਆ... ਤੁਹਾਡੀ ਕਹਾਣੀ ਇੱਕ ਮੈਗਜ਼ੀਨ 'ਚੋਂ ਪੜ੍ਹ ਕੇ ਹਟੀ ਆ... ਬਸ ਮੈਂ ਉਸੇ ਹੀ ਚੱਕਰਵਿਊ 'ਚ ਪਈ ਹੋਈ ਆ।"

"ਹੱਛਾ ਜੀ...।" ਮੇਰੀ ਨੀਂਦ ਉੱਡ ਪੁੱਡ ਗਈ ਸੀ। ਮੈਂ ਸਿੱਧਾ ਹੋ ਕੇ ਬੈਠ ਗਿਆ। ਜਿਵੇਂ ਮੇਰੇ ਸਾਹਮਣੇ ਵਾਲੀ ਕੁਰਸੀ 'ਤੇ ਕੋਈ ਸੁੰਦਰ ਔਰਤ ਆਣ ਬੈਠੀ ਹੋਵੇ।

"ਤੁਸੀਂ ਨਾਂ ਦੇ ਹੀ ਕੁਬੇਰ ਨਹੀਂ... ਤੁਸੀਂ ਤਾਂ ਕਹਾਣੀ ਦੇ ਵੀ ਧੰਨ ਕੁਬੇਰ ਹੋ... ਕਮਾਲ ਕਰ ਦੇਂਦੇ ਹੋ... ਪਰ ਕਿਵੇਂ ਦਾ ਜੀਵਨ ਜੀਅ ਰਹੇ ਹੋ... ਤੁਹਾਡੇ ਜੀਵਨ 'ਚ ਏਨੀ ਉਥਲ ਪੁਥਲ... ਬਾਪ...ਰੇ...ਤੁਸੀਂ ਆਪਣੀ ਕਹਾਣੀ 'ਚ ਬਹੁਤ ਕੁਝ ਬਿਆਨ ਕੀਤਾ ਹੋਇਐ... ਕਿੰਨੀਆਂ ਆਫ਼ਤਾ 'ਚੋਂ ਗੁਜ਼ਰ ਰਹੇ ਹੋ... ਸੱਚੀ ਇਹ ਕੁਝ ਤੁਹਾਡੇ ਨਾਲ ਵਾਪਰਿਐ... ਕਿ ਸਭ ਕਲਪਨਾ ਮਾਤਰ ਹੀ ਹੈ।"

"ਜੀ ਸਭ ਆਪਣੇ ਪਿੰਡੇ 'ਤੇ ਹੰਢਾਇਐ ਤੇ ਅਜੇ ਵੀ ਹੰਢਾ ਰਿਹਾਂ... ਜੇ ਮੈਂ ਸਿਰਫ ਡਾਕਟਰ ਹੀ ਹੁੰਦਾ ਲੇਖਕ ਨਾ ਹੁੰਦਾ ਤਾਂ ਖੌਰੇ ਇਸ ਖਲਜਗਣ 'ਚ ਘੁਲ਼ ਘੁਲ਼ ਕੇ ਹੀ ਕਦੋਂ ਦਾ ਮਰ ਜ਼ਰੂਰ ਗਿਆ ਹੁੰਦਾ।"

"ਜੀ ਇਵੇਂ ਨਾ ਕਹੋ... ਮੇਰੇ ਦਿਲ ਨੂੰ ਕੁਝ ਹੁੰਦੈ... ਤੁਹਾਡੇ ਵਰਗੇ ਬੰਦੇ ਦੀ ਉਮਰ ਤਾਂ ਬਹੁਤ ਲੰਬੀ ਹੋਵੇ... ਲੇਖਕ ਸੱਚੀ ਬੜੇ ਭਾਵੁਕ ਇਨਸਾਨ ਹੁੰਦੇ ਨੇ... ਤੁਸੀਂ ਤਾਂ ਡਾਕਟਰ ਵੀ ਹੋ... ਮਰੀਜ਼ਾਂ ਦੀ ਨਬਜ਼ ਪਹਿਚਾਣ ਲੈਂਦੇ ਹੋ."

"ਜੀ ਲੋਕਾਂ ਦੀ ਕਾਹਦੀ ਨਬਜ਼ ਪਹਿਚਾਣਦੇ ਆ... ਇੱਕ ਪਤਨੀ ਨੂੰ ਤਾਂ ਮੈਂ ਚੌਦਾਂ ਸਾਲਾਂ ਤੋਂ ਨਹੀਂ ਪਹਿਚਾਣ ਸਕਿਆ... ਕਾਹਦੀ ਮੇਰੇ 'ਚ ਲਿਆਕਤ।"

"ਡਾਕਟਰ ਕੁਬੇਰ ਜੀ... ਅੱਜਕੱਲ੍ਹ ਦੀਆਂ ਔਰਤਾਂ ਤਾਂ ਬੰਦਿਆਂ ਨੂੰ ਸਤਾ ਕੇ ਮਜ਼ਾ ਲੈਂਦੀਆਂ ਖੌਰੇ ਇਵੇਂ ਕਰਕੇ ਕੀ ਮਿਲਦੈ ਇਨ੍ਹਾਂ ਨੂੰ। ਇਹੋ ਜਿਹੀਆਂ ਲੜਾਕੀਆਂ ਔਰਤਾਂ ਨਾਲ ਵੀ ਕਾਹਦਾ ਜੀਵਨ ਹੋਇਆ ਭਲਾ... ਤੁਹਾਡੇ ਵਰਗੇ ਗੁਣੀ ਗਿਆਨੀ ਬੰਦੇ ਨੂੰ ਤਾਂ ਹਿੱਕ ਦੇ ਤਵੀਤ ਵਾਂਗੂੰ ਸਾਂਭ ਕੇ ਰੱਖਣਾ ਚਾਹੀਦਾ।"

"ਜੀ ਮੈਡਮ ਕੀ ਦੱਸਾਂ ਦੁਖੀ ਤੇ ਬੇਵੱਸ ਹੋਇਆ ਬੰਦਾ ਹੋਰ ਕਰ ਵੀ ਕੀ ਸਕਦੈ... ਦਿਮਾਗ 'ਚ ਗੁਬਾਰ ਭਰ ਗਿਆ ਸੀ। ਉਸਨੂੰ ਸ਼ਾਂਤ ਕਰਨ ਲਈ ਮੈਂ 'ਚੱਕਰਵਿਊ' ਕਹਾਣੀ ਲਿਖ ਮਾਰੀ।"

"ਪਰ ਕੁਬੇਰ ਜੀ ਤੁਹਾਡੀ ਕਹਾਣੀ ਪੜ੍ਹਕੇ ਮੇਰੇ ਰੌਂਗਟੇ ਖੜ੍ਹੇ ਹੋ ਗਏ... ਖੌਰੇ ਮੈਂ ਤੁਹਾਡੇ ਬਾਰੇ ਸੋਚ ਸੋਚ ਆਪ ਬੜੀ ਅੱਪਸੈਟ ਹੋਈ ਆ।"

ਉਹ ਅਣਜਾਨ ਔਰਤ ਦਿਲਚਸਪ ਗੱਲਾਂ ਕਰ ਰਹੀ। ਮੇਰੇ ਫੱਟਾਂ 'ਤੇ ਮਲ੍ਹਮ ਲਾ ਰਹੀ। ਪਰ ਮੇਰੇ ਪੈਰ ਧਰਤੀ 'ਤੇ ਨਹੀਂ ਸੀ। ਲੱਗ ਰਹੇ। ਜਿਵੇਂ ਚਿਰਾਂ ਬਾਅਦ ਕਿਤੋਂ ਠੰਢੀ ਹਵਾ ਦਾ ਨਿੱਕਾ ਜਿਹਾ ਝੌਂਕਾ ਆਇਆ ਹੋਵੇ। ਉਸਦੇ ਹਮਦਰਦੀ ਭਰੇ ਬੋਲ ਮੈਨੂੰ ਕੁਝ ਰਾਹਤ ਦੇ ਗਏ। ਜਿਸਦਾ ਮੈਂ ਅਸਲ ਹੱਕਦਾਰ ਸਾਂ। ਜਿਵੇਂ ਚਿਰਾਂ ਦੀ ਔੜ ਤੋਂ ਬਾਅਦ ਕੱਲਰੀ ਧਰਤੀ 'ਤੇ ਕਣੀਆਂ ਪੈ ਗਈਆਂ ਹੋਣ।

ਮੈਨੂੰ ਰਾਤਾਂ ਤੋਂ ਡਰ ਲਗਦਾ। ਪਤਾ ਨਹੀਂ ਰਾਤ ਤਾਂ ਮੇਰੇ ਲਈ ਆਫ਼ਤ ਬਣ ਬਹਿੰਦੀ। ਜਿਵੇਂ ਕੋਈ ਮੈਨੂੰ ਸਾਰੀ ਰਾਤ ਭਜਾ ਭਜਾ ਮਾਰ ਰਿਹਾ ਹੋਵੇ। ਸਾਮ੍ਹਣੇ ਲੱਗੀ ਟਿਕ ਟਿਕ ਕਰਦੀ ਘੜੀ ਵੱਲ ਵਾਰ ਵਾਰ ਉੱਠ ਉੱਠ ਦੇਖਦਾ। ਸੂਈਆਂ ਜ਼ਾਮ ਹੋ ਕੇ ਚੱਲਦੀਆਂ। ਜਿਵੇਂ ਉਨ੍ਹਾਂ 'ਚ ਸਾਹ ਸਤ ਹੀ ਨਾ ਹੋਵੇ। ਮਿੰਟਾਂ ਦੇ ਫ਼ਾਸਲੇ



ਘੰਟਿਆਂ 'ਚ ਮੁਕਾਉਂਦੀਆਂ -ਜਾਪਦੀਆਂ। ਜਦੋਂ ਦਿਨ ਚੜ੍ਹਦਾ ਤਾਂ ਉਹ ਸ਼ੁਕਰ ਕਰਦਾ। ਜਿਵੇਂ ਤੂਫ਼ਾਨੀ ਸਮੁੰਦਰ 'ਚ ਠਿੱਲ੍ਹੀ ਬੇੜੀ ਮਸੀਂ ਹੀ ਟਿਕਾਣੇ ਆਣ ਲੱਗੀ ਹੋਵੇ।

ਸਵੇਰੇ ਹੋਰ ਤਾਂ ਕੋਈ ਕੰਮ ਨਾ ਹੁੰਦਾ, ਚਾਹ ਪੀ ਕੇ ਮੋਬਾਇਲ ਫੜਕੇ ਬੈਠ ਗਿਆ। ਵਟਸਅੱਪ 'ਤੇ ਝੁਣਝੁਣੀ ਜਿਹੀ ਲਿਆ ਦਿੱਤੀ ਸੀ। ਮੇਰੇ ਉਦਾਸੀ ਭਰੇ ਜਿਸਮ 'ਚ ਜਿਵੇਂ ਲਹਿਰ ਜਿਹੀ ਉੱਠੀ। ਆਮ ਪਾਠਕਾਂ ਵੱਲੋਂ ਕੋਈ ਰਚਨਾ ਪੜ੍ਹਨ ਤੋਂ ਬਾਅਦ ਪਹਿਲਾਂ ਤੇ ਆਖਰੀ ਫੋਨ ਸਾਬਤ ਹੁੰਦੈ। ਪਰ ਹੁਣ ਤਾਂ ਉਸਦੇ ਗੁਲਾਬ ਦੇ ਫੁੱਲਾਂ ਦੀ ਮਹਿਕ ਵੀ ਆਉਂਣ ਲੱਗ ਪਈ ਸੀ।

ਮੈਨੂੰ ਤਾਂ ਔਰਤ ਸ਼ਬਦ ਤੋਂ ਵੀ ਨਫ਼ਰਤ ਹੋਈ ਪਈ ਸੀ। ਪਰ ਅੱਜ ਮੈਂ ਕਿੰਨਾ ਚਿਰ ਉਨ੍ਹਾਂ ਫੁੱਲ੍ਹਾਂ 'ਚੋਂ ਉਸ ਔਰਤ ਦੇ ਗਹਿਰੇ ਅਕਸ ਨੂੰ ਚਿਤਵਣ ਲੱਗ ਪਿਆ। ਉਹ ਕਿਹੋ ਜਿਹੀ ਹੋਵੇਗੀ। ਅੰਦਾਜ਼ੇ ਲਾਉਂਦਾ। ਕਿਵੇਂ ਉਹ ਮੇਰੀ ਕਹਾਣੀ ਕਰਕੇ ਏਨਾ ਲਗਾਓ ਦਿਖਾ ਰਹੀ। ਮੇਰੀ ਪਤਨੀ ਤਾਂ ਮੈਨੂੰ ਕਿਸੇ ਕੰਮ ਦਾ ਬੰਦਾ ਨਹੀਂ ਸੀ ਸਮਝਦੀ। ਇਹ ਵੀ ਤਾਂ ਇਕ ਔਰਤ ਹੈ। ਜਿਸਨੂੰ ਮੇਰੀ ਕਹਾਣੀ ਨੇ ਹੀ ਦੀਵਾਨਾ ਕੀਤਾ ਹੋਇਆ। ਇਕ ਉਹ ਜੋ ਮੇਰੇ ਕੋਲ ਰਹਿੰਦਿਆਂ ਵੀ ਅਸ਼ੰਤੁਸਟ ਹੋਈ ਪਈ। ਮੇਰੇ ਕੋਲੋਂ ਦੂਰ ਭੱਜ ਜਾਣਾ ਚਾਹੁੰਦੀ। ਇਹ ਟੂਣੇਹਾਰੀ ਕਿਹੋ ਜਿਹੀ ਹੋਵੇਗੀ। ਮੈਂ ਆਪਣੇ ਦਿਮਾਗ਼ ਦੇ ਘੋੜੇ ਦੁੜਾਉਂਦਾ। ਉਸਦੇ ਬੋਲਾਂ 'ਚੋਂ ਉੱਘੜ ਉਘੜ ਪੈਂਦੀ। ਸੁੰਦਰਤਾ ਨੂੰ ਚਿਤਵਦਾ। ਉਸਦੇ ਜਾਦੂਈ ਬੋਲਾਂ ਨੇ ਜਿਵੇਂ ਮੇਰੇ ਦਿਲ 'ਤੇ ਕੋਈ ਸਿਰਨਾਵਾਂ ਜਿਹਾ ਖੁਣ ਦਿੱਤਾ ਸੀ। ਜੋ ਦਿਲਚਸਪ ਜਿਹਾ ਬਣਦਾ ਜਾ ਰਿਹਾ। ਮੈਂ ਨਾ ਚਾਹੁੰਦਿਆਂ ਹੋਇਆਂ ਵੀ ਉਸ ਦੇ ਫੁੱਲਾਂ ਵੱਲ ਦੇਖ ਦੇਖ ਦਿਲਚਸਪੀ ਲੈ ਰਿਹਾ ਸਾਂ।

ਅਸਲ 'ਚ ਬੰਦਾ ਸ਼ਾਤ ਰਹਿਣਾ ਚਾਹੁੰਦੈ। ਇਸ ਔਰਤ 'ਚੋਂ ਮੈਨੂੰ ਅਜੀਬ ਜਿਹਾ ਸਕੂਨ ਮਿਲਿਐ। ਕਿਤੋਂ ਵੀ ਮਿਲ ਜਾਵੇ ਬੰਦਾ ਤਾਂ ਸ਼ਾਂਤੀ ਚਾਹੁੰਦੈ।

ਉਸਨੂੰ ਫ਼ੋਨ ਕਰਕੇ ਕੁਝ ਰਾਹਤ ਭਰੇ ਬੋਲ ਸੁਣਾਂ। ਉਹਦੇ ਮੂੰਹੋਂ ਨਿਕਲਦੀ ਸਿਫ਼ਤਾਂ ਦੀ ਮਲ੍ਹਮ ਆਪਣੇ ਪਿੰਡੇ 'ਤੇ ਲਾਵਾਂ। ਪਰ ਇਵੇਂ ਪਹਿਲ ਕੀਤਿਆਂ ਸਭ ਕੁਝ ਖੂਹ ਖਾਤੇ 'ਚ ਹੀ ਨਾ ਪੈ ਜਾਵੇ। ਮੈਂ ਤਾਂ ਅੱਗੇ ਹੀ ਸਾੜਸਤੀ ਭਰੇ ਸਮੇਂ ਚੋਂ ਲੰਘ ਰਿਹਾ ਸਾਂ। ਇੱਕ ਹੋਰ ਬੋਝ ਨਹੀਂ ਸੀ ਬਰਦਾਸ਼ਤ ਕਰ ਸਕਦਾ।

ਅਜੇ ਸੋਚ ਹੀ ਰਿਹਾ ਸਾਂ। ਫ਼ੋਨ ਆ ਗਿਆ ਸੀ। ਇਹ ਤਾਂ ਉਸੇ ਅਜਨਬੀ ਔਰਤ ਦਾ ਹੀ ਸੀ।

"ਡਾਕਟਰ ਕੁਬੇਰ ਜੀ ਗੁੱਡ ਆਫਟਰਨੂਨ... ਕੀ ਕਰਦੇ ਹੋ...।"

"ਬਸ ਮਰੀਜ਼ਾਂ ਤੋਂ ਕੁਝ ਵਿਹਲਾ ਆਪਣੀ ਕੁਰਸੀ ਤੇ ਹੀ ਡਟਿਆ ਬੈਠਾਂ।"

"ਮੈਨੂੰ ਯਾਦ ਕਰ ਰਹੇ ਸੀ...।"

"ਨਹੀਂ ਨਹੀਂ।"

"ਇਹਦਾ ਮਤਲਬ ਮੈਨੂੰ ਨਹੀਂ ਸੀ ਯਾਦ ਕਰ ਰਹੇ... ਤੁਸੀਂ ਆਪਣੇ ਪਾਠਕਾਂ ਨੂੰ ਏਨੀ ਜਲਦੀ ਭੁੱਲ ਜਾਂਦੇ ਓ।"

"ਨਹੀਂ ਇਵੇਂ ਵੀ ਨਹੀਂ... ਤੁਸੀਂ ਫੁੱਲ ਬਹੁਤ ਸੋਹਣੇ ਭੇਜੇ ਨੇ।"

"ਅੱਛਾ ਜੀ... ਚਲੋ ਖ਼ੈਰ! ਸਾਡੇ ਫੁੱਲਾਂ ਦੀ ਮਹਿਕ ਤੁਹਾਨੂੰ ਆਈ ਤਾਂ ਸਹੀ... ਪਰ ਤੁਸੀਂ ਕਹਾਣੀਆਂ ਸੋਹਣੀਆਂ ਲਿਖਦੇ ਹੋ... ਏਡੀਆਂ ਚੰਗੀਆਂ ਗੱਲਾਂ ਕਿੱਥੋਂ ਘੜ ਲੈਂਦੇ ਹੋ... ਮੈਂ ਤਾਂ ਤੁਹਾਡੀਆਂ ਲਿਖਤਾਂ ਦੀ ਦੀਵਾਨੀ ਹੋ ਗਈ ਆ।"

"ਜੀ ਬਸ ਇਹ ਉੱਪਰ ਵਾਲੇ ਦੀ ਕਿਰਪਾ ਏ... ਦਿਲ 'ਚ ਵਲਵਲੇ ਹੋਣ ਤੇ ਲਿਖਣ ਦੀ ਮੁਹਾਰਤ ਹੋਵੇ ਤਾਂ ਆਪੇ ਹੀ ਸ਼ਬਦ ਜੁੜਦੇ ਜਾਂਦੇ।"

"ਤੁਸੀਂ ਤਾਂ ਜੀ ਵਧੀਆ ਲਿਖਾਰੀ ਹੋ... ਹਸਪਤਾਲ ਚਲਾ ਰਹੇ ਹੋ... ਚੰਗੇ ਗੱਲਕਾਰ ਵੀ ਹੋ... ਇਨਸਾਨ ਵੀ ਚੰਗੇ ਲੱਗਦੇ ਹੋ... ਭੋਲੇ ਭਾਲੇ ਜਿਹੇ ਏਨੀਆਂ ਖੂਬੀਆਂ ਦੇ ਬਾਵਜੂਦ ਪੰਗਿਆਂ 'ਚ ਫਸੇ

ਹੋਏ... ਪੁਲੀਸ ... ਕੋਰਟ... ਕਚਿਹਰੀਆਂ, ਪੰਚਾਇਤਾਂ ਤੁਹਾਡੀ ਕਹਾਣੀ ਪੜ੍ਹਕੇ ਮੈਨੂੰ ਏਵੇਂ ਲੱਗਦੈ, ਸਭ ਇਹਨਾਂ ਜ਼ਨਾਨੀਆਂ ਦਾ ਹੀ ਕਸੂਰ ਏ... ਅੱਜ ਕੱਲ ਦੀਆਂ ਔਰਤਾਂ ਨੇ ਤਾਂ ਅੱਤ ਚੁੱਕੀ ਹੋਈ ਏ... ਬੰਦੇ ਨੂੰ ਬੰਦਾ ਨਹੀਂ ਸਮਝਦੀਆਂ... ਤੁਹਾਡੀਆਂ ਗੱਲਾਂ ਤੋਂ ਤਾਂ ਲਗਦੈ ਤੁਸੀਂ ਬਹੁਤ ਭਾਵੁਕ ਇਨਸਾਨ ਹੋ... ਜ਼ਨਾਨੀਆਂ ਦੀ ਚੱਕੀ 'ਚ ਪੀਸੇ ਹੋਏ।"

"ਸੱਚੀ ਗੱਲ ਹੈ ਮੈਡਮ ਜੀ... ਇਕ ਇਕ ਸ਼ਬਦ ਸੱਚਾ ਏ ਤੁਹਾਡਾ ... ਜੇ ਔਰਤ ਬੰਦੇ ਨੂੰ ਬੰਦਾ ਸਮਝੇ ਤਾਂ ਬੰਦਿਆਂ ਨੂੰ ਸ਼ੌਕ ਨਹੀਂ ਪਏ ਹੋਏ ਵਾਰ ਵਾਰ ਵਿਆਹ ਕਰਵਾਉਂਦੇ ਫਿਰਨ... ਜੇ ਕੋਈ ਕਿਸੇ ਦੀਆਂ ਭਾਵਨਾਵਾਂ ਨੂੰ ਹੀ ਨਾ ਸਮਝੇ ਤਾਂ ਫਿਰ ਬੰਦਾ ਕੀ ਕਰੇ... ਬੇਵੱਸ ਹੋ ਕੇ ਰਹਿ ਜਾਂਦੈ...।"

"ਹਾਂ ਕੁਬੇਰ ਜੀ ਅਸੀਂ ਤਾਂ ਭੁਲੇਖੇ ਦੇ ਸ਼ਿਕਾਰ ਹੋਏ ਇਕ ਦੂਜੇ ਨੂੰ ਸਮਝਣ ਦੀ ਜਗ੍ਹਾ ਭਾਵਨਾਵਾਂ ਨਾਲ ਖਿਲਵਾੜ ਕਰਨ ਲੱਗਦੇ ਆਂ, ਕਿਸੇ ਦੀਆਂ ਰੀਝਾਂ ਸੁਪਨਿਆਂ ਨੂੰ ਤੋੜ ਮਰੋੜ ਕੇ ਸੁੱਟ ਦੇਣਾ ਫਿਰ ਬੰਦੇ ਦੇ ਪੱਲੇ ਰਹਿ ਹੀ ਕੀ ਜਾਂਦੇ, ਰਿਸ਼ਤੇ ਤਾਂ ਉੱਥੇ ਹੀ ਦਮ ਤੋੜ ਕੇ ਰਹਿ ਜਾਂਦੇ।

"ਸਹੀ ਗੱਲ ਐ... ਇੱਕ ਦੂਜੇ ਦੀ ਫ਼ੀਲਿੰਗ ਨੂੰ ਸਮਝਣਾ ਚਾਹੀਦੈ... ਮੈਂ ਇਹੋ ਹੀ ਰਿਸ਼ਤਿਆਂ ਦੀ ਬੁਨਿਆਦ ਸਮਝਦਾ ਮੈਨੂੰ ਆਪ ਨਹੀਂ ਪਤਾ ਲੱਗ ਰਿਹਾ, ਆਖਰ ਇਹ ਮੇਰੇ ਨਾਲ ਹੀ ਕਿਉਂ ਹੋ ਰਿਹੈ... ਮੈਨੂੰ ਤਾਂ ਇਹ ਗੱਲਾਂ ਸੋਚ ਸੋਚ ਸਾਰੀ ਸਾਰੀ ਰਾਤ ਨੀਂਦ ਨਹੀਂ ਆਉਂਦੀ ਮੈਂ ਤਾਂ ਜਿਉਣ ਲਈ ਹੱਥ ਪੱਲਾ ਮਾਰ ਰਿਹਾ... ਖੌਰੇ ਮੇਰਾ ਕੀ ਬਣਨੈ।"

ਏਨੇ 'ਚ ਫ਼ੋਨ ਬੰਦ ਹੋ ਗਿਆ ਸੀ। ਅਚਾਨਿਕ ਕੱਟ ਗਿਆ ਜਾਪਦਾ। ਚਲੋ ਖ਼ੈਰ ਮੈਂ ਫ਼ੋਨ ਜੇਬ 'ਚ ਪਾਇਆ ਤੇ ਹਸਪਤਾਲੋਂ ਘਰ ਆ ਗਿਆ ਸਾਂ।

ਘਰ ਦੇਖਕੇ ਰੋਣ ਆਉਂਦੈ। ਇਵੇਂ ਨਿੱਤ ਹੀ ਘਰੋਂ ਜਾਂਦਿਆਂ ਇੱਕ ਵਾਰੀ ਉਦਾਸ ਹੁੰਦਾ। ਇੱਕ ਵਾਰੀ ਆਉਂਦਿਆਂ ਮੇਰਾ ਹਾਉਕਾ ਜਿਹਾ ਨਿਕਲਦਾ। ਘਰ 'ਚ ਸਭ ਕੁਝ ਸੀ। ਪਰ ਸਭ ਕੁਝ ਖਿੰਡਿਆ ਪੁੰਡਿਆ ਜਿਹਾ। ਇਹ ਘਰ ਜੋ ਕਈ ਝਗੜਿਆਂ ਦਾ ਚਸ਼ਮਦੀਦ ਗਵਾਹ ਬਣਿਆ ਖੜਾ। ਮੈਨੂੰ ਘੂਰ ਰਿਹਾ।

ਉਹ ਬੈਠਾ ਤਾਂ ਪੱਕੇ ਘਰ 'ਚ ਸੀ ਪਰ ਉਸਨੂੰ ਇਉਂ ਜਾਪਦਾ ਜਿਵੇਂ ਦੂਰ ਦੂਰ ਤੱਕ ਰੇਗਿਸਤਾਨ ਫੈਲਿਆ ਪਿਆ। ਜਿੱਥੇ ਨਾ ਹਰਿਆਵਲ। ਨਾ ਝਾੜੀਆਂ। ਨਾ ਰੁੱਖ ਹੀ ਸਨ। ਰੁੱਤਾਂ ਬਦਲਦੀਆਂ ਜਾਂਦੀਆਂ ਪਰ ਉਸਨੂੰ ਉਦਾਸ ਕਰੀ ਰੱਖਦੀਆਂ। ਹੁਣ ਤਾਂ ਇਸ ਘਰ 'ਚ ਉਦਾਸੀ ਵਾਲੀ ਰੁੱਤ ਠਹਿਰ ਜਿਹੀ ਗਈ ਜਾਪਦੀ।

ਹੁਣ ਮੈਨੂੰ ਉਸ ਅਜਨਬੀ ਔਰਤ ਦੇ ਫ਼ੋਨ ਦੀ ਜ਼ਰੂਰ ਉਡੀਕ ਰਹਿੰਦੀ। ਕੁਝ ਸਕੂਨ ਭਰਿਆ, ਚੰਗਾ ਚੰਗਾ ਅਹਿਸਾਸ ਹੁੰਦਾ। ਦੂਰਲੇ ਫਾਸਲੇ ਸੁੰਗੜਦੇ ਪ੍ਰਤੀਤ ਹੁੰਦੇ। ਨਜ਼ਦੀਕੀਆਂ ਦਾ ਦੌਰ ਚੱਲ ਪਿਆ ਸੀ। ਜਿਵੇਂ ਉਸਦੇ ਕੰਧੇ ਲੱਗ ਸੱਜਣਾਂ ਵਰਗਾ ਅਹਿਸਾਸ ਜਾਗ ਪੈਂਦਾ। ਉਹ ਮੇਰੇ ਜ਼ਖ਼ਮਾਂ 'ਤੇ ਮੱਲ੍ਹਮ ਲਾਉਣਾ ਨਾ ਭੁੱਲਦੀ।

"ਕੋਈ ਨਹੀਂ ਕੁਬੇਰ ਜੀ... ਏਨੀ ਚਿੰਤਾ ਨਾ ਕਰੋ... ਜ਼ਿੰਦਗੀ 'ਚ ਇਵੇਂ ਤਾਂ ਬੜਾ ਕੁਝ ਹੁੰਦੈ... ਤੁਸੀਂ ਮੇਰੀ ਨਜ਼ਰ 'ਚ ਯੋਧੇ ਹੋ ਯੋਧੇ... ਹਿੰਮਤ ਨਹੀਂ ਹਾਰਦੇ ਹੁੰਦੇ... ਜੇ ਬਹੁਤੇ ਉਦਾਸ ਹੋ ਤਾਂ ਮੇਰੇ 'ਤੇ ਵੀ ਕਹਾਣੀ ਲਿਖ ਦਿਓ... ਜਿਹੜੀ ਅਜੇ ਅਧੂਰੀ ਪਈ ਏ... ਮੇਰਾ ਵੀ ਸੁਪਨਾ ਪੂਰਾ ਹੋ ਜੂ... ਮੇਰੀਆਂ ਵੀ ਬਿੱਲੀਆਂ ਅੱਖਾਂ ਦੀ ਕਦਰ ਪੈ ਜੇ...।"

ਏਨਾ ਕਹਿੰਦਿਆਂ ਉਹ ਹੱਸਣ ਲੱਗ ਪਈ।

ਉਸ ਅਗਿਆਤ ਸੁੰਦਰੀ ਦੇ ਮਿੱਠੜੇ ਬੋਲ ਤੇ ਸੰਦੇਸ਼, ਖੁਸ਼ਬੂ ਦੀ ਪੁੜੀ ਵਾਂਗੂੰ ਆਉਂਦੇ। ਚਿਹਰੇ 'ਤੇ ਮੁਸਕਰਾਹਟ ਲਿਆ ਦੇਂਦੇ।

ਇਧਰ ਪਤਨੀ ਦੇ ਖਰਵੇ ਤੇ ਸੜੇ ਧੁਆਂਖੇ ਬੋਲਾਂ ਨਾਲ ਤੋਲਦਾ ਤਾਂ ਅਗਿਆਤ ਸੁੰਦਰੀ ਦਾ ਪਲੜਾ



ਭਾਰੀ ਹੋ ਜਾਂਦਾ ਤੇ ਪਤਨੀ ਦੇ ਛਾਬੇ 'ਚ ਕੁਝ ਵੀ ਨਾ ਬਚਦਾ।

ਮਾਰਖੰਡੀ ਗਾਂ ਵਰਗੀ ਪਤਨੀ ਦੇ ਬੋਲ ਅਜੇ ਵੀ ਉਹਦੀ ਗੈਰ ਹਾਜ਼ਰੀ 'ਚ ਕੱਖਾਂ ਨਾਲ ਟਕਰਾਉਂਦੇ ਉਹਦੇ ਪੱਥਰ ਵਾਂਗੂੰ ਵੱਜਦੇ ਫਿਰਦੇ। ਮੇਰੇ ਮਨ 'ਚ ਕਚਿਐਨ ਜਿਹੀ ਭਰ ਜਾਂਦੀ। ਜਿਸ ਸੁਪਨਿਆਂ ਵਰਗੀ ਜ਼ਿੰਦਗੀ ਨੂੰ ਨਰਕ ਬਣਾ ਦਿੱਤਾ ਸੀ।

"ਪੁੱਠੇ ਪੈਰਾਂ ਵਾਲੀਏ ਤੈਨੂੰ ਘਰੇ ਵਿਹਲੀ ਰਹਿੰਦਿਆਂ ਵੀ ਬਿੱਜ ਪੈ ਜਾਂਦੀ... ਤੇਰੇ ਪੈਰ ਕਦੋਂ ਇਸ ਘਰ 'ਚ ਲੱਗਣਗੇ... ਕਿਤੇ ਥੱਕੇ ਟੁੱਟੇ ਆਏ ਨੂੰ ਪਾਣੀ ਤਾਂ ਪੁੱਛ ਲਿਆ ਕਰ... ਵੇਖਦੀ ਕਿਵੇਂ ਐ।"

"ਹੋਰ ਤੈਨੂੰ ਦੇਖਕੇ ਆਰਤੀ ਨਾ ਉਤਾਰਾਂ... ਮਹਾਨ ਪੁਰਸ਼ ਆਏ ਨੇ।" ਉਹ ਨਹਿਲੇ ਤੇ ਦਹਿਲਾ ਸੁੱਟਦੀ ਨਾਲੇ ਮੇਰਾ ਮਜ਼ਾਕ ਉਡਾਉਂਦੀ।

ਉਸਦੀ ਹੋਂਦ 'ਚ ਘਰ ਵਿੱਚ ਹਨੇਰੀਆਂ ਝੁੱਲ ਜਾਂਦੀਆਂ। ਕੋਈ ਉੱਚੀ ਆਵਾਜ਼ 'ਚ ਗੱਲ ਕਰਨ ਦੀ ਹਿੰਮਤ ਨਾ ਕਰਦਾ। ਉਦੋਂ ਇਹ ਘਰ, ਘਰ ਨਹੀਂ ਜਿਵੇਂ ਇਹ ਇੱਕ ਜੇਲ੍ਹ ਹੋਵੇ, ਜਿੱਥੇ ਉਸਤੋਂ ਬਗੈਰ ਸਭ ਜੇਲ੍ਹ ਯਾਤਰਾ 'ਤੇ ਆਏ ਹੋਣ।

ਉਹ ਤਾਂ ਅਫ਼ਲਾਤੂਨ ਬਣ ਬਹਿੰਦੀ।

ਮੈਂ ਤਾਂ ਬਸ ਤੜਫ਼ ਕੇ ਰਹਿ ਜਾਂਦਾ। ਕਿਹੜੀ ਨਵੀਂ ਗੱਲ ਸੀ। ਰੁੱਸਣਾ ਤਾਂ ਮੈਨੂੰ ਚਾਹੀਦਾ ਸੀ। ਪਰ ਉਹ ਬਿਨਾ ਵਜ੍ਹਾ ਕਈ ਕਈ ਦਿਨ ਘਰ 'ਚ ਹੀ ਰੁੱਸ ਕੇ ਬੈਠੀ ਰਹਿੰਦੀ। ਸਾਰੇ ਉਸਦੇ ਮੂੰਹ ਵੱਲ ਦੇਖਦੇ। ਉਹ ਕਦੇ ਪਾਗਲਾਂ ਵਾਂਗੂੰ ਹਰਕਤਾਂ ਕਰਦੀ। ਕਦੇ ਸਾਨੂੰ ਦੇਖ ਦੇਖ ਫ਼ਿਲਮੀ ਗਾਣੇ ਗਾਉਂਦੀ। ਸਾਨੂੰ ਚਿੜਾਉਂਦੀ। ਅਸੀਂ ਤਾਂ ਦੇਖ ਦੇਖ ਅੰਦਰੋਂ ਵਿਸ਼ ਘੋਲ਼ਦੇ। ਆਪਣੀ ਜ਼ਰਨ ਸ਼ਕਤੀ 'ਤੇ ਦਬਾਅ ਪਾਈ ਜਾਂਦੇ। ਜਦੋਂ ਸਾਰੇ ਦੁਬਕ ਕੇ ਬੈਠ ਜਾਂਦੇ, ਤਾਂ ਫਿਰ ਉਹ ਚੁੱਪ-ਚੁਪੀਤੇ ਪਰਸ ਚੁੱਕਦੀ ਤੇ ਦਿਨ ਦੇ ਕਿਸੇ ਵੀ ਵੇਲੇ ਮਾਂ ਦੇ ਘਰ ਜਾਣ ਲਈ ਬੱਸੇ ਬੈਠ ਜਾਂਦੀ।

ਪਹਿਲਾਂ ਵੀ ਸਭ ਕੁਝ ਬੇਤਰਤੀਬਾ ਹੁੰਦਾ। ਤੇ ਉਸਦੇ ਜਾਣ ਤੋਂ ਬਾਅਦ ਵੀ ਸਭ ਕੁਝ ਬੇਤਰਤੀਬਾਂ ਜਿਹਾ ਹੋ ਕੇ ਰਹਿ ਜਾਂਦਾ।

ਘਰੋਂ ਮੈਂ ਜਾਂਦਾ ਜਾ ਆਉਂਦਾ। ਦਰਵਾਜ਼ੇ ਉਦਾਸੇ ਜਿਹੇ ਰਹਿੰਦੇ। ਬੇਵੱਸ ਕਹਿੰਦੇ ਕੁਝ ਵੀ ਨਾ। ਨਾ ਆਉਣ ਵਾਲੇ ਨੂੰ ਜੀ ਆਇਆ ਕਹਿੰਦੇ। ਨਾ ਜਾਣ ਵਾਲੇ ਨੂੰ ਅਲਵਿਦਾ ਕਹਿੰਦੇ। ਨਾ ਕੋਈ ਗਿਲਾ ਸ਼ਿਕਵਾ ਹੀ ਕਰਦੇ। ਬਸ ਜਿਵੇਂ ਆਉਂਦੇ ਜਾਂਦੇ ਦੀ ਰਾਹ ਪਏ ਤੱਕਦੇ ਰਹਿੰਦੇ।

ਸੁਖ ਸ਼ਾਂਤੀ ਵਰਗੀ ਚੀਜ਼ ਤਾਂ ਘਰ 'ਚ ਹੀ ਨਹੀਂ ਸੀ ਪਰ ਚਹਿਲ ਕਦਮੀ ਤਾਂ ਸੀ ਹੀ। ਦੋ ਜੀਅ ਤੁਰੇ ਫਿਰਦੇ। ਭਾਵੇਂ ਦੋਹਾਂ ਦੇ ਮੂੰਹ ਪੂਰਬ ਪੱਛਮ ਬਣੇ ਹੁੰਦੇ। ਪਰ ਉਹ ਮਾਹੌਲ ਵੀ ਅਮਰੀਕ ਨੂੰ ਪਸੰਦ ਨਾ ਹੁੰਦਾ। ਪਰ ਇਹ ਉਦਾਸਿਆ ਮਹੌਲ ਵੀ ਕਿਹੜੇ ਪਾਸਿਓਂ ਚੰਗਾ ਸੀ।

ਉਸਦੀ ਗ੍ਰਹਿਸਥੀ ਦੀ ਗੱਡੀ ਲੀਹ 'ਤੇ ਨਹੀਂ ਸੀ ਪੈ ਰਹੀ। ਉਹਦੇ ਕਰਮਾਂ 'ਚ ਖੌਰੇ ਕਿੰਨਾ ਕੁ ਗ੍ਰਹਿਸਤੀ ਦਾ ਕਲੇਸ਼ ਲਿਖਿਆ ਹੋਇਆ ਸੀ। ਪਤਨੀ ਦੇ ਸੜੇ ਬੋਲ ਜਿਵੇਂ ਉਸਦੀ ਕੋਮਲ ਰੂਹ ਨੂੰ ਪਾੜ ਸੁੱਟਦੇ। ਉਸ ਅੰਦਰ ਕਬਰਸਤਾਨ ਵਰਗਾ ਕੁਝ ਵਧਦਾ ਹੀ ਜਾ ਰਿਹਾ ਸੀ। ਜਿਸ 'ਚੋਂ ਉਹ ਦੋਵੇਂ ਹੀ ਗੈਰਹਾਜ਼ਰ ਸਨ।

ਸਮੁੰਦਰ 'ਚ ਆਇਆ ਤੁਫ਼ਾਨ ਕਦੇ ਥੰਮ ਵੀ ਜਾਵੇਗਾ। ਇਹ ਨੇੜ ਭਵਿੱਖ 'ਚ ਤਾਂ ਨਹੀਂ ਸੀ ਜਾਪਦਾ। ਕਿਸੇ ਪਾਸਿਓਂ ਉਮੀਦ ਦੀ ਲਿਸ਼ਕੋਰ ਨਜ਼ਰ ਨਹੀਂ ਸੀ ਆ ਰਹੀ। ਇਹ ਢੀਚਕ ਮਾਰਦਾ ਲੰਗੜਾ ਗ੍ਰਹਿਸਥੀ ਜੀਵਨ ਜਿਵੇਂ ਉਸ ਰੰਗ ਹੀ ਨਿਭਦਾ ਦਿਖਾਈ ਦੇ ਰਿਹਾ।

ਹੁਣ ਤਾਂ ਹਾਲਾਤ ਇਹ ਸਨ ਕਿ ਹੇਠਲੀ ਉੱਤੇ ਆਈ ਹੋਈ ਜਾਂ ਉਹ ਮੈਨੂੰ ਬਦਲ ਲਵੇ ਜਾਂ ਮੈਂ ਔਰਤ ਬਦਲ ਲਵਾਂ। ਇਵੇਂ ਕਈ ਵਾਰ ਸੋਚਦਾ। ਮੈਂ ਡਰ ਵੀ ਜਾਂਦਾ। ਪਰ ਇਵੇਂ ਵੀ ਕਿੱਥੇ ਚੈਨ ਨਾਲ

ਜੀਅ ਪਾ ਰਿਹਾ। ਉਹ ਅਗਿਆਤ ਸੁੰਦਰੀ ਮੇਰੀਆਂ ਯਾਦਾਂ 'ਚ ਪਸਰਦੀ ਜਾ ਰਹੀ। ਇਹ ਰਾਜ ਪਲਟਾ ਹੀ ਤਾਂ ਹੈ। ਪਰ ਮੇਰੇ ਦਿਮਾਗ਼ 'ਚ ਚਲਦਾ ਯੁੱਧ ਵੀ ਅਜੇ ਥੰਮਿਆ ਨਹੀਂ ਪਰ ਮੈਂ ਰਾਜ ਪਲਟਾ ਸਵੀਕਾਰ ਕਰ ਲਿਆ ਹੈ।

"ਦਾਹਜੂ ਪੱਲੇ ਪੈ ਗਿਆ ਮੇਰੇ... ਨਾ ਪਹਿਲੀ ਰਹੀ ਨਾ ਮੇਰੇ ਵੱਲ ਧਿਆਨ ... ਮਾਂ ਦੀ ਕੱਛ 'ਚ ਵੜਿਆ ਰਹਿੰਦੈ... ਮੈਂ ਤੇਰੀਆਂ ਰੋਟੀਆਂ ਪਕਾਉਣ ਆਈ ਆਂ।" ਉਂਝ ਉਹਦਾ ਸਿਰ ਦੁੱਖ ਰਿਹਾ ਹੁੰਦਾ। ਪਰ ਬੋਲਣ ਲੱਗਿਆ ਉਹ ਅੱਗਾ ਪਿੱਛਾ ਵੀ ਨਾ ਦੇਖਦੀ। ਜਿਵੇਂ ਉਸਨੂੰ ਹਰ ਗੱਲ ਤੇ ਬੋਲਣ ਦਾ ਰੱਬੀ ਹੱਕ ਮਿਲਿਆ ਹੋਵੇ ਤੇ ਮੈਂ ਉਸ ਲਈ ਕੋਈ ਕੂਲਾ ਜਿਹਾ ਲੇਲਾ ਹੋਵਾਂ, ਜਿਸ ਨੂੰ ਉਹ ਖਾ ਜਾਣਾ ਚਾਹੁੰਦੀ।

"ਕੀ ਗੱਲ ਦੁਹਾਜੂ ਬੰਦੇ ਨੀਂ ਹੁੰਦੇ... ਉਹਨਾਂ ਦੇ ਸੈੱਲ ਡਾਉਨ ਹੋ ਜਾਂਦੇ ਨੇ... ਦੱਸ ਮੇਰੇ 'ਚ ਕੀ ਕਮਜ਼ੋਰੀ ਏ... ਤੇਰਾ ਘਰ ਪੂਰਾ ਨਹੀਂ ਕਰਦਾ ਕਿ ਅਜੇ ਵੀ ਕੋਈ ਤੈਨੂੰ ਕਸਰ ਏ। ਫੱਫੇ ਕੁੱਟਣੀਏ ਤੈਨੂੰ ਬੀਮਾਰੀ ਕੀ ਏ। ਜੇ ਤੈਨੂੰ ਦਹਾਜੂ ਨਹੀਂ ਸੀ ਚੰਗਾ ਲੱਗਦਾ, ਫਿਰ ਤੇਰੇ ਮਾਪਿਆਂ ਮੇਰੇ ਗਲ੍ਹ ਕਿਉਂ ਮੜਿਆ। ਲੱਭ ਲੈਣਾ ਸੀ ਕੋਈ ਕੁਆਰਾ ਜਿਹਾ। ਤੇਰੇ ਪੱਲੇ ਕੁਝ ਹੁੰਦਾ ਤਾਂ ਹੀ ਮਿਲਦਾ।"

"ਬੇੜਾ ਗਰਕ ਜੇ ਮੇਰੇ ਮਾਪਿਆਂ ਦਾ ਜਿਹਨਾਂ ਮੈਨੂੰ ਤੇਰੇ ਪੱਲੇ ਪਾ ਤਾ।" ਉਹ ਹੋਰ ਚਿੜ੍ਹ ਜਾਂਦੀ ਤੇ ਅਵਾ ਤਵਾ ਬੋਲਣ ਲੱਗਦੀ। ਜਿਵੇਂ ਬਲ਼ਦੀ ਤੇ ਮੈਥੋਂ ਹੀ ਤੇਲ ਪੈ ਗਿਆ ਹੋਵੇ।

ਇੰਗਲੈਂਡ ਵਾਲੀ ਦਾ ਫ਼ੋਨ ਅੱਜ ਕੁਝ ਲੰਬਾ ਹੀ ਹੋ ਗਿਆ ਸੀ।

"ਤੁਸੀਂ ਤਾਂ ਕੁਬੇਰ ਜੀ ਪਿਆਰ ਕਰਨ ਵਾਲੇ ਮਨੁੱਖ ਹੋ। ਗੱਲਾਂ ਗੱਲਾਂ 'ਚ ਹੀ ਸਰੂਰ ਲਿਆ ਦਿੰਦੇ ਹੋ। ਤੁਸੀਂ ਔਰਤਾਂ ਦੀ ਥਿੰਕਿੰਗ ਨੂੰ ਵੀ ਬੜੀ ਚੰਗੀ ਤਰ੍ਹਾਂ ਸਮਝਦੇ ਹੋ। ਕਹਾਣੀ ਨੂੰ ਪੜ੍ਹਕੇ ਵੀ ਪਤਾ ਲੱਗਦੈ। ਔਰਤਾਂ ਤੋਂ ਮਾਤ ਖਾਣ ਤੋਂ ਬਾਅਦ ਵੀ ਤੁਹਾਡਾ ਔਰਤਾਂ ਪ੍ਰਤੀ ਨੈਗੇਟਿਵ ਐਟੀਚਿਊਡ ਨਹੀਂ ਹੈ।"

"ਜੀ ਸਾਰੀ ਦੁਨੀਆ ਮਾੜੀ ਥੋੜ੍ਹਾ ਹੁੰਦੀ। ਨਾ ਸਾਰੀ ਚੰਗੀ। ਪਰ ਕੁਝ ਮਾੜਿਆਂ ਨੇ ਬਾਕੀਆਂ ਨੂੰ ਵਖਤ ਪਾਇਆ ਹੋਇਆ। ਇੱਕ ਗੰਦੀ ਮੱਛੀ ਸਾਰੇ ਤਲਾਬ ਨੂੰ ਗੰਦਾ ਕਰ ਦੇਂਦੀ।"

"ਵਾਹ ਵਾਹ ! ਡਾਕਟਰ ਕੁਬੇਰ ਜੀ। ਤੁਹਾਡੀ ਸੋਚ ਦਾ ਲੈਵਲ ਕਿੰਨਾ ਉੱਚੈ। ਤੁਹਾਡੇ ਤੇ ਤੈਨੂੰ ਮਾਣ ਹੋ ਰਿਹਾ। ਉਹ ਜਿਵੇਂ ਵਜ਼ਦ ਜਿਹੇ 'ਚ ਆ ਗਈ ਹੋਵੇ। ਮੈਨੂੰ ਜਾਪਿਆ ਇਵੇਂ ਕਹਿੰਦਿਆਂ ਉਹ ਮੇਰੇ ਕੋਲ ਪਏ ਸਟੂਲ 'ਤੇ ਆ ਬੈਠੀ ਹੋਵੇ ਤੇ ਮੈਂ ਉਹਦੇ ਮੂੰਹ ਵਲ ਦੇਖਦਾ ਰਹਿ ਗਿਆ ਹੋਵਾਂ।

"ਮੇਰੇ ਤੇ ਤੁਹਾਨੂੰ ਕਾਹਦਾ ਮਾਣ ਹੋਈ ਜਾਂਦੈ। ਮੇਰੇ ਕੋਲ ਤਾਂ ਕੋਈ ਜ਼ਨਾਨੀ ਨਹੀਂ ਟਿਕਦੀ। ਤੁਸੀਂ ਵੀ ਤਾਂ ਇਕ ਔਰਤ ਹੀ ਹੋ। ਮੈਨੂੰ ਇਵੇਂ ਜਾਪਦੈ ਤੁਸੀਂ ਮੇਰੀਆਂ ਸਿਫ਼ਤਾਂ ਕਰਦਿਆਂ ਕਿਤੇ ਮੇਰਾ ਮਜ਼ਾਕ ਤਾਂ ਨਹੀਂ ਉੜਾ ਰਹੇ।"

ਉਹ ਹੱਸ ਪਈ ਸੀ।

"ਤੁਹਾਨੂੰ ਜਾਪਦੈ। ਮੈਂ ਇਵੇਂ ਕਰ ਸਕਦੀ ਆ। ਹੁਣ ਮੈਨੂੰ ਜਾਪਦੈ ਤੁਸੀਂ ਵੀ ਮੇਰਾ ਮਜ਼ਾਕ ਉੜਾ ਦਿੱਤੈ।"

"ਨਹੀਂ ਇਵੇਂ ਨਹੀਂ ਜੀ। ਪਰ ਕਿੰਨਾ ਫ਼ਰਕ ਏ ਤੁਹਾਡੇ ਤੇ ਪਤਨੀ ਵਰਗੀਆਂ ਔਰਤਾਂ 'ਚ ਇਵੇਂ ਬੰਦੇ ਦਾ ਚੰਗਿਆਂ ਤੋਂ ਵੀ ਵਿਸ਼ਵਾਸ ਜਿਹਾ ਉੱਠ ਜਾਂਦੈ।"

"ਸੱਚੀ ਗੱਲ ਏ ਕੁਬੇਰ ਜੀ ਇਹੋ ਜਿਹੀਆਂ ਨਾ ਵੱਸਣਾ ਨਾ ਵੱਸਣ ਦੇਣਾ ਹੁੰਦੈ। ਬਸ ਮਰਦਾਂ ਦੀ .ਚੌਧਰ ਦਾ ਰਾਗ ਅਲਾਪਦੀਆਂ ਆਪ ਬੁੱਲੇ ਲੁੱਟਦੀਆਂ ਨੇ ਤੇ ਬੰਦਿਆਂ ਨੂੰ ਬਦਨਾਮ ਕਰੀ ਜਾਂਦੀਐ। ਅਸਲ 'ਚ ਔਰਤ ਬਹੁਤੀ ਅਜ਼ਾਦੀ ਦੇ ਚੱਕਰ 'ਚ ਭੁਲੇਖੇ ਦਾ ਸ਼ਿਕਾਰ ਹੋਈ ਇਕੱਲਤਾ ਦੀ ਜੂਨ ਹੰਢਾ ਰਹੀ ਹੈ। ਅੱਜ ਦੀ ਔਰਤ ਅਵਾਰਾਗਰਦੀ ਨੂੰ ਹੀ ਆਜ਼ਾਦੀ ਸਮਝ ਬੈਠੀ ਏ। ਕੁਬੇਰ ਜੀ ਇਧਰ ਵੀ ਇਹੋ



ਜਿਹੀਆਂ ਕਲਜੋਗਣਾਂ ਬਥੇਰੀਆਂ ਤੁਰੀਆਂ ਫਿਰਦੀਐ, ਜਿਹੜੀਆਂ ਖਾਂਦੀਆਂ ਵੀ ਨੇ ਤੇ ਘੂਰਦੀਆਂ ਵੀ ਨੇ।"

"ਪਰ ਤੁਸੀਂ ਔਰਤ ਹੋ ਕੇ ਇਵੇਂ ਕਿਵੇਂ ਕਹਿ ਸਕਦੇ ਹੋ। ਇਹ ਬਹੁਤ ਵੱਡੀ ਗੱਲ ਹੈ। ਤੁਸੀਂ ਮਹਿਸੂਸ ਕਰਦੇ ਹੋ, ਔਰਤ ਅਜ਼ਾਦੀ ਦਾ ਨਜ਼ਾਇਜ਼ ਫੈਦਾ ਉਠਾ ਰਹੀ। ਤੁਸੀਂ ਇਵੇਂ ਨਿਉਟਲ ਹੋ ਕੇ ਕਿਵੇਂ ਸੋਚਦੇ ਹੋ। ਬਿਨਾ ਕਾਰਨ ਤੋਂ ਔਰਤ ਦਾ ਪੱਖ ਨਹੀਂ ਲੈਂਦੇ ਮੈਡਮ ਜੀ।"

"ਕੀਅ ਮੈਡਮ ਜੀ !! ਮੈਡਮ ਜੀ !! ਕਰਦੇ ਹੋ? ਮੈਨੂੰ ਬੜਾ ਓਪਰਾ ਜਿਹਾ ਲੱਗਦੈ।"

"ਪਰ ਤੁਸੀਂ ਕਿਹੜਾ ਮੈਨੂੰ ਅਜੇ ਤੱਕ ਆਪਣਾ ਨਾਂ ਦੱਸਿਐ।"

"ਤੁਸੀਂ ਕਿਹੜਾ ਕਦੇ ਪੁੱਛਿਐ?"

"ਹੁਣ ਦੱਸ ਦਿਓ ਫਿਰ?"

"ਅਜਨਬੀ ! ਤੁਸੀਂ ਮੈਨੂੰ ਅਜਨਬੀ ਕਹਿ ਲਿਆ ਕਰੋ।"

"ਅਜਨਬੀ !! ਇਹ ਕਿਹੋ ਜਿਹਾ ਨਾਮ ਹੋਇਆ। ਅੱਜ ਤੱਕ ਕਦੇ ਸੁਣਿਆ ਨਹੀਂ।"

"ਚਲੋ ਫੇਰ ਤੁਸੀਂ ਆਪਣੀ ਪਸੰਦ ਦਾ ਰੱਖ ਲਵੋ। ਮੈਨੂੰ ਉਹ ਹੀ ਪਸੰਦ ਹੋਵੇਗਾ।"

"ਮੈਡਮ ਮੈਨੂੰ ਸ਼ਿੰਦਰ ਨਾਂ ਬਹੁਤ ਪਸੰਦ ਏ।"

"ਸ਼ਿੰਦਰ !! ਰੀਅਲੀ !!!... ਪਰ ਉਹ ਕਿਉਂ ਕੋਈ ਖਾਸ ਕਾਰਨ ... ? ਇਹ ਕਿਸੇ ਪੁਰਾਣੀ ਮਹਿਬੂਬਾ ਦਾ ਨਾਂ ਏ ਜਨਾਬ।"

"ਨਹੀਂ ਨਹੀਂ... ਵੈਸੇ ਹੀ ਮੈਨੂੰ ਇਹ ਨਾਂ ਸੋਹਣਾ ਲੱਗਦੈ। ਤੁਹਾਨੂੰ ਕੋਈ ਇਤਰਾਜ਼ ਤਾਂ ਨਹੀਂ ਅਜਨਬੀ ਮੈਡਮ ਜੀ।"

"ਇਹ ਤਾਂ ਮੈਨੂੰ ਬਿਲਕੁਲ ਫਿੱਟ ਬੈਠਿਆ, ਤੁਸੀਂ ਤਾਂ ਕੁਬੇਰ ਜੀ ਮਹਾਂਪੁਰਸ਼ ਹੋ... ਜਾਨੀ ਜਾਨ ਹੋ , ਤੁਸੀਂ ਤਾਂ ਦਿਲਾਂ ਦੀਆਂ ਬੁੱਝ ਲੈਂਦੇ ਹੋ, ਮੇਰਾ ਅਸਲ ਨਾਂ ਵੀ ਤਾਂ ਇਹੋ ਹੀ ਏ।"

"ਫਿਰ ਮੰਨਦੇ ਹੋ ਮੈਨੂੰ।"

"ਹਾਂ ਮੰਨ ਗਏ ਉਸਤਾਦ।"

"ਪਰ ਸ਼ਿੰਦਰ ਇਹ ਔਰਤਾਂ ਕਿਉਂ ਨਹੀਂ ਮੰਨਦੀਆਂ... ਪਹਿਲਾਂ ਵਧੀਆ ਬੰਦਾ ਲੱਭਦੀਆਂ ਰਹਿੰਦੀਆਂ ਪਰ ਵਿਆਹ ਕਰਵਾਅ ਕੇ ਕਿਉਂ ਇਨ੍ਹਾਂ ਨੂੰ ਬਿੱਜ ਪੈ ਜਾਂਦੀ।"

"ਦੱਸਾਂਗੀ ਕਦੇ ਇੰਡੀਆ ਆਈ ਤਾਂ, ਤੁਹਾਨੂੰ ਮਿਲਣ ਦੀ ਕੋਸ਼ਿਸ਼ ਕਰਾਂਗੀ। ਵੇਖਿਓ ਮੈਨੂੰ ਬਿੱਜ ਨਹੀਂ ਪੈਂਦੀ।"

"ਸ਼ਿੰਦਰ ਮੇਰੇ ਬਾਰੇ ਤਾਂ ਸਭ ਕੁਝ ਪੁੱਛ ਲੈਂਦੇ ਹੋ, ਆਪਣੇ ਬਾਰੇ ਤਾਂ ਤੁਸੀਂ ਕਦੇ ਕੁਝ ਵੀ ਨਹੀਂ ਦੱਸਿਆ।"

"ਤੁਸੀਂ ਕਿਹੜਾ ਸਾਡੇ ਦਿਲ ਦਾ ਹਾਲ ਪੁੱਛਦੇ ਹੋ।"

"ਹੁਣ ਦੱਸ ਦਿਓ ਕਿਹੜੀ ਦੇਰ ਹੋ ਗਈ।"

"ਦੇਰ ਤਾਂ ਕੁਬੇਰ ਜੀ ਬਹੁਤ ਹੋ ਗਈ। ਮੈਂ ਤਾਂ ਸੈਲਫ਼ ਤੇ ਪਈ ਉਸ ਕਿਤਾਬ ਵਰਗੀ ਆ। ਜਿਸਦੇ ਪੰਨੇ ਪਲਟਣ ਦੀ ਕਦੇ ਕਿਸੇ ਹਿੰਮਤ ਨਹੀਂ ਕੀਤੀ। ਬਸ ਸ਼ੋਅ ਪੀਸ ਵਾਂਗੂੰ ਰਹਿ ਗਈ ਆਂ, ਮੈਂ ਪਿਆਸੀ ਧਰਤੀ ਆ... ਫਿਰ ਵੀ ਮੈਨੂੰ ਇੱਕ ਸਾਥੀ ਦੀਆਂ ਯਾਦਾਂ ਸਕੂਨ ਬਖ਼ਸ਼ ਦੀਐਂ... ਮੈਨੂੰ ਬੜੇ ਸਾਲਾਂ ਦਾ ਸਬਰ ਜਿਹਾ ਆਇਆ ਹੋਇਐ। ਉਹ ਮੇਰੀਆਂ ਅੱਖਾਂ ਅੱਗੋਂ ਕਦੀ ਹਟਦਾ ਹੀ ਨਹੀਂ।"

"ਤੁਹਾਡਾ ਪਤੀ... ਵਿਆਹ... ਬੱਚੇ... ਇਹ ਸਭ ਸਿਲਸਿਲਾ।" ਮੈਂ ਝਕਦਿਆਂ ਕੁਝ ਟੁੱਟਵੇਂ ਜਿਹੇ ਬੋਲਾਂ ਨਾਲ ਉਹਦਾ ਅਗਲਾ ਪਿਛਲਾ ਪੁੱਛਣਾ ਚਾਹੁੰਦਾ ਸਾਂ।

"ਵਿਆਹ ਹੋਇਆ ਸੀ। ਪਿਆਰ ਉਸਨੂੰ ਕਰਦੀ ਤਾਂ ਬੱਚਾ ਹੁੰਦਾ, ਮੈਂ ਪਿਆਰ ਉਸਨੂੰ ਕਰਦੀ ਸਾਂ, ਜਿਸਨੂੰ ਇੱਕ ਵਾਰੀ ਚਾਹ ਬੈਠੀ ਸਾਂ... ਮੈਂ ਵਿਆਹ ਤੋਂ ਬਾਅਦ ਇਸ਼ਕ ਕੀਤਾ ਪਰ ਉਹ ਪ੍ਰਵਾਨ ਨਾ ਚੜ੍ਹਿਆ ਪਰ ਕਦੇ ਉਸ ਸੋਹਣੇ ਅੱਗੇ ਜ਼ਾਹਰ ਵੀ ਨਾ ਕਰ ਸਕੀ। ਉਹ ਮੈਨੂੰ ਬੜਾ ਪਿਆਰਾ ਤੇ ਨਿਆਰਾ ਲੱਗਦਾ। ਪਰ ਉਸਨੇ ਤਾਂ ਮੇਰੇ ਵੱਲ਼ ਕਦੇ ਮੁੱਖ ਉਤਾਂਹ ਕਰਕੇ ਵੀ ਨਾ ਦੇਖਿਆ। ... ਪਰ ਮੈਂ ਵਰ੍ਹਿਆਂ ਤੋਂ ਉਸਦੇ ਸੁਪਨੇ ਲੈਂਦੀ, ਬਸ ਇਕੱਲੀ ਉਸ ਪੁੰਨੂੰ ਲਈ ਥਲਾਂ ਦੀ ਰੇਤ 'ਤੇ ਭੱਜਦੀ ਖੁੱਭਦੀ ਪੁੰਨੂੰ ਪੁੰਨੂੰ ਕਰਦੀ ਫਿਰਦੀ ਆਂ। ਪਰ ਮੇਰੇ ਉਸ ਚੰਨ ਦੇ ਤਾਂ ਚਿਤ ਚੇਤੇ ਵੀ ਨਹੀਂ ਹੋਣਾ। ਕੋਈ ਉਸ ਹੱਦ ਤੱਕ ਪਿਆਰ ਪਿਆ ਕਰਦੈ ਤੇ ਉਸ ਪਿੱਛੇ ਉਸਨੇ ਆਪਣਾ ਬਣਿਆ ਬਣਾਇਆ ਘਰ ਵੀ ਤੋੜ ਲਿਆ ਸੀ। ਉਸਤੋਂ ਬਾਅਦ ਮੇਰੇ ਮਾਪੇ ਮੈਨੂੰ ਇੰਗਲੈਂਡ ਲੈ ਆਏ।

"ਹੈਂ! ਏਨਾ ਕੁਝ ਵਾਪਰ ਗਿਐ, ਤੁਹਾਡੀ ਜ਼ਿੰਦਗੀ 'ਚ... ਫੇਰ ਵੀ ਏਨਾ ਹੌਸਲਾ...ਪਰ ਕੀ ਗੱਲ ਚੁੱਪ ਹੋ ਗਏ ਹੋ... ਮੈਨੂੰ ਹੌਸਲਾ ਦੇਣ ਵਾਲੀ ਅੱਜ ਆਪ ਏਨੀ ਉਦਾਸ।"

"ਬਸ ਜੀ ਮੇਰਾ ਕਿਹੜਾ ਕੋਈ ਵਜੂਦ ਏ, ਕੱਲੀ ਜਿੰਦ ਤੇ ਬੇਗਾਨਾ ਦੇਸ਼... ਰਾਹ ਪਈ ਤੱਕਦੀ ਰਹਿੰਦੀ ਆ ਉਸਦਾ।"

"ਵਾਹ! ਕਿਸੇ ਨੂੰ ਪਿਆਰ ਕਰਨਾ ਸਿੱਖਣਾ ਹੋਵੇ ਤਾਂ ਤੁਹਾਡੇ ਤੋਂ ਸਿੱਖੇ, ਤੁਹਾਡੇ ਵਰਗੀਆਂ ਹੀ ਤੁਹਾਡੀਆਂ ਖੂਬਸੂਰਤ ਗੱਲਾਂ ਨੇ ਪਰ ਸਾਡਾ ਫਿਰ ਕਿੱਥੇ ਨੰਬਰ ਤੁਹਾਡੀ ਲਿਸਟ 'ਚ।"

"ਨਹੀਂ ਤੁਸੀਂ ਤਾਂ ਮੇਰੇ ਵਧੀਆ ਦੋਸਤ ਹੋ, ਮੇਰੇ ਰਾਹ ਦਸੇਰੇ।" ਇੰਨਾ ਕਹਿੰਦਿਆਂ ਉਸਦੇ ਬੋਲ ਭਾਰੇ ਹੋ ਗਏ ਤੇ ਫ਼ੋਨ ਬੰਦ ਹੋ ਗਿਆ ਸੀ।

ਪਰ ਮੈਂ ਪਰੇਸ਼ਾਨ ਜਿਹਾ ਹੋ ਗਿਆ ਸਾਂ। ਸ਼ਿੰਦਰ ਦਾ ਤਾਂ ਉਹ ਹਾਲ ਸੀ। ਇੱਕ ਕਮਲੀ ਦੂਜੀ ਪੈ ਗਈ ਸਿਵਿਆਂ ਦੇ ਰਾਹ। ਮੈਨੂੰ ਜਾਪਦਾ, ਨਾ ਸ਼ਿੰਦਰ ਆਪਣੀ ਜ਼ਿੰਦਗੀ ਜਿਓ ਰਹੀ ਸੀ ਨਾ ਉਹ ਹੀ। ਪਰ ਉਹ ਦੋਵੇਂ ਇੱਕ ਦੂਜੇ ਲਈ ਕਿਸੇ ਹੱਦ ਤੱਕ ਸਹਾਰਾ ਮਾਤਰ ਜ਼ਰੂਰ ਸਨ। ਇੱਕ ਸਮਾਨਅੰਤਰ ਦਰਿਆ ਦੇ ਕਿਨਾਰਿਆਂ ਵਾਂਗੂੰ ਖੜੇ ਇੱਕ ਰਫ਼ਤਾਰ 'ਚ ਵਹਿੰਦੇ ਹੋਏ ਪਾਣੀ ਨੂੰ ਤੱਕ ਤੱਕ ਜੀਆ ਰਹੇ ਸਨ।

ਮਰਦ ਤੇ ਔਰਤ ਦਾ ਰਿਸ਼ਤਾ ਕਿਵੇਂ ਉਨ੍ਹਾਂ ਦੋਹਾਂ ਲਈ ਸਰਾਪਿਆ ਜਿਹਾ ਪਿਆ ਸੀ। ਸ਼ਿੰਦਰ ਕਿਸੇ ਹੋਰ ਦੇ ਪਿਆਰ 'ਚ ਅਜੇ ਵੀ ਝੱਲੀ ਤੇ ਵਿਯੋਗਣ ਹੋਈ ਬੈਠੀ ਸੀ। ਪਰ ਅਮਰੀਕ ਦੀ ਇੱਕ ਚੰਗੀ ਆਸ ਨੂੰ ਬੂਰ ਨਹੀਂ ਸੀ ਪੈ ਰਿਹਾ।

ਉਹ ਸਿਰ ਫ਼ੜਕੇ ਓ. ਪੀ. ਡੀ. 'ਚ ਬੈਠਾ ਸੀ। ਜਿਵੇਂ ਘੁੰਮਣਘੇਰੀਆਂ 'ਚ ਫਸਿਆ ਬੈਠਾ ਹੋਵੇ। ਉਹ ਅਜੇ ਵੀ ਉਜਾੜ ਬੀਆਬਾਨ 'ਚ ਇਕੱਲਾ ਹੀ ਭਟਕ ਰਿਹਾ। ਉਸਦੀ ਸੋਚ ਕਿਸੇ ਪਾਸੇ ਨਹੀਂ ਸੀ ਲੱਗ ਰਹੀ।

"ਸਰ ... ਸਰ ਕਿੱਥੇ ਗੁਆਚੇ ਹੋਏ ਓ।"

ਮੈਂ ਅੱਬੜਵਾਹੇ ਨੇ ਸਿਰ ਉਤਾਂਹ ਚੁੱਕਿਆ। ਮੱਥੇ 'ਤੇ ਹੱਥ ਫੇਰਿਆ। ਉਹ ਸੋਹਣੀ ਜਿਹੀ ਕਿੰਦਰ ਨਰਸ ਮੈਨੂੰ ਮੋਢੇ ਤੋਂ ਫੜਕੇ ਹਲੂਣ ਰਹੀ ਸੀ।

"ਸਰ ਮੈਂ ਤਾਂ ਤੁਹਾਨੂੰ ਰੋਜ਼ ਦੇਖਦੀ ਰਹਿੰਦੀ ਆ, ਤੁਸੀਂ ਅਕਸਰ ਹੀ ਕਿਤੇ ਗੁਆਚੇ ਰਹਿੰਦੇ ਹੋ।"

ਮੈਂ ਸਿੱਧਾ ਹੋ ਕੇ ਬੈਠ ਗਿਆ ਸਾਂ।

"ਹਾਂ ਦੱਸ ਕੋਈ ਕੰਮ।"

"ਨਹੀਂ ਕੋਈ ਕੰਮ ਨਹੀਂ... ਮੈਂ ਇੱਥੋਂ ਲੰਘ ਰਹੀ ਸਾਂ ਤਾਂ ਤੁਹਾਨੂੰ ਦੇਖਕੇ ਰੁਕ ਗਈ, ਡਾਕਟਰ ਸਾਹਿਬ ਮੈਨੂੰ ਯਕੀਨ ਨਹੀਂ ਆਉਂਦਾ ਇਵੇਂ ਕੁਝ ਹੋਇਆ ਹੋਵੇਗਾ, ਜਿਵੇਂ ਮੈਂ ਕੁਝ ਸਾਲਾਂ ਤੋਂ ਸੁਣਿਆ ਤੇ ਸੋਚਦੀ ਆ ਰਹੀ ਆ।"



"ਕਿਹੜੀ ਗੱਲ?"

"ਡਾਕਟਰ ਸਾਹਿਬ ਅੱਜ ਇੱਕ ਗੱਲ ਕਰਾਂ, ਗੁੱਸਾ ਤਾਂ ਨਹੀਂ ਕਰੋਗੇ?"

"ਨਹੀਂ ਕਰਦਾ।"

"ਸਰ ਕਦੇ ਤੁਹਾਡੇ ਕਰਕੇ ਸਾਡੇ ਘਰ ਦਾ ਇੱਕ ਹਿੱਸਾ ਬਰਬਾਦ ਹੋ ਗਿਆ ਸੀ।"

"ਮੇਰੇ ਕਰਕੇ... ਘਰ ਬਰਬਾਦ ! ਹੈਂ!!" ਮੈਂ ਹੱਸ ਪਿਆ ਤੇ ਹੈਰਾਨ ਜਿਹਾ ਵੀ ਹੋ ਗਿਆ।

ਉਹ ਖੜੀ ਸੀ। ਮੈਂ ਉਸਨੂੰ ਬੈਠਣ ਦਾ ਇਸ਼ਾਰਾ ਕੀਤਾ। ਉਹ ਕੁਰਸੀ ਤੇ ਬੈਠ ਗਈ।

ਮੈਨੂੰ ਅਜੀਬ ਜਿਹੀ ਕਿਸਮ ਦੀ ਦਿਲਚਸਪੀ ਪੈਦਾ ਹੋ ਗਈ ਸੀ।

"ਡਾਕਟਰ ਸਾਹਿਬ ਮੇਰੀ ਚਾਚੀ ਕਦੇ ਤੁਹਾਡੇ ਤੋਂ ਦਵਾਈ ਲੈਂਦੀ ਹੁੰਦੀ ਸੀ। ਉਹ ਅਕਸਰ ਹੀ ਤੁਹਾਡੇ ਤੋਂ ਦਵਾਈ ਲੈਣ ਆਉਂਦੀ ਰਹਿੰਦੀ... ਸਾਡੇ ਘਰ 'ਚ ਕਲੇਸ਼ ਰਹਿਣ ਲੱਗਾ, ਬੜੀ ਜੰਗ ਹੁੰਦੀ, ਲੜ ਲੜ ਸਾਰੇ ਜੀਅ ਹੇਠ ਉੱਪਰ ਹੋਏ ਰਹਿੰਦੇ।"

"ਪਰ ਮੇਰੇ ਕਰਕੇ ਕਿਉਂ ਮੈਨੂੰ ਤਾਂ ਇਹ ਵੀ ਨਹੀਂ ਪਤਾ ਕੌਣ ਔਰਤ? ਕੌਣ ਤੇਰੀ ਚਾਚੀ?? ਮੈਨੂੰ ਤਾਂ ਕੁਝ ਯਾਦ ਨਹੀਂ।"

"ਡਾਕਟਰ ਸਾਹਿਬ ਮੇਰੀ ਚਾਚੀ ਬੜੀ ਸੋਹਣੀ ਸੀ। ਉਹਦੇ ਕਾਲੇ ਲੰਬੇ ਵਾਲ਼ ਸੁਰਾਹੀ ਵਰਗੀ ਧੌਣ। ਤੜਫ਼ਾਉਂਦੀ ਹੋਈ ਤੋਰ... ਬੋਲਦੀ ਤਾਂ ਫੁੱਲ ਕਿਰਦੇ... ਉਸ ਹੂਰਾ ਪਰੀ ਵਰਗੀ ਸਾਡੇ ਪਿੰਡ 'ਚ ਕੋਈ ਵੀ ਨਹੀਂ ਹੋਣੀ, ਉਹ ਬਣ ਠਣ ਕੇ ਰਹਿੰਦੀ... ਉਸਨੂੰ ਜਦੋਂ ਵੀ ਕੋਈ ਢਿੱਲ ਮੱਠ ਹੁੰਦੀ ਉਸ ਤੁਹਾਡੇ ਕੋਲ ਹੀ ਆਉਣਾ, ਤੁਹਾਡੀਆਂ ਡਾਕਟਰ ਸਾਹਿਬ ਸਾਡੇ ਘਰ'ਚ ਬੜੀਆਂ ਗੱਲਾਂ ਹੁੰਦੀਆਂ। ਦਾਦੀ ਨੇ ਕਹਿਣਾ ਉਸੇ ਹੀ ਡਾਕਟਰ ਕੋਲ ਤੁਰੀ ਰਹਿੰਦੀ ਏ। ਇਹ ਉਹਦੇ ਨਾਲ ਰਲ਼ੀ ਹੋਈ ਏ। ਡਾਕਟਰ ਨਾਲ ਇਹਦੀ ਗੱਲਬਾਤ ਏ। ਇਹਨੂੰ ਕੋਈ ਹੋਰ ਡਾਕਟਰ ਹੀ ਨਹੀਂ ਮਿਲਦਾ। ਦਾਦੀ ਮੇਰੀ ਤਕੜੀ ਸੀ ਉਹ ਚਾਚੀ ਨੂੰ ਮਿਹਣੇ ਮਾਰਦਿਆਂ ਉਸਨੂੰ ਕੁੱਟ ਵੀ ਸੁੱਟਦੀ। ਚਾਚੀ ਬੜੀ ਭੋਲੀ ਭਾਲੀ ਮਾਸੂਮ ਜਿਹੀ ਬਥੇਰਾ ਕਹਿੰਦੀ। ਉਸ ਡਾਕਟਰ ਦੀ ਮੈਨੂੰ ਦਵਾਈ ਮਾਫ਼ਕ ਬਹਿੰਦੀ ਏ। ਨਾਲੇ ਉਹ ਪੈਸੇ ਵੀ ਬੜੇ ਘੱਟ ਲੈਂਦਾ। ਦਾਦੀ ਨੇ ਕਹਿਣਾ ਤੇਰੇ ਤੋਂ ਹੀ ਘੱਟ ਲੈਂਦਾ ਹੋਣੈ। ਤੇਰੇ ਨਾਲ ਇਸ਼ਕ ਪੇਚਾ ਜੂ ਏ। ਉੱਥੇ ਹੀ ਸੁਆਦ ਲੈਣ ਉੱਡੀ ਰਹਿੰਦੀ ਏ। ਇਵੇਂ ਚਾਚਾ ਵੀ ਚਾਚੀ ਨੂੰ ਕੁੱਟ ਕੱਢਦਾ। ਮੇਰੀ ਬਿੱਲੀਆਂ ਅੱਖਾਂ ਵਾਲੀ ਚਾਚੀ ਨੇ ਰੋ ਰੋ ਕਹਿਣਾ ਪਰ ਉਹਦੇ ਨਾਲ ਕੋਈ ਵੀ ਹਮਦਰਦੀ ਨਾ ਕਰਦਾ। ਉਹ ਇਵੇਂ ਘਰ 'ਚ ਕੱਲੀ ਕੱਲੀ ਜਿਹੀ ਹੋ ਕੇ ਰਹਿ ਗਈ।"

ਮੈਂ ਦਿਮਾਗ਼ 'ਤੇ ਬੋਝ ਪਾਉਂਦਾ ਜਾਂਦਾ। ਪਰ ਮੈਨੂੰ ਇਵੇਂ ਦੀ ਕੋਈ ਔਰਤ ਚੇਤੇ ਨਹੀਂ ਸੀ ਆ ਰਹੀ।

"ਸਰ ਮੇਰੀ ਚਾਚੀ ਤੁਹਾਡੀ ਹੀ ਉਮਰ ਦੀ ਹੋਵੇਗੀ... ਉਹ ਕਈ ਵਾਰ ਰੁੱਸਕੇ ਪੇਕੇ ਵੀ ਚਲੀ ਜਾਂਦੀ। ਇਵੇਂ ਥੋੜ੍ਹਾ ਚਿਰ ਹੀ ਸਿਲਸਿਲਾ ਚੱਲਿਆ, ਫਿਰ ਛੱਡ ਛੁਡਾਈਆ ਹੋ ਗਿਆ। ਉਹਦੇ ਘਰਦੇ ਚਾਚੀ ਨੂੰ ਕਿਤੇ ਬਾਹਰਲੇ ਮੁਲਕ ਲੈ ਗਏ। ਉਹ ਫਿਰ ਕਦੇ ਵੀ ਨਹੀਂ ਆਈ।"

"ਹੱਛਾ... ਇਹ ਤਾਂ ਬੜੀ ਮਾੜੀ ਹੋਈ। ਤਾਂ ਹੀ ਤੂੰ ਮੈਨੂੰ ਕੁਣੱਖਾ ਜਿਹਾ ਝਾਕਦੀ ਹੁੰਦੀ ਸੈਂ।"

ਉਸਨੇ ਹਾਂ 'ਚ ਸਿਰ ਹਿਲਾਇਆ।

"ਤੇਰੀ ਚਾਚੀ ਦਾ ਨਾਂ ਕੀ ਸੀ।"

"ਸ਼ਮਿੰਦਰ ਕੌਰ ... ਉਂਝ ਉਹਨੂੰ ਸਾਰੇ ਸ਼ਿੰਦਰ ਹੀ ਕਹਿੰਦੇ।"

"ਸ਼ਿੰਦਰ... ਸ਼ਿੰਦਰ ਸੀ ਉਹਦਾ ਨਾਂ।"

"ਕਿਉਂ ਡਾਕਟਰ ਸਾਹਿਬ?"

"ਨਹੀਂ ਕੁਝ ਨਹੀਂ... ਮੈਂ ਵੈਸੇ ਹੀ ਪੁੱਛਿਆ... ਤੂੰ ਜਾਅ ਹੁਣ।"

ਕਿੰਦਰ ਤਾਂ ਚਲੀ ਗਈ ਸੀ। ਪਰ ਮੈਂ ਤੜਫ਼ ਉੱਠਿਆ ਸਾਂ। ਇੰਝ ਵੀ ਹੋ ਸਕਦੈ। ਇਹ ਤਾਂ ਇਕ ਅਜ਼ਬ ਕਹਾਣੀ ਬਣ ਗਈ ਸੀ। ਇੰਗਲੈਂਡ ਵਾਲੀ ਅਜਨਬੀ ਸ਼ਿੰਦਰ ਹੀ ਤਾਂ ਨਹੀਂ ਕਿਤੇ ਉਹ ਸ਼ਿੰਦਰ...।"

ਮੈਂ ਇੰਗਲੈਂਡ ਫ਼ੋਨ ਲਾ ਦਿੱਤਾ ਸੀ।

ਬੈੱਲ ਜਾ ਰਹੀ ਸੀ।

"ਹੈਲੋ ...ਕੁਬੇਰ ਜੀ... ਕਿਵੇਂ ਯਾਦ ਕੀਤਾ।"

"ਤੂੰ ਸ਼ਿੰਦਰ ਸੱਚ ਦੱਸ ਕੌਣ ਏ?"

"ਕੀ ਗੱਲ ਅੱਜ ਮੈਥੋਂ ਕੀ ਗੁਨਾਹ ਹੋ ਗਿਆ।"

"ਗੁਨਾਹ ਤਾਂ ਪਤਾ ਨਹੀਂ ਕਿਸਤੋਂ ਹੋਇਆ... ਤੈਥੋਂ ਕਿ ਮੈਥੋਂ? ਪਰ ਦੱਸ ਬਿੱਲੀਆਂ ਅੱਖਾਂ ਵਾਲੀਏ... ਤੂੰ ਉਹੋ ਹੀ ਏ, ਜਿਹੜੀ ਡਾਕਟਰ ਨੂੰ ਪਿਆਰ ਕਰਦੀ ਤੇ ਉਸਦੀ ਖਾਤਰ ਆਪਣੀ ਸੱਸ ਤੇ ਘਰਵਾਲੇ ਤੋਂ ਕੁੱਟ ਵੀ ਖਾਂਦੀ ਰਹੀ, ਦੱਸ ਤੂੰ ਉਹੋ ਹੀ ਏ ਕਿ ਕੋਈ ਹੋਰ।"

ਉਸਦੀ ਆਵਾਜ਼ ਇਕਦਮ ਥੰਮ ਗਈ ਸੀ। ਪਰ ਉਹ ਉੱਚੀ ਉੱਚੀ ਰੋਣ ਲੱਗ ਪਈ। ਉਹ ਫਿਰ ਰੋਈ ਹੀ ਜਾ ਰਹੀ ਸੀ। ਜਿਵੇਂ ਅੱਜ ਉਹਦੇ ਰੋਣ ਦਾ ਕੜ ਹੀ ਪਾਟ ਗਿਆ ਹੋਵੇ।

"ਸ਼ਿੰਦਰ ਸ਼ਿੰਦਰ ਕੁਝ ਬੋਲ ਵੀ।"

ਪਰ ਉਹਤੋਂ ਤਾਂ ਅਜੇ ਵੀ ਬੋਲ ਨਹੀਂ ਸੀ ਹੋ ਰਿਹਾ। ਜਿਵੇਂ ਵਰ੍ਹਿਆਂ ਦੇ ਡੱਕੇ ਹੰਝੂਆਂ ਦਾ ਲਾਵਾ ਅੱਜ ਫੁੱਟ ਕੇ ਕਿਨਾਰਿਆਂ ਤੋਂ ਬਾਹਰ ਨੂੰ ਵਹਿ ਤੁਰਿਆ ਸੀ।

"ਡਾਕਟਰ ਸਾਹਿਬ ਅੱਜ ਮੇਰੀਆਂ ਉਨ੍ਹਾਂ ਪਈਆਂ ਹੋਈਆਂ ਲਾਸ਼ਾਂ ਦਿਆਂ ਫੱਟਾਂ 'ਚੋਂ ਸੇਕ ਨਿਕਲਣ ਲੱਗੈ... ਜਿਹੜੀਆਂ ਮੈਂ ਤੁਹਾਡੇ ਕਰਕੇ ਸਹਿ ਲੈਂਦੀ ਰਹੀ... ਉਹ ਲੋਕ ਜਿਉਂ ਜਿਉਂ ਮੇਰੇ 'ਤੇ ਸ਼ੱਕ ਕਰਦੇ ਗਏ ਮੈਂ ਤੁਹਾਨੂੰ ਹੋਰ ਜ਼ਿਆਦਾ ਚਾਹੁਣ ਲੱਗ ਪਈ ਸਾਂ... ਫਿਰ ਮੈਂ ਪਿੱਛੇ ਮੁੜਕੇ ਨਾ ਦੇਖਿਆ... ਤੁਸੀਂ ਡਾਕਟਰ ਸਾਹਿਬ ਮੈਨੂੰ ਕਦੀ ਵੀ ਨਹੀਂ ਚਾਹਿਆ। ਬਸ ਚੈੱਕ ਕਰਕੇ ਮੁਸ਼ਕਰਾਉਂਦੇ... ਸੋਹਣੇ ਬੋਲ ਬੋਲਦੇ... ਮੈਨੂੰ ਦਵਾਈ ਦੇ ਕੇ ਤੋਰ ਦੇਂਦੇ। ਮੈਂ ਦਵਾਈ ਦੇ ਪੈਕਿਟ ਘਰੇ ਇਕੱਠੇ ਕਰਦੀ ਰਹੀ। ਮੈਂ ਬੀਮਾਰੀ ਦੇ ਬਹਾਨੇ ਤੁਹਾਨੂੰ ਦੇਖਣ ਤੁਰੀ ਰਹਿੰਦੀ। ਮੈਂ ਪਾਗਲ ਹੋ ਗਈ ਸਾਂ। ਪਰ ਮੇਰੀ ਕਹਾਣੀ ਤਾਂ ਅਧੂਰੀ ਹੀ ਰਹਿ ਗਈ... ਪਰ ਜਦੋਂ ਰਸਾਲੇ 'ਚ ਤੁਹਾਡੀ ਜ਼ਿੰਦਗੀ ਦੀ ਅਧੂਰੀ ਪਈ ਖ਼ਲਤ ਮਲਤ ਕਹਾਣੀ ਦੇਖੀ... ਵਟਸਅੱਪ ਤੇ ਤੁਹਾਡੀ ਫੋਟੋ ਮੈਂ ਤਾਂ ਝੱਲੀ ਹੋ ਗਈ ਸਾਂ... ਪਰ ਫਿਰ ਵੀ ਮੈਂ ਤੁਹਾਨੂੰ ਆਪਣੀ ਅਸਲੀਅਤ ਨਾ ਦੱਸ ਸਕੀ। ਹਿੰਮਤ ਹੀ ਨਹੀਂ ਸੀ ਪਈ। ਕਿਤੇ ਤੁਸੀਂ ਮੈਨੂੰ ਦੁਰਕਾਰ ਹੀ ਨਾ ਦੇਵੋ... ਮੈਂ ਇਹ ਕੁਝ ਬਰਦਾਸ਼ਤ ਨਹੀਂ ਸੀ ਕਰ ਸਕਣਾ... ਇਹਦੇ ਨਾਲੋਂ ਇਵੇਂ ਉਹਲੇ 'ਚ ਰਹਿ ਕੇ ਤੁਹਾਡੇ ਕੋਲ ਵਿਚਰਨਾ ਮੈਨੂੰ ਠੀਕ ਜਾਪਿਆ।"

"ਸ਼ਿੰਦਰ ਮੇਰੇ ਦੋ ਬੱਚੇ ਨੇ.. ਪਤਨੀ ਤਾਂ ਮੈਨੂੰ ਪੱਕੀ ਛੱਡ ਗਈ ਏ... ਉਸ ਨਹੀਂ ਕਦੇ ਆਉਣਾ... ਇਨ੍ਹਾਂ ਨੂੰ ਪਾਲ਼ ਲਵੇਂਗੀ?"

"ਕਿਉਂ ਨਹੀਂ... ਤੁਹਾਡੇ ਲਈ ਏਡਾ ਬਣਵਾਸ ਕੱਟ ਸਕਦੀ ਆ... ਇਹ ਤਾਂ ਕੁਝ ਵੀ ਨਹੀਂ।"

ਉਸਦੇ ਏਨਾ ਕਹਿਣ ਦੀ ਦੇਰੀ ਹੀ ਸੀ। ਮੇਰੀ ਜ਼ਿੰਦਗੀ ਦੇ ਅਰਥ ਹੀ ਬਦਲਦੇ ਜਾਪੇ।

ਮੈਂ ਦੇਖਿਆ ਕੱਲ੍ਹ ਤੱਕ ਮੇਰੇ ਬੈੱਡ ਰੂਮ 'ਚ ਆਉਂਦੀ ਰੌਸ਼ਨੀ ਜੋ ਮੈਨੂੰ ਬੇਚੈਨ ਕਰ ਦਿੰਦੀ ਸੀ। ਅੱਜ ਸਵੇਰੇ ਉੱਠਦਿਆਂ ਹੀ ਮੈਂ ਰਜ਼ਾਈ ਉਸੇ ਵੇਲੇ ਪਰ੍ਹੇ ਵਗਾਹ ਮਾਰੀ। ਪਰ੍ਹਦੇ ਪਾਸਿਆਂ ਨੂੰ ਧੱਕ ਦਿੱਤੇ। ਚਾਨਣ ਨਾਲ ਸਾਰਾ ਬੈੱਡ ਰੂਮ ਭਰ ਗਿਆ ਸੀ। ਜਿਵੇਂ ਮੈਂ ਸ਼ਿੰਦਰ ਦੀਆਂ ਕੌਮਲ ਬਾਹਵਾਂ ਦੀ ਪਨਾਂਹ 'ਚ ਚਲਾ ਗਿਆ ਹੋਵਾਂ।

(**ਸੰਪਰਕ** 98151-86532)



## ਕਹਾਣੀ/ ਟੁੰਡਾ / -ਸਿੰਮੀਪ੍ਰੀਤ ਕੌਰ

"ਜ਼ਿੰਦਗੀ ਪਿਆਰੀ ਕਿਹਨੂੰ ਨੀਂ ਹੁੰਦੀ? ਬੇਵਸੀ ਦਾ ਆਲਮ ਈ ਹੁੰਦਾ ਜੋ ਲੈ ਤੁਰਦੈ ਆਖਰੀ ਸਫ਼ਰ ਵੱਲ। ਸੁੱਖ ਦੇ ਹੁੰਦਿਆਂ ਕੌਣ ਭੱਜਦਾ ਜ਼ਿੰਦਗੀ ਤੋਂ? ਮਰਨ ਨਾਲ ਮੁਸ਼ਕਿਲਾਂ ਹੱਲ ਵੀ ਨੀਂ ਹੁੰਦੀਆਂ।" ਇਹੀ ਸੋਚ ਕੇ ਮੈਂ ਜ਼ਿੰਦਗੀ ਦੀ ਲੀਹ 'ਤੇ ਮੁੜ ਤੁਰ ਪੈਂਦਾ। ਆਪਣਾ ਦੁੱਖ ਸਾਂਝਾ ਆਪੇ ਨਾਲ ਈ ਕਰਦਾ। ਪਰ ਕਿਉਂ? ਕਿਉਂ ਨੀਂ ਮੈਂ ਆਪਣੇ ਭਰੇ ਮਨ ਨੂੰ ਘਰਦਿਆਂ ਸਾਹਮਣੇ ਜ਼ਾਹਰ ਕਰਦਾ? ਬੇਬੇ ਕਿੰਨਾ ਕੋਲ ਬਠਾ ਕੇ ਗੋਦੀ 'ਚ ਲੈ ਲੈ ਪੁੱਛਦੀ। ਛਿੰਦੋ ਵੀ ਬੁੱਝ ਲੈਂਦੀ ਏ ਮੇਰੇ ਚਿਹਰੇ 'ਤੇ ਉਦਾਸੀ। ਫਿਰ ਮੈਂ ਚੁੱਪ ਕਿਉਂ ਹੋ ਜਾਂਦਾ ਹਾਂ? ਸ਼ਾਇਦ ਮੇਰੇ ਮਨ ਦਾ ਬੋਝ ਉੱਤਰ ਜਾਏ। ਪਤਾ ਨੀਂ ਕੀ ਆਉਂਦੀ ਮੇਰੇ ਮਨ 'ਚ? ਕੋਈ ਚੜ੍ਹਦੀ ਉਤਰਦੀ?

ਦੁਬਿਧਾ ਵਿਚ ਪਿਆ ਮੈਂ ਖੇਤ ਦੀਆਂ ਵੱਟਾਂ' ਤੇ ਤੁਰਿਆ ਜਾ ਰਿਹਾ ਸਾਂ। ਕਦੀ ਮੇਰੇ ਪੈਰ ਕਾਹਲੀ ਹੋ ਜਾਂਦੇ ਤੇ ਕਦੀ ਵੱਟ ਪਤਲੀ ਆਉਣ ਨਾਲ ਮੈਂ ਹੌਲੀ ਪੈ ਜਾਂਦਾ। ਮੇਰੀ ਦੁਬਿਧਾ ਵੀ ਵੱਟ ਵਰਗੀ ਹੋ ਗਈ ਲੱਗਦੀ ਸੀ। ਕਦੀ ਜ਼ਿੰਦਗੀ ਲਈ ਕਾਹਲੀ ਤੇ ਕਦੀ ਮੌਤ ਲਈ। ਕਿੰਨੀ ਵਾਰ ਨਿਰਾਸ਼ ਹੋ ਕੇ ਮੌਤ ਨੂੰ ਵਾਜ਼ਾਂ ਮਾਰਦਾ ਰਿਹਾਂ। ਮੌਤ ਨੇੜੇ ਵੇਖ ਕੇ ਡਰਨ ਤਾਂ ਨੀਂ ਲੱਗਿਆ ਕਿਤੇ ਮੈਂ? ਆਪਣੇ ਅੰਦਰ ਨੂੰ ਫਰੋਲਣ ਦਾ ਯਤਨ ਕਰਨ ਲੱਗਦਾ।

ਨਿੱਕੇ ਹੁੰਦੇ ਦੇ ਦਿਨ ਯਾਦ ਆਏ। ਇਹਨਾਂ ਵੱਟਾਂ 'ਤੇ ਦੜੰਗੇ ਲਾਉਂਦੇ ਹੁੰਦੇ ਸੀ ਤੇ ਖਾਲ਼ ਵਿਚ ਤਾਰੀਆਂ ਮੈਂ ਤੇ ਅਵਤਾਰ। ਜਿਵੇਂ ਜਿਵੇਂ ਵੱਡੇ ਹੁੰਦੇ ਗਏ ਜ਼ਮੀਨ ਸਾਡੇ ਹੱਥਾਂ 'ਚੋਂ ਰੇਤ ਵਾਂਗਰਾਂ ਖੁਸਦੀ ਗਈ। ਇਸੇ ਵੱਟਾਂ 'ਤੇ ਲੰਘਣ ਲੱਗਿਆ ਕੋਈ ਤਾਹਨਾ ਮਾਰ ਦਿੰਦਾ। ਹਿੱਕ 'ਚ ਗੋਲੀ ਵਾਂਗ ਜਾ ਲੱਗਦਾ। ਖੇਤ ਵੜਨਾ ਤਾਂ ਦੂਰ ਇਸ ਵੱਲ ਝਾਕਣ ਤੋਂ ਵੀ ਮਨ ਮਰ ਗਿਆ। ਕਿਸੇ ਨੂੰ ਅੰਦਰਲੀ ਪਾਟੀ ਹਿੱਕ ਦਾ ਨਿਸ਼ਾਨ ਜਾਂ ਦਰਦ ਨਾ ਦਿਸਦਾ। ਬੰਦਾ ਕਿਹੜਿਆਂ-ਕਿਹੜਿਆਂ ਹਲਾਤਾਂ 'ਚੋਂ ਨਿਕਲਦਾ ਕੋਈ ਨੀਂ ਜਾਣਦਾ? ਦੁਨੀਆਂ ਨੇ ਤਾਂ ਤਾਹਨਿਆਂ ਵਾਲਾ ਕੋਈ ਪਾਸਾ ਖਾਲੀ ਨੀਂ ਸੀ ਛੱਡਿਆ। ਵਕਤ ਈ ਸੀ ਜਿਹਦੇ ਨਾਲ ਖਹਿੰਦੇ ਆ ਰਹੇ ਸਾਂ।

ਇਕ ਉਹ ਦਿਨ ਸੀ ਜਦੋਂ ਮੈਂ ਆਪਣੀ ਮੌਤ ਦੀਆਂ ਸਕੀਮਾਂ ਘੜਦਾ ਫਿਰਦਾ ਸੀ। ਕਿੰਨੇ ਹਥਿਆਰ ਸੀ ਮੇਰੇ ਕੋਲ। ਪਰ ਉਦੋਂ ਮੇਰੇ ਲਈ ਕਦੀ ਨਹਿਰ ਦਾ ਪਾਣੀ ਮੁਕਿਆ ਹੁੰਦਾ। ਬਿਜਲੀ ਨੂੰ ਜੱਫਾ ਪਾਉਣ ਦੀ ਸੋਚਦਾ ਤਾਂ ਲੈਟ ਨਾ ਹੁੰਦੀ। ਪਰ ਕਈ ਜ਼ਿੰਮੇਵਾਰੀਆਂ ਮੇਰੇ ਪੈਰਾਂ 'ਚ ਬੇੜੀ ਪਾ ਦਿੰਦੀਆਂ। ਅੱਜ ਮੈਨੂੰ ਮੌਤ ਕੋਲ ਬੁਲਾ ਰਹੀ ਸੀ ਉਹ ਆਪ ਚੱਲ ਕੇ ਆਈ ਸੀ। ਤੇ ਹੁਣ ਮੈਂ ਮੌਤੋਂ ਭੱਜ ਰਿਹਾਂ ਸਾਂ?

ਨਹੀਂ ਤਾਂ? ਮੇਰੇ ਮੂਹਰੇ ਬਾਪੂ ਦਾ ਝੁਰੜੀਆਂ ਭਰਿਆ ਚਿਹਰਾ ਆ ਜਾਂਦਾ। ਕਦੀ ਛਿੰਦੋ? ਜਿਹਦੇ ਲਈ ਮੈਂ ਤਿਣਕੇ ਦਾ ਸਹਾਰਾ। ਨਿੱਕੇ ਜਵਾਕਾਂ ਦੇ ਮੂੰਹ? ਪਰ ਮਨਜੀਤ? ਉਹ ਕਿੱਥੇ? ਸ਼ਾਇਦ ਮੇਰੇ ਸੁਪਨਿਆਂ 'ਚੋਂ ਉਹਲੇ ਸੀ। ਉਹ ਮੇਰੇ ਲਈ ਬਣੀ ਈ ਨੀਂ ਸੀ। ਮੇਰੇ ਲੜ ਲੱਗ ਉਹਦੇ ਸੁਪਨੇ ਮਰ 'ਗੇ। ਮੇਰਾ ਵੀ ਕੀ ਕਸੂਰ ਸੀ? ਪਰ ਮੈਂ ਉਹਨੂੰ ਆਜ਼ਾਦੀ ਦੇ ਦਿੱਤੀ। ਮੇਰੇ ਪਿੰਜਰੇ 'ਚ ਪੈ ਕੇ ਉਹ ਉੱਡ ਸਕਦੀ ਸੀ। ਦੂਰ ਤੀਕ ਉਡਾਰੀ ਮਾਰ ਸਕਦੀ ਸੀ ਜਦੋਂ ਉਹਦਾ ਜੀਅ ਕਰਦਾ। ਸ਼ਾਇਦ ਮੈਂ ਐਨਾ ਖੁੱਲਦਿਲਾ ਕਦੀ ਨਾ ਬਣਦਾ ਜੇ ਸਮੇਂ ਨੇ ਕੋਈ ਚਾਲ ਨਾ ਖੇਡੀ ਹੁੰਦੀ ਮੇਰੇ ਨਾਲ। ਮੈਂ ਆਪਣੀ ਰਾਣੀ ਨੂੰ ਬਚਾਉਣ ਲਈ ਸ਼ਤਰੰਜ਼ ਦੀਆਂ ਸਾਰੀਆਂ ਗੁੰਝਲ਼ਾਂ ਸਮਝ ਲੈਂਦਾ। ਪਰ ਰਾਣੀ ਦੇ ਦਿਲ 'ਚ ਥਾਂ? ਇਸੇ ਲਈ ਉਹ ਮੇਰੀ ਛੱਤਰੀ ਤੋਂ ਉਡਾਰੀ। ਨਾਰੇਗਾ 'ਚ ਮਨਜੀਤ ਦੇ ਨਾਲ ਕੰਮ ਕਰਨ ਵਾਲਾ ਦੀਸ਼ਾ ਸ਼ਰੀਕੇ 'ਚ ਭਤੀਜਾ ਲੱਗਦਾ ਮੇਰਾ। ਉਹਨੂੰ ਕੀ ਆਖਾਂ?

ਚਾਚੀ 'ਤੇ ਮਾੜੀ ਅੱਖ।

"ਉਏ ਬਚ ਕੇ ਟੁੰਡਿਆ।" ਬਿਲਕੁਲ ਪਤਲੀ ਵੱਟ ਤੋਂ ਮੇਰਾ ਪੈਰ ਤਿਲਕ ਗਿਆ। ਮੇਰੇ ਸੋਚਾਂ ਦੀ ਲੜੀ ਟੁੱਟ ਗਈ। ਪਰ੍ਹੇ ਟਾਹਲੀ ਹੇਠ ਬੈਠੇ ਗਮਦੂਰੇ ਨੇ ਵੇਖ ਲਿਆ ਸੀ। ਟੁੰਡਿਆ ਭਾਵੇਂ ਉਹਨੇ ਹੌਲੀ ਜਿਹੇ ਕਿਹਾ ਸੀ ਪਰ ਮੈਂ ਸੁਣ ਲਿਆ ਸੀ। ਮੈਨੂੰ ਜਾਪਿਆ ਅੱਜ ਮੁੜ ਕਿਸੇ ਨੇ ਮੇਰੇ ਮੂੰਹ 'ਤੇ ਚਪੇੜ ਮਾਰੀ।" ਹੁਣ ਤਾਂ ਟੁੰਡਾ ਵੀ ਨੀਂ ਰਿਹਾ।" ਲੱਗਦਾ ਹੁਣ ਇਹੀ ਆਖਣਗੇ। ਮੈਨੂੰ ਉਹਨਾਂ ਦੀ ਅੰਦਰਲੀ ਮੈਲ਼ ਦੀ ਸੜਾਂਦ ਆਈ ਸੀ।

"ਸਾਲਿਓ! ਇਹ ਥੋਡੀਆਂ ਈ ਬੇੜੀਆਂ ਚ ਵੱਟੇ ਪਏ ਨੇ। ਭੋਰਾ ਵੱਟ ਨਾਲੋਂ ਵੀ ਕਹੀ ਨਾਲ ਮਿੱਟੀ ਖੁਰਚਣੋਂ ਨੀਂ ਹੱਟਦੇ। ਵੱਟ ਪੈਰ ਧਰਨ ਜੋਗੀਂ ਵੀ ਨੀਂ ਛੱਡਦੇ। ਰਾਤ-ਬਰਾਤੇ ਕੋਈ ਕਿਵੇਂ ਲੰਘ ਸਕਦਾ? ਪਤਾ ਨੀਂ ਭੋਰਾ ਭੋਰਾ ਖੁਰਚੀ ਥਾਂ ਤੋਂ ਕਿਹੜੇ ਬੋਹਲ 'ਕੱਠੇ ਕਰ ਲੈਣਗੇ?" ਮੈਂ ਅੰਦਰੇ ਬੁੜਬੁੜਾਇਆ। ਸਾਡੀ ਜ਼ਮੀਨ ਦੀ ਵੱਟ? ਕੋਈ ਨੀਂ ਆ ਫ਼ਸਲ ਪੱਕਣ ਤੱਕ ਐ। ਚਾਰ ਦਿਨਾਂ ਬਾਅਦ ਸਾਡੀ ਜ਼ਮੀਨ ਸਾਡੇ ਕੋਲ ਆ ਜਾਣੀ ਆ। ਸਾਡੇ ਕੋਲ ਹੁੰਦਿਆਂ ਤਾਂ ਐਨੀਆਂ ਵੱਟਾਂ ਪਤਲੀਆਂ ਨੀਂ ਸੀ। ਲਾਲੇ ਕੰਜਰ ਨੇ ਸਾਡੀ ਗਹਿਣੇ ਲਈ ਜ਼ਮੀਨ ਗਮਦੂਰੇ ਹੋਰਾਂ ਕੋਲ ਠੇਕੇ 'ਤੇ ਚੜ੍ਹਾ ਰੱਖੀ ਸੀ। ਤਾਹੀਂ ਮੱਛਰੇ ਹੋਏ ਮਖੌਲਾਂ ਕਰਦੇ ਆ। ਚਾਰ ਦਿਨਾਂ ਨੂੰ ਵੱਢਿਆ ਜਾਊ ਝੋਨਾ ਤੇ ਲਹਿਰਾਊਗੀ ਸਾਡੀ ਕਣਕ ਆਉਂਦੀ ਵਸਾਖੀ ਨੂੰ। ਮੇਰਾ ਅੰਦਰ ਕਿੱਡੇ ਵੱਡੇ ਚਾਅ ਨਾਲ ਭਰ ਗਿਆ। ਬੇਸ਼ੱਕ ਉਸ ਅੰਨ 'ਤੇ ਮੇਰਾ ਨਾਂ ਨੀਂ ਹੋਣਾ। ਪਰ ਮੇਰੇ?

"ਪਾਲਿਆ! ਮੈਂ ਸੁਣਿਆ ਜ਼ਮੀਨ ਛਡਾ ਲੀ ਤੂੰ? ਭਲਾ ਲੋਕੀਂ ਐਵੇਂ ਗੱਲਾਂ ਕਰਦੇ ਆ ਕਿ।" ਮੈਂ ਉਹਨਾਂ ਦੇ ਕੋਲ ਆ ਗਿਆ ਸੀ। ਗਮਦੂਰੇ ਨੇ ਮੈਨੂੰ ਥੋੜ੍ਹਾ ਚੁਬਵੇਂ ਜਿਹੇ ਲਹਿਜ਼ੇ ਨਾਲ ਪੁੱਛਿਆ ਸੀ।

"ਹਾਂ ਬਾਈ, ਮਸਾਂ ਛਡਾ ਹੋਈ ਆ। ਦੱਸਿਆ ਨੀਂ ਲਾਲੇ ਨੇ ਥੋਨੂੰ।" ਇਹ ਆਖਦਾ ਹੋਇਆ ਮੈਂ ਉਥੋਂ ਤੁਰ ਪਿਆ। ਮੈਨੂੰ ਤੁਰੇ ਜਾਂਦੇ ਨੂੰ ਫਿਰ ਬੋਲ ਸੁਣਿਆ,"ਟੁੰਡੇ ਦੀ ਆਕੜ ਦੇਖ ਲੈ। ਜ਼ਮੀਨ ਕੰਜ਼ਰਦੇ ਨੇ ਕਿਵੇਂ। ਪਤਾ ਨੀਂ ਕਿਹੜੀ ਬੈਂਕ ਲੁੱਟੀ ਕਿ ਡਾਕਾ ਮਾਰਿਆ?"

"ਉਏ ਡਾਕਾ ਕਿੱਥੋਂ ਮਾਰ ਲੂ? ਹੁਣ ਤਾਂ ਸਾਲਾ ਟੁੰਡਾ ਵੀ ਨੀਂ ਰਿਹਾ। ਦੂਜੀ ਬਾਂਹ ਵੀ ਲਮਕਾਈ ਫਿਰਦੈ," ਛਾਨੇ ਦੇ ਬੋਲ ਮੇਰੇ ਸੀਨੇ ਗੋਲੀ ਵਾਂਗ ਵੱਜੇ।

ਸੁਖਪਾਲ ਤੋਂ ਟੁੰਡਾ ਬਣ ਕੇ ਰਹਿ ਗਿਆਂ ਸਾਂ। ਪਾਲਾ ਤਾਂ ਬਸ ਘਰ 'ਚ ਬੇਬੇ ਬਾਪੂ ਤੇ ਛਿੰਦੋ ਈ ਕਹਿੰਦੀਆਂ। ਬਾਕੀ ਤਾਂ ਭਾਵੇਂ ਮੇਰੇ ਮੂੰਹ ਤੇ ਪਾਲਾ ਤਾਂ ਕਹਿ ਦਿੰਦੇ ਪਰ ਅੰਦਰੋਂ ਅੰਦਰੀ ਟੁੰਡਾ ਈ ਕਹਿ ਰਹੇ ਹੁੰਦੇ।

ਜਦੋਂ ਕੋਈ ਟੁੰਡਾ ਆਖਦਾ ਲੱਗਦੈ ਕਿਸੇ ਨੇ ਮੇਰੇ 'ਤੇ ਮੂੰਹ 'ਤੇ ਚਪੇੜ ਮਾਰੀ ਹੋਵੇ। ਤੇ ਵੱਜੀ ਚਪੇੜ।

"ਟੁੰਡਿਆ ਦੀਂਹਦਾ ਨੀਂ ਤੈਨੂੰ। ਕੰਜਰ ਨੇ ਸਾਰੀ ਪੈਂਟ ਗਿੱਲੀ ਕਰ' ਤੀ। ਸਾਰਾ ਵਿਆਹ ਪਿਆ ਅਜੇ ਵੇਖਣ ਆਲਾ।" ਨਾਲ ਈ ਪਟਾਕ ਕਰਦੀ ਚਪੇੜ ਮੇਰੇ ਮੂੰਹ 'ਤੇ ਆ ਵੱਜੀ ਸੀ। ਮੈਂ ਕੀ ਬੋਲਦਾ? ਵਿਆਹ ਚੱਲ ਰਿਹਾ ਸੀ। ਮੈਂ ਖਾਲੀ ਗਲਾਸ ਜੂਠੇ ਕਰਨ ਦੀ ਦਿਹਾੜੀ 'ਤੇ ਸੀ। ਪਾਣੀ ਵਾਲਾ ਗਲਾਸ ਵਿਆਹ ਦੇਖਣ ਆਏ ਦੇ ਉੱਤੇ ਪੈ ਗਿਆ ਸੀ। ਇਕ ਹੱਥ ਨਾਲ ਗਲਾਸ 'ਕੱਠੇ ਕਰ ਰਿਹਾ ਸੀ। ਮਾਲਕ ਤਾਂ ਮੈਨੂੰ ਕੰਮ ਦਿੰਦਾ ਨੀਂ ਸੀ। ਬੜੀ ਮੁਸ਼ਕਿਲ ਨਾਲ ਤਾਂ ਮੈਨੂੰ ਕੰਮ ਮਿਲਿਆ ਸੀ। "ਜਿੱਥੇ ਹੁੰਦੀ ਐ ਪਾਬੰਦੀ ਹਥਿਆਰ ਦੀ ਉਥੇ ਜੱਟ ਫੈਰ ਕਰਦਾ।" ਡੀ.ਜੇ ਉੱਤੇ ਗਾਣਾ ਚੱਲ ਰਿਹਾ ਸੀ। ਵਾਹ ਨੀਂ ਤਕਦੀਰੇ! ਆਹ ਵੇਖ ਲੋ ਜੱਟ ਦਾ ਪੁੱਤ ਖਾਲੀ ਗਲਾਸ ਚੁੱਕ ਰਿਹਾ ਸੀ। ਗੀਤਾਂ ਆਲਾ ਪਤਾ ਨੀਂ ਕਿਹੜਾ ਜੱਟ ਐ? ਸਾਥੋਂ ਤਾਂ ਦੋ ਵਕਤ ਦੀ ਰੋਟੀ। ਜੀਤਾ ਈ ਸੀ ਜਿਗਰੀ ਯਾਰ। ਨਿੱਕੀ ਮੋਟੀ ਦਿਹਾੜੀ ਦਵਾ ਦਿੰਦਾ। ਚਾਰ ਪੈਸੇ 'ਕੱਠੇ ਕਰ ਕੇ ਪਿੰਡ ਭੇਜ ਦਿੰਦਾ। ਆਵਦੀ ਰੋਟੀ ਤਾਂ ਪੈਲਸਾਂ ਵਿਆਹਾਂ ਚ ਪੂਰੀ ਕਰ ਲੈਂਦਾ। ਜੀਤੇ ਦੇ ਕਮਰੇ 'ਚ ਦੋ



ਘੜੀਆਂ ਆਰਾਮ ਕਰ ਲੈਂਦਾ। ਹੋਰ ਕੋਈ ਖਰਚਾ ਹੈ ਨੀਂ ਸੀ ਮੇਰੇ ਕੱਲੇ-ਕਾਰੇ ਦਾ। ਜੀਤਾ ਮੇਰਾ ਸਹਾਰਾ ਬਣ ਬਹੁੜਿਆ ਸੀ।

"ਦੇਖ ਪਾਲਿਆ, ਜਦੋਂ ਬੰਦੇ ਨੇ ਮਿਹਨਤ ਕਰ ਕੇ ਖਾਣੀ ਆ। ਫਿਰ ਕੰਮ ਛੋਟਾ ਹੋਵੇ ਜਾਂ ਵੱਡਾ। ਸੋਚਣਾ ਈ ਕਿਉਂ? ਆਪਾਂ ਸੇਠ ਦੇ ਘਰ ਡਰੈਵਰੀ ਦੇ ਨਾਲ ਘਰ ਦੇ ਕਈ ਕੰਮਾਂ ਚ ਵੀ ਹੱਥ ਪਵਾ ਛੱਡੀ ਦਾ। ਵਧੀਆ ਜਗਾੜ ਚੱਲ ਰਿਹਾ। ਆਪਣੇ ਕੋਲ ਛੋਟਾ ਜੇਹਾ ਘਰ ਹੈਗਾ। ਸੇਠ ਦਾ ਪੁਰਾਣਾ ਘਰ," ਆਖ ਕੇ ਜੀਤਾ ਮੈਨੂੰ ਆਪਣੇ ਨਾਲ ਲੈ ਗਿਆ ਸੀ।

———————

ਟੁੰਡਾ ਬਣਨ ਦਾ ਮੈਨੂੰ ਕਿਹੜਾ ਚਾਅ ਚੜ੍ਹਿਆ ਸੀ। ਉਹ ਤਾਂ ਸੋਚਿਆ, ਮਨਾ ਚਾਰ ਪੈਸੇ ਵਧ ਜਾਣ। ਘਰ ਦੇ ਖਰਚੇ ਕਿਹੜਾ ਥੋੜ੍ਹੇ ਸੀ? ਰਾਤ ਨੂੰ ਹੜੰਬੇ 'ਚ ਰੁੱਗ ਭਰ ਭਰ ਲਾਉਂਦੇ ਦੀ ਕਦੋਂ ਮੇਰੀ ਚੀਕ ਨਿਕਲੀ। ਤੇ ਤੜਕੇ ਮੈਂ ਹਸਪਤਾਲ ਦੇ ਕਮਰੇ 'ਚ ਸੱਜੇ ਹੱਥ ਤੇ ਅੱਧੀ ਬਾਂਹ ਨਾਲ ਪੱਟੀਆਂ ਲਪੇਟੀ ਪਿਆ ਸੀ। ਪੀੜ ਭੁੱਲ ਕੇ ਮੈਂ ਇਸ ਅਣਹੋਣੀ ਤੇ ਹੰਝੂ ਕੇਰੇ ਸੀ।

ਸਾਰਾ ਟੱਬਰ ਮੈਨੂੰ ਖੁਸ਼ ਰੱਖਣ ਦਾ ਹਰ ਹੀਲਾ ਕਰਦਾ। ਊਰੀ ਵਾਂਗ ਘੁੰਮਦੇ। ਮੈਥੋਂ ਇਹ ਵੀ ਨੀਂ ਜ਼ਰ ਹੁੰਦਾ। ਸੱਤਰਾਂ ਨੂੰ ਪਹੁੰਚਿਆ ਬਾਪੂ ਜਦੋਂ ਸਵੇਰੇ ਸਾਇਕਲ ਚੁੱਕਦਾ ਘਰੋਂ ਦਿਹਾੜੀ ਜਾਣ ਲਈ ਤਾਂ ਮੇਰੀ ਧਾਹ ਨਿਕਲਦੀ । ਐਸ ਉਮਰੇ ਬਾਪੂ ਨੇ ਬਹਿ ਕੇ ਖਾਣੀ ਸੀ ਤੇ। ਬਹਿ ਕੇ ਨਾ ਸਈਂ ਘੱਟੋ ਘੱਟ ਇਦ੍ਹਾਂ ਸਾਇਕਲ ਚੁੱਕ ਦਿਹਾੜੀਆਂ ਕਰਨ ਤਾਂ ਨਾ ਜਾਂਦਾ। ਘਰ ਦਾ ਗੁਜ਼ਾਰਾ ਦਿਨੋ ਦਿਨ ਔਖਾ ਹੁੰਦਾ ਜਾ ਰਿਹਾ ਸੀ। ਘਰਵਾਲੀ ਨੇ ਨਰੇਗਾ ਚ ਨਾਂ ਲਿਖਾ ਲਿਆ। "ਮਨਜੀਤ ਹੁਣ ਤੂੰ ਵੀ ਦਿਹਾੜੀ।" ਬਸ ਮੈਂ ਐਨਾ ਈ ਬੋਲ ਸਕਿਆ। ਹੋਰ ਕੋਈ ਹੀਲਾ ਵੀ ਤਾਂ ਨੀਂ ਬਚਿਆ ਸੀ।

ਮੇਰੀਆਂ ਅੱਖਾਂ 'ਚੋਂ ਡਿੱਗਦੇ ਅੱਥਰੂ ਬੋਚਦੀ ਮਾਂ ਆਖਦੀ, "ਲੈ ਦੇਖਾਂ! ਮੇਰਾ ਸ਼ੇਰ ਪੁੱਤ ਰੋਂਦਾ ਸੋਹਣਾ ਲੱਗਦਾ ਭਲਾ? ਝੋਰਾ ਕਿਉਂ ਕਰਦੈਂ? ਮੇਰਾ ਛਿੰਦਾ ਪੁੱਤ। ਤੂੰ ਸਾਡੀਆਂ ਅੱਖਾਂ ਸਾਹਮਣੇ ਹੈਗਾ। ਐਨਾ ਥੋੜ੍ਹਾ। ਰੱਬ ਦਾ ਸ਼ੁਕਰ ਕਰੀਦਾ। ਪਤਾ ਨੀਂ ਉਹ ਕਿਹੜਿਆਂ ਰੰਗਾਂ 'ਚ ਰਾਜ਼ੀ? ਚਿੱਤ ਨਾ ਢਿੱਲਾ ਕਰਿਆ ਕਰ। ਵਾਖਰੂ ਭਲੀ ਕਰੂ। ਉਹ ਦਿਨ ਨੀਂ ਰਹੇ ਆਹ ਵੀ ਨੀਂ ਰਹਿਣਗੇ।" ਬਿਮਾਰ ਮਾਂ ਵੀ ਸਲਾਈਆਂ ਬੁਣਨੋਂ ਨਾ ਹੱਟਦੀ। ਸੌ ਦੋ ਸੌ ਦੀ ਖਾਤਰ ਤਰਲੇ ਮਾਰਦੀ ਰਹਿੰਦੀ। ਸਾਰਾ ਟੱਬਰ ਆਪਣੇ ਵੱਲੋਂ ਦੋ ਪੈਸਿਆਂ ਖਾਤਰ ਹੀਲਾ ਕਰਨ ਲੱਗਿਆ। ਤੇ ਮੈਂ ਮੰਜੇ 'ਤੇ ਬੈਠਾ ਦੇਖਦਾ ਰਹਿੰਦਾ।

ਐਹੋ ਜੇ ਹਾਲਾਤ ਬਣ ਜਾਣਗੇ ਇਹਦਾ ਤਾਂ ਕਦੇ ਸੁਪਨਾ ਵੀ ਨਾ ਲਿਆ। ਸੁਪਨਾ ਮਾੜੇ ਹੋਣ ਦਾ ਕਦੋਂ ਲੋਚਿਆ ਸੀ?

ਵੱਡੇ ਭਾਈ ਅਵਤਾਰ ਉੱਤੇ ਮੈਨੂੰ ਕੱਲੇ ਨੂੰ ਨੀਂ ਸਾਰੇ ਟੱਬਰ ਨੂੰ ਮਾਣ ਸੀ। ਮੈਂ ਖੇਤੀ ਨਾਲ ਤੇ ਉਹ ਕਿਤਾਬਾਂ ਨਾਲ ਮੱਥਾ ਮਾਰਦਾ। ਮਾਣ ਸੀ ਪੜ੍ਹ ਲਿਖ ਕੇ ਨੌਕਰੀ ਲੱਗ ਜੂ। ਆਪਣੇ ਜਵਾਕ ਨਾਲ ਮੇਰੇ ਜਵਾਕਾਂ ਦਾ ਵੀ ਖਿਆਲ ਰੱਖੂ। ਕਿੰਨੇ ਈ ਸੁਪਨੇ ਅੱਧਮੋਏ ਹੋਏ ਸਾਡੀ ਹਿੱਕ 'ਤੇ ਸੱਪ ਬਣ ਲੇਟਦੇ ਸੀ। ਇਹੀ ਸੋਚਾਂ ਕਦੀ-ਕਦੀ ਰਾਤ ਭਰ ਮੇਰੀ ਨੀਂਦ ਉਡਾ ਕੇ ਲੈ ਜਾਂਦੀਆਂ। ਬੀ. ਐੱਡ ਕਰਵਾ ਕੇ ਅਵਤਾਰ ਦੀ ਨੌਕਰੀ 'ਡੀਕਣ ਲੱਗੇ। ਠੇਕੇ ਦੀ ਭਰਤੀ ਚ ਨੰਬਰ ਵੀ ਆ ਗਿਆ। ਪਰ ਕਿਸਮਤ ਨੂੰ ਰੱਦ ਹੋ ਗਈਆਂ। ਇਕ ਖਾਲੀ ਹੋਈ ਸੀਟ ਲਈ ਪੂਰੇ ਹੱਥਕੰਢੇ ਅਪਣਾਏ। ਸਾਰੀ ਕਾਗਜ਼ੀ ਕਾਰਵਾਈ ਪੂਰੀ। ਆਖਰੀ ਦਸਖ਼ਤ ਨਾਲ ਫੈਲ ਅੱਗੇ ਭੇਜਣੀ ਸੀ। ਮੁਖੀਆ ਅੜ ਗਿਆ। "ਹਮੇਂ ਤੋਂ ਮੰਤਰੀ ਜੀ ਕਾ ਫ਼ੋਨ ਆਇਆ ਹੈ ਵੋ ਅਪਨੀ ਬਰਾਦਰੀ ਕਾ ਬੰਦਾ ਰਖੇਂਗੇ।" ਬਥੇਰੇ ਹਾੜੇ ਪਾਏ। ਆਪਣੀ ਗਰੀਬੀ ਦੇ ਰੋਣੇ ਰੋਏ। ਪਰ ਉਹ ਟਸ ਤੋਂ ਮਸ ਨਾ ਹੋਇਆ। "ਆਪ ਮੰਤਰੀ ਜੀ ਸੇ ਮੇਰੀ ਬਾਤ ਕਰਵਾ ਦੋ। ਮੈਂ ਸਾਈਨ ਕਰ ਕੇ ਫਾਈਲ ਆਗੇ ਭੇਜ ਦੂੰਗਾ।" ਮੰਤਰੀ ਬੈਠਾ ਪਾਰਲੀਮੈਂਟ 'ਚ। ਫ਼ੋਨ ਚੁੱਕੇ ਨਾ। ਖੱਜਲ-ਖੁਆਰੀਆਂ ਤੋਂ ਬਾਅਦ ਹੱਥ ਇਹੀ

ਆਇਆ ਕਿ ਮੰਤਰੀ ਜੀ ਨੇ ਆਪਣੀ ਜਾਣ-ਪਛਾਣ ਦੇ ਚੰਗੇ ਘਰ ਨੂੰ ਨੌਕਰੀ। ਦੂਜੀ ਵੇਰ ਫੇਰ ਇਹੀ ਸਭ ਵਾਪਰਿਆ। ਅਵਤਾਰ ਅੰਦਰੋਂ ਟੁੱਟ ਗਿਆ ਸੀ। ਇਕ ਪ੍ਰਾਈਵੇਟ ਸਕੂਲ 'ਚ ਪੰਜ ਹਜਾਰ ਤੇ ਲੱਗ ਗਿਆ। ਪਰ ਸਕੂਲ ਵਾਲੇ ਲਹੂ ਪੀ ਲੈਂਦੇ। ਮਹੀਨੇ ਬਾਅਦ ਪੰਜ ਹਜਾਰ ਦੀ ਨੌਕਰੀ 'ਚੋਂ ਕੱਟ ਕਟਾ ਕੇ ਪੈਂਤੀ ਸੌ ਲੈ ਕੇ ਘਰੇ ਮੁੜਿਆ ਅਵਤਾਰ ਜਵਾਂ ਈ ਟੁੱਟ ਗਿਆ।

ਏਜੰਟਾਂ ਦੀ ਚੁੱਕ 'ਚ ਆ ਗਿਆ। ਨਵਾਂ ਫ਼ੈਸਲਾ ਘਰ ਆ ਸੁਣਾਇਆ। ਬਥੇਰਾ ਸਮਝਾਇਆ। "ਇਉਂ ਢੇਰੀ ਨਾ ਢਾਹ। ਅੱਜ ਨੀਂ ਤਾਂ ਕੱਲ੍ਹ ਨੂੰ ਨੌਕਰੀ ਮਿਲ ਜੂ। ਆਪਾਂ ਇਥੇ ਹੋਰ ਮਿਹਨਤ ਕਰਾਂਗੇ।"

"ਬਾਪੂ, ਕੀ ਕਰੀਏ ਹੁਣ ਆਪਾਂ। ਜ਼ਮੀਨ ਵੀ ਗਹਿਣੇ ਧਰ ਲਈ। ਬੈਂਕਾਂ ਤੋਂ ਲੈ-ਲੈ ਖਾ ਲਿਆ। ਕਿੱਥੋਂ ਖਾਵਾਂਗੇ? ਮੈਨੂੰ ਜਾਣ ਦਿਓ ਬਾਹਰ ਕੇਰਾਂ। ਮੈਂ ਆਪੇ ਸਾਰੀਆਂ ਕਸਰਾਂ ਪੂਰੀਆਂ ਕਰਦੂੰ।" ਤੇ ਵੀਰਾ ਅਟੈਚੀ ਚੁੱਕ ਐਸਾ ਘਰੋਂ ਗਿਆ ਕਿ ਅਸੀਂ ਸਾਰਾ ਟੱਬਰ ਅੱਜ ਤਾਈਂ ਉਹਦੀਆਂ ਪੈੜਾਂ ਤੱਕੀ। ਜਹਾਜ ਡੁੱਬ ਗਿਆ। ਡਿੱਗ ਪਿਆ। ਪਰਾਏ ਮੁਲਕ ਨੇ ਕੈਦੀ ਬਣਾ ਲਿਆ। ਤਰ੍ਹਾਂ ਤਰ੍ਹਾਂ ਦੀਆਂ ਖ਼ਬਰਾਂ ਨੇ ਅੰਦਰ ਵਲੂੰਧਰਿਆ। ਮੰਤਰੀ ਕੋਲ ਜਾ-ਜਾ ਜੁੱਤੀਆਂ ਘਸਾ 'ਲੀਆਂ। ਉਹਦੀਆਂ ਵੀ ਠੰਡੀਆਂ-ਤੱਤੀਆਂ ਸੁਣ ਘਰੇ ਬਹਿਗੇ ਆਖਰ। ਕੁਰਸੀ ਤੇ ਬੈਠਾਂ ਨਹੀਂ ਜਾਣਦਾ ਸੀ ਨਾ ਕੁਝ। ਮਾਪਿਆਂ ਨੇ ਪੁੱਤ ਗਵਾਇਆ। ਭਾਬੀ ਨੇ ਸੁਹਾਗ। ਤੇ ਜਵਾਕਾਂ ਨੇ ਪਿਓ।

ਹਾਦਸਾ ਸੀ ਜੋ ਅਸੀਂ ਆਪਣੇ ਅੰਦਰ ਲੈ ਕੇ ਬੈਠ 'ਗੇ। ਬੈਂਕਾਂ ਵੱਲੋਂ ਆਉਂਦੀਆਂ ਚਿੱਠੀਆਂ 'ਚੋਂ ਸਾਨੂੰ ਭਾਈ ਦੀ ਕਿਸੇ ਚਿੱਠੀ ਦੀ ਮਹਿਕ ਆਉਂਦੀ। ਪਤਾ ਨੀਂ ਉਹ ਤਾਂ ਕਿਹੜੇ ਮੁਲਕਾਂ ਦਾ ਵਾਸੀ ਬਣ ਗਿਆ ਸੀ, ਜਿਹੜਾ ਕਿਤੋਂ ਬੋਲਦਾ ਈ ਨੀਂ ਸੀ।

ਘਰ 'ਚ ਪੈਸਾ ਦਾ ਵਸੀਲੇ ਘੱਟ ਪਰ ਖਰਚੇ ਬਥੇਰੇ। ਬੰਦਾ ਕਿੱਥੋਂ ਕਿਥੋਂ ਹੱਥ ਘੁੱਟੇ? ਭੂਆ ਦੇ ਚਾਰ ਜਵਾਕਾਂ ਦੇ ਵਿਆਹਾਂ ਦੀ ਨਾਨਕੀ-ਛੱਕ ਐਨੀ ਮਹਿੰਗੀ ਪੈਂਦੀ ਕਿ ਮੁੰਦੀ ਛੱਲੇ ਤੋਂ ਹੇਠਾਂ ਉਹ ਗੱਲ ਨਾ ਕਰਦੀ। ਅਖੇ, "ਸ਼ਰੀਕੇ 'ਚ ਮੇਰੀ ਨੱਕ ਵਡਾਉਣੀ ਆ। ਨੰਗਾਂ ਨੇ ਉਂਗਲ ਖੱਟੀ ਵੀ ਨਾ ਕੀਤੀ। ਲੀੜਾ ਕੱਪੜਾ ਵੀ ਚੱਜ ਦਾ ਹੋਵੇ।" ਭੂਆ ਦੀ ਨੱਕ ਰੱਖਣ ਵਾਸਤੇ ਸਾਨੂੰ ਹੱਥ ਈ ਵੱਢਣੇ ਪੈਂਦੇ। ਉੱਤੋਂ ਭੈਣ ਦੇ ਦੋ ਜਵਾਕਾਂ ਵੇਲੇ ਉਹਦੀ ਝੋਲੀ ਮੋਟਰ ਸਾਇਕਲ ਪਾਉਣਾ ਪਿਆ। ਪਤਾ ਨੀਂ ਕਿਹੜੇ ਕਿਹੜੇ ਚੰਦਰੇ ਰਿਵਾਜ਼। ਸਾਡੇ ਘਰੇ ਵੀ ਦੋ ਆਈਆਂ ਸੀ ਪਰ ਢੋਆ-ਢੋਆਈ ਨੀਂ ਆਈ ਸੀ।

ਬਾਂਹ ਦਾ ਜ਼ਖ਼ਮ ਥੋੜ੍ਹਾ ਠੀਕ ਹੁੰਦਿਆਂ ਖੱਬੇ ਹੱਥ ਨਾਲ ਕੰਮ ਕਰਨ ਦੀ ਆਦਤ ਪਾਉਣ ਲੱਗਿਆ। ਕੁਝ ਦਿਨਾਂ ਮਗਰੋਂ ਮੈਂ ਦਿਹਾੜੀ ਜਾਣ ਲੱਗਿਆ। ਖੱਬੇ ਹੱਥ ਨਾਲ ਕੰਮ ਕਰਨ 'ਚ ਬਹੁਤ ਮੁਸ਼ਕਿਲ ਆਉਂਦੀ। ਕਦੀ ਇੱਟਾਂ ਚੁੱਕਦਾ। ਸਿਰ 'ਤੇ ਭਰੇ ਬੱਠਲ ਸੀਮਿੰਟ ਦੇ। ਰੇਤੇ ਦੇ। ਬੱਜਰੀ ਦੇ। ਔਖਾ ਤਾਂ ਬਹੁਤ ਹੁੰਦਾ ਪਰ ਮਰਦਾ ਬੰਦਾ ਕੀ ਨੀਂ ਕਰਦਾ? ਕਦੀ ਕਦੀ ਖੇਚਲ ਨਾਲ ਬੁਖ਼ਾਰ ਚੜ੍ਹ ਜਾਂਦਾ। ਫਿਰ ਦੋ ਦਿਨ ਘਰ ਜੋਗਾ ਰਹਿ ਜਾਂਦਾ। ਮਾਂ ਵੀ ਬਿਮਾਰ ਰਹਿਣ ਲੱਗੀ। ਪਿੰਡੋਂ ਈ ਡਾਕਟਰਾਂ ਤੋਂ ਦਵਾਈ ਲੈ ਛੱਡਦੇ। ਸ਼ਹਿਰ ਵਾਸਤੇ ਪੈਸੇ ਚਾਹੀਦੇ ਸੀ। ਇਕ ਰਾਤ ਬੇਬੇ ਜ਼ਿਆਦਾ ਢਿੱਲੀ ਹੋ 'ਗੀ। ਤੜਕੇ ਸ਼ਹਿਰ ਲੈ ਕੇ ਜਾਣਾ ਪਿਆ। ਬੇਬੇ ਨੂੰ ਦਾਖਲ ਕਰ ਲਿਆ। ਵੱਡੇ ਹਸਪਤਾਲ 'ਚ ਭੇਜਣ ਦਾ ਹੁਕਮ ਦੇ ਸੁਣਾਇਆ ਡਾਕਟਰਾਂ ਨੇ। ਵੱਡਾ ਸ਼ਹਿਰ ਵੱਡੇ ਹਸਪਤਾਲ ਵੱਡੀਆਂ ਬਿਮਾਰੀਆਂ ਤੇ ਵੱਡੇ ਨੋਟ? ਨੋਟਾਂ 'ਤੇ ਆ ਕੇ ਸੰਘੀ ਘੁੱਟੀ ਗਈ ਸਾਡੀ। ਬਾਪੂ ਨੇ ਲਾਲੇ ਦੀ ਬਹੀ 'ਤੇ ਇਕ ਹੋਰ 'ਗੂੰਠਾ ਲਾਇਆ ਤੇ ਪੈਸੇ ਲੈ ਆਇਆ। ਮੈਂ ਬੇਬੇ ਨਾਲ ਆ ਗਿਆ ਵੱਡੇ ਹਸਪਤਾਲ। ਤੇ ਕੋਲ ਰਹਿਣ ਦੀ ਜ਼ਿੰਮੇਵਾਰੀ ਮੇਰੀ। ਤਰ੍ਹਾਂ-ਤਰ੍ਹਾਂ ਦੇ ਦੁਖੀ ਲੋਕ ਹਸਪਤਾਲ ਆਉਂਦੇ। ਸਾਰਾ ਦਿਨ ਮੈਂ ਵੇਖਦਾ ਅਪਰੇਸ਼ਨਾਂ ਆਲੇ ਕਮਰੇ 'ਚੋਂ ਇਕ ਮਰੀਜ਼ ਨਿਕਲ ਰਿਹਾ ਹੁੰਦਾ ਦੂਜਾ ਅੰਦਰ ਲਿਜਾਇਆ ਜਾ ਰਿਹਾ ਹੁੰਦਾ।

ਸਾਡੇ ਆਲੇ ਵਾਰਡ 'ਚ ਦੋ ਭਰਾ ਆਪਣੇ ਮਾਂ-ਪਿਉ ਨਾਲ ਆ ਕੇ ਦਾਖਲ ਹੋਏ ਸਨ। ਵੱਡੇ ਭਰਾ ਦੀ



ਕਿਡਨੀ ਖਰਾਬ ਸੀ ਤੇ ਛੋਟਾ ਆਪਣੀ ਕਿਡਨੀ ਦੇ ਰਿਹਾ ਸੀ। ਭਾਈ ਦੇ ਮੋਹ 'ਤੇ ਮੈਂ ਅਸ਼ਕੇ ਜਾ ਰਿਹਾ ਸਾਂ। ਮੈਨੂੰ ਅਵਤਾਰ ਦੀਆਂ ਯਾਦਾਂ ਨੇ ਘੇਰ ਲਿਆ। ਕਿੰਨਾ ਮੋਹ ਕਰਦਾ ਸੀ ਮੇਰਾ। ਖੇਤ ਕੰਮ ਕਰਦਿਆਂ ਕਦੀ ਮੇਰੇ ਪੈਰ 'ਤੇ ਕਹੀ ਵੱਜ ਜਾਣੀ ਜਾਂ ਦਾਤੀ ਹੱਥ 'ਤੇ ਲੱਗ ਜਾਣੀ । ਮੈਂ ਤਾਂ ਉਥੇ ਈ ਰੇਤਾ ਪਾ ਲੈਂਦਾ। ਘਰੇ ਆਇਆਂ ਨੂੰ ਉਹ ਮੇਰੇ ਜ਼ਖ਼ਮ ਨੂੰ ਪਾਣੀ ਨਾਲ ਧੋਂਦਾ ਤੇ ਫਿਰ ਸਰੋਂ ਦੇ ਤੇਲ 'ਚ ਹਲਦੀ ਗਰਮ ਕਰ ਕੇ ਪੱਟੀ ਬੰਨ੍ਹਦਾ। ਸੋਚਦਾਂ, ਮੇਰੀ ਬਾਂਹ ਵੱਢੀ ਤਾਂ ਨੀਂ ਉਹਦੇ ਤੋਂ ਵੇਖੀ ਜਾਣੀ ਸੀ। ਤਾਹੀਂ ਪਹਿਲਾਂ ਤੁਰ ਗਿਆ। ਭਾਈਆਂ ਬਾਝ ਤਾਂ ਕੱਲਾ ਮਿਰਜ਼ਾ ਮਾਰਿਆ ਗਿਆ ਸੀ। ਅੱਜ ਮੈਨੂੰ ਕੱਲੇ ਹੋਣ ਦਾ ਅਹਿਸਾਸ ਜ਼ਿਆਦਾ ਹੋ ਰਿਹਾ ਸੀ। "ਰੱਬਾ ਤੂੰ ਅਵਤਾਰ ਦੀ ਵੀ ਕਿਡਨੀ ਖਰਾਬ ਕਰ ਲੈਂਦਾ, ਮੈਂ ਆਪਣੀ ਦੇ ਕੇ ਬਚਾ ਲੈਣਾ ਸੀ। ਸਾਥੋਂ ਤੂੰ ਇਉਂ ਖੋਹਦਾ ਤਾਂ ਨਾ। ਵੈਸੇ ਚੰਗਾ ਨੀਂ ਕੀਤਾ ਰੱਬਾ ਤੂੰ ਸਾਡੇ ਨਾਲ।" ਪਤਾ ਨੀਂ ਲੱਗਿਆ ਕਦੋਂ ਮੇਰੀਆਂ ਅੱਖਾਂ ਗਿੱਲੀਆਂ ਹੋ ਚੱਲੀਆਂ ਸੀ। ਹਫ਼ਤੇ ਬਾਅਦ ਬੇਬੇ ਨੂੰ ਛੁੱਟੀ ਦਿੰਦਿਆਂ ਡਾਕਟਰ ਨੇ ਨਾ-ਮੁਰਾਦ ਬਿਮਾਰੀ ਦਾ ਫ਼ਤਵਾ ਆਖ ਸੁਣਾਇਆ। ਇਲਾਜ ਹੋ ਸਕਦਾ ਸੀ ਪਰ ਪੈਸਿਆਂ ਦਾ ਝੋਲਾ ਭਰਿਆ ਵੀ ਥੋੜ੍ਹਾ।

ਮੈਂ ਬੇਬੇ ਨੂੰ ਘਰ ਲੈ ਕੇ ਜਾਣ ਵਾਸਤੇ ਬਾਹਰੋਂ ਐਬੂਲਸ ਦਾ ਪਤਾ ਕਰਨ ਆਇਆ। "ਉਏ ਪਾਲਿਆ ਤੂੰ?" ਕਿਸੇ ਨੇ ਮੇਰੀ ਖੱਬੀ ਬਾਂਹ ਨੂੰ ਫੜ੍ਹਦਿਆਂ ਕਿਹਾ। ਮੇਰੇ ਸਾਹਮਣੇ ਜੀਤਾ ਖੜ੍ਹਾ ਸੀ। ਘੁੱਟ ਕੇ ਗਲੇ ਲੱਗੇ ਦੋਨੋਂ।

"ਆ ਕੀ ਕਰੀ ਫਿਰਦੈਂ ਬਾਂਹ ਨੂੰ। ਤੂੰ ਦੱਸਿਆ ਨੀਂ ਯਰ। ਤੇਰੇ ਨਾਲ ਐਡਾ ਵੱਡਾ ਹਾਦਸਾ।"

"ਤੂੰ ਤਾਂ ਚੰਗਾ ਪਿੰਡ ਛੱਡ ਕੇ ਗਿਐਂ ਮੁੜ ਕੇ ਵੇਖਿਆ ਵੀ ਨਾ। ਪਤਾ ਨੀਂ ਕਿਹੜੀਆਂ ਕਿਹੜੀਆਂ ਹਵਾਵਾਂ 'ਚੋਂ ਲੰਘੇ? ਅਵਤਾਰ ਤੁਰ ਗਿਆ। ਬੇ-ਜ਼ਮੀਨੇ ਹੋ 'ਗੇ। ਅੱਜ ਬੇਬੇ ਨੂੰ ਵੀ ਵੱਡਾ ਰੋਗ।" ਮੇਰੀਆਂ ਅੱਖਾਂ ਭਰ ਆਈਆਂ।

ਜੀਤੇ ਨੇ ਕਈ ਦੁੱਖ ਸੁੱਖ ਸਾਂਝੇ ਕੀਤਾ। "ਅੱਜ ਤਾਂ ਮੈਂ ਸੇਠ ਨਾਲ ਉਹਦੀ ਬਮਾਰ ਕੁੜੀ ਨੂੰ ਵਿਖਾਉਣ ਵਾਸਤੇ ਆਇਆਂ। ਕੱਲ੍ਹ ਨੂੰ ਮੈਂ ਪਿੰਡ ਆਊਂਗਾ ਤੇਰੇ ਕੋਲ। ਸੇਠ 'ਡੀਕਦਾ ਹੋਊ ਮੈਨੂੰ ਅੰਦਰ। ਮੈਂ ਤਾਂ ਕਾਰ 'ਚੋਂ ਕੁੜੀ ਦੀਆਂ ਰਿਪੋਰਟਾਂ ਚੁੱਕਣ ਆਇਆ ਸੀ।"

ਅੱਠ ਸਾਲ ਹੋ 'ਗੇ ਸੀ ਜੀਤ ਨੂੰ ਪਿੰਡ ਛੱਡਿਆਂ। ਇਕੋ ਇਕ ਜਿਗਰੀ ਯਾਰ ਸੀ। ਰਾਤਾਂ ਨੂੰ ਪਾਣੀ ਦੀਆਂ ਵਾਰੀਆਂ ਵੇਲੇ ਇਕ-ਦੂਜੇ ਦੇ ਨਾਲ ਹੁੰਦੇ। ਵੱਡੇ ਭਾਈ ਨੇ ਦਗ਼ਾ ਕਮਾਇਆ ਉਹਦੇ ਨਾਲ। ਪਤਾ ਨੀਂ ਆਵਦਾ ਖ਼ੂਨ ਈ ਚਿੱਟਾ ਕਿਉਂ ਪੈ ਜਾਂਦਾ ਦੋ ਗਿੱਠ ਦੀ ਜ਼ਮੀਨ ਖਾਤਰ? ਘਰਵਾਲੀ ਛੱਡ ਕੇ ਤੁਰ ਗਈ। ਪੰਜ ਸਾਲਾਂ ਦਾ ਮੁੰਡਾ ਲੈ ਕੇ ਉਹ ਐਸਾ ਸ਼ਹਿਰ ਨੂੰ ਗਿਆ ਮੁੜਕੇ ਪਿੰਡ ਨੀਂ ਵੜਿਆ ਸੀ। ਅਗਲੇ ਦਿਨ ਜੀਤਾ ਮੇਰੇ ਦੁੱਖਾਂ ਦੀ ਮੱਲ੍ਹਮ ਲੈ ਕੇ ਬਹੁੜਿਆ ਸੀ। ਬੇਬੇ ਦੇ ਮਹਿੰਗੇ 'ਲਾਜ ਨੂੰ ਪੈਸਿਆਂ ਦੀ ਲੋੜ ਸੀ।

"ਯਰ ਜੀਤਿਆ ਬਈ ਇਉਂ ਦਸ ਜੇ ਬੰਦੇ ਨੇ ਆਪਣੀ ਕਿਡਨੀ ਓਕੁਡਨੀ ਵੇਚਣੀ ਹੋਵੇ ਤਾਂ ਕਿੰਨੇ ਕੁ ਪੈਸੇ ਮਿਲ ਜਾਂਦੇ ਆ। ਤੈਨੂੰ ਤਾਂ ਸ਼ਹਿਰ ਰਹਿੰਦੇ ਨੂੰ ਵਾਹਵਾ ਟੈਮ ਹੋ ਗਿਆ। ਪਤਾ ਹੋਊ ਤੈਨੂੰ ਤਾਂ ਭਲਾ ਇਹਦਾ। ਮੈਂ ਸੁਣਿਆ ਪੈਸੇ ਮਿਲਦੇ ਆ ਵੇਚਣ ਦੇ," ਮੈਂ ਜੀਤੇ ਨੂੰ ਪੁੱਛਿਆ।

"ਤੂੰ ਕੀ ਲੈਣਾ ਪਤਾ ਕਰਾ ਕੇ? ਮੈਨੂੰ ਤਾਂ ਆਪ ਨੀਂ ਪਤਾ।" ਜੀਤਾ ਬੋਲਿਆ।

"ਯਾਰ ਆਪਾਂ ਤਾਂ ਹੁਣ ਬੋਝ ਈ ਆਂ ਧਰਤੀ 'ਤੇ। ਮਾਪਿਆਂ 'ਤੇ। ਜੀਣ ਨੂੰ ਜੀਅ ਨੀਂ ਕਰਦਾ ਮੇਰਾ ਹੁਣ। ਮੈਂ ਸੁਣਿਆ ਵਾਹਵਾ ਪੈਸਾ ਮਿਲ ਜਾਂਦੇ ਆ ਕਿਡਨੀਆਂ ਵੇਚਣ ਦੇ। ਜਾਂਦੇ ਜਾਂਦੇ ਬਾਪੂ ਨੂੰ ਹੌਲਾ ਕਰ ਦੇਈਏ ਭੋਰਾ।" ਮੈਂ ਘੋਰ ਮਾਯੂਸੀ ਵਿਚ ਸਾਂ।

ਜੀਤ ਗੁੱਸੇ ਵਿਚ ਆ ਗਿਆ, "ਉਏ ਕਮਲਿਆ, ਤੇਰਾ ਦਮਾਗ ਠੀਕ ਆ। ਕੀ ਹੌਲਾ ਕਰ ਲਏਂਗਾ ਬੁੜ੍ਹੇ ਨੂੰ? ਸਵਾਹ ਸੱਤਾਂ ਚੁੱਲ੍ਹਿਆਂ ਦੀ। ਚੱਜ ਦੀ ਗੱਲ ਕਰ ਕੋਈ। ਇਕ ਪੁੱਤ ਦਾ ਅੱਗੇ ਉਹਨਾਂ ਨੇ ਜਾਂਦੀ

ਵੇਰ ਦਾ ਮੂੰਹ ਨੀਂ ਵੇਖਿਆ ਤੇ ਹੁਣ ਦੂਜਾ..। ਮਾਪੇ ਦਸੌਂਧ ਕੱਟ ਲੈਣਗੇ ਪਰ ਇਉਂ ਨੀਂ ਪੁੱਤ ਤੁਰਦਾ ਜ਼ਰ ਸਕਦੇ।" ਜੀਤਾ ਥੋੜ੍ਹਾ ਗੁੱਸੇ 'ਚ ਮੈਨੂੰ ਘੂਰ ਰਿਹਾ ਸੀ। ਮੇਰੀ ਗੱਲ ਉਸਨੂੰ ਚੰਗੀ ਨਹੀਂ ਲੱਗੀ ਸੀ।

"ਆ ਮਹੀਨਾ ਪਹਿਲਾਂ ਕਰਨੈਲ ਸਿਓਂ ਫਾਹਿਆ ਲੈ ਕੇ ਮਰਿਆ। ਸਿਰ ਕਰਜ਼ੇ ਦੀ ਪੰਡ ਸੀ। ਮਹਿੰਦਰ ਕਾ ਦੀਪਾ, ਸਪਰੇਅ ਪੀ ਕੇ ਮਰੇ ਨੂੰ ਛੀ ਮੀਨ੍ਹੇ ਨੀਂ ਹੋਏ। ਅਖ਼ਬਾਰ ਫਰੋਲ ਕੇ ਦੇਖ ਲੈ। ਨਿੱਤ ਦੋ ਤਿੰਨ ਕਰਜ਼ੇ ਦੇ ਸਤੇ ਸਤਾਏ ਗਲ਼ ਰੱਸਾ ਪਾ ਲੈਂਦੇ ਆ ਜਾਂ ਫਿਰ ਸਪਰੇਅ। ਆਪ ਤਾਂ ਮਰ ਜਾਂਦੇ ਆ ਮਗਰਲਿਆਂ ਨੂੰ ਦੇ ਕੇ ਕੀ ਜਾਂਦੇ ਆ? ਹੋਰ ਔਖੇ ਈ ਕਰਦੇ ਆ। ਮੈਂ ਮਰਨ ਤੋਂ ਪਹਿਲਾਂ ਚਾਰ ਛਿੱਲੜ ਦੇਣ ਦੀ ਸੋਚਦਾਂ। ਬਈ, ਮਰਨਾ ਤਾਂ ਹੈਗਾ ਕਿਉਂ ਨਾ ਮਗਰਲਿਆਂ ਦਾ ਥੋੜ੍ਹਾ ਬੋਝ ਲਾਹ ਜਾਈਏ।" ਮੈਂ ਆਪਣੀ ਦਲੀਲ ਰੱਖੀ।

"ਤੂੰ ਮੇਰੇ ਨਾਲ ਸ਼ਹਿਰ ਚੱਲ। ਮੈਂ ਆਪੇ ਤੈਨੂੰ ਚੰਗੇ ਕੰਮ 'ਤੇ ਲਵਾ ਦੂ। ਇਹ ਕਰਜ਼ੇ ਕੁਰਜ਼ੇ ਚੱਲਦੇ ਰਹਿੰਦੇ ਹੁੰਦੇ ਆ। ਆਪੇ ਲਹਿੰਦਾ ਰਹੂ। ਮਾਹੌਲ ਬਦਲਣ ਨਾਲ ਤੇਰਾ ਮਨ ਵੀ ਹੋਰ ਹੋ ਜੂ।" ਜੀਤੇ ਨੇ ਮੇਰੀ ਗੱਲ ਆਈ ਗਈ ਕਰਨੀ ਚਾਹੀ।

ਘਰਦਿਆਂ ਨੂੰ ਮਨਾ ਕੇ ਜੀਤਾ ਮੈਨੂੰ ਆਪਣੇ ਨਾਲ ਸ਼ਹਿਰ ਲੈ ਗਿਆ। ਚੰਗੀ ਦਿਹਾੜੀ 'ਤੇ ਮੈਨੂੰ ਕੰਮ ਦਵਾ ਦਿੰਦਾ। ਪਿੰਡ ਆਲੇ ਕੰਮ ਨਾਲੋਂ ਥੋੜ੍ਹਾ ਕਰਨ ਵਿਚ ਵੀ ਸੌਖ ਰਹਿੰਦੀ। ਆਪਣੇ ਸੇਠ ਤੋਂ ਪੈਸੇ ਉਧਾਰ ਫੜ੍ਹ ਕੇ ਮੈਨੂੰ ਦੇ ਦਿੱਤੇ। ਬੇਬੇ ਦੀ ਦਵਾਈ ਚੱਲਦੀ ਹੋ 'ਗੀ ਇਹਦੇ ਨਾਲ।

ਦਿਹਾੜੀ ਕਰ ਰਿਹਾ ਸਾਂ ਉਸ ਦਿਨ ਵੀ। ਪੈਲੇਸ 'ਚ ਖਾਲੀ ਗਲਾਸ ਚੁੱਕਣ ਦੀ। ਸਟੇਜ 'ਤੇ ਨੱਚਦੀ ਕੁੜੀ ਦੀ ਸ਼ਰਾਬੀ ਨੇ ਬਾਂਹ ਫੜ ਲਈ। ਰੌਲਾ ਰੱਪਾ ਵੱਧ ਗਿਆ। ਜਗਦੀਆਂ ਬੁਝਦੀਆਂ ਲਾਈਟਾਂ ਵਾਲਾ ਜਗਾੜਮੈਂਟ ਮੇਰੇ ਉੱਤੇ ਆ ਡਿੱਗਿਆ। ਆਹੀ ਕਸਰ ਬਾਕੀ ਰਹਿੰਦੀ ਸੀ। ਨਵਾਂ ਪਹਾੜ ਡਿੱਗ ਪਿਆ ਮੇਰੇ 'ਤੇ। ਹਸਪਤਾਲ 'ਚ ਲਿਆਂਦਾ ਗਿਆ। ਖੱਬੀ ਬਾਂਹ ਵੀ ਡਾਕਟਰਾਂ ਵਲੇਟ ਦਿੱਤੀ ਪਲਸਤਰ ਨਾਲ। ਜੀਤਾ ਆਖਦਾ ਰਿਹਾ ਸੀ ਪ੍ਰਾਈਵੇਟ ਹਸਪਤਾਲ 'ਚ ਜਾਣ ਨੂੰ। ਬਸ ਮੈਂ ਈ ਚਾਰ ਛਿੱਲੜ ਬਚਾਉਣ ਦੀ ਖਾਤਰ। ਮੈਨੂੰ ਕੀ ਪਤਾ ਸੀ ਸਰਕਾਰੀ ਹਸਪਤਾਲ 'ਚ। ਜੀਤਾ ਮੇਰੀ ਦੇਖ ਭਾਲ ਕਰਦਾ ਰਿਹਾ। ਪਿੰਡ ਘਰੇ ਦੱਸਣ ਤੋਂ ਮੈਂ ਜੀਤੇ ਨੂੰ ਰੋਕ ਦਿੱਤਾ। ਐਵੇਂ ਦੁਖੀਆਂ ਨੂੰ ਹੋਰ ਕੀ ਦੁਖੀ ਕਰਨਾ? ਹੁਣ ਘਰੇ ਦੱਸਦਾ ਵੀ ਕੀ? ਕੀ ਬਚਿਆ ਸੀ ਕੋਲ ਮੇਰੇ? ਆਪਣੇ ਮੂੰਹ 'ਚ ਮਨਮਰਜ਼ੀ ਦੀ ਚੀਜ਼ ਪਾਉਣੋਂ ਵੀ ਊਣਾ ਹੋ ਗਿਆ ਸੀ। ਪਿੰਡ ਕੀ ਸੁਨੇਹਾ ਭੇਜਦਾ? ਉਹ ਤਾਂ ਮਿਲ ਜਾਣ ਦਾ ਆਖ ਰਹੇ ਸੀ। ਪਰ ਮੈਂ ਸੀਜ਼ਨ ਦਾ ਬਹਾਨਾ ਲਾ ਕੇ ਟਾਲ-ਮਟੋਲ ਕਰਦਾ ਆ ਰਿਹਾ ਸੀ। ਮੈਨੂੰ ਬਾਂਹ 'ਚ ਕੋਈ ਹਿੱਲ-ਜੁੱਲ ਮਹਿਸੂਸ ਨੀਂ ਹੁੰਦੀ ਸੀ। ਮੈਂ ਡਾਕਟਰਾਂ ਨੂੰ ਬਥੇਰਾ ਰੌਲਾ ਪਾਉਂਦਾ ਰਿਹਾ। ਉਹਨਾਂ ਬੇਦਰਦਾਂ ਨੇ ਮੇਰੀ ਇੱਕ ਨਾ ਸੁਣੀ। ਸਰਕਾਰੀ ਤਨਖਾਹ 'ਤੇ ਪਲਣ ਵਾਲਿਆਂ ਵਾਸਤੇ ਮੇਰੀ ਪੀੜ ਦਾ ਕੋਈ ਅਸਰ ਨੀਂ ਹੁੰਦਾ ਸੀ। ਡਾਕਟਰਾਂ ਦੀ ਲਾਪਰਵਾਹੀ ਨੇ ਮੇਰੀ ਬਾਂਹ ਨਕਾਰਾ ਕਰ ਦਿੱਤੀ। ਬਸ ਵੇਖਣ ਨੂੰ ਨਾਲ ਲੱਗਦੀ ਸੀ।

ਰੋਟੀ ਮੂੰਹ 'ਚ ਪਾਉਣ ਤੋਂ ਮੁਥਾਜ਼ ਨੂੰ ਜੀਤਾ ਆਪਣੇ ਨਾਲ ਸੇਠ ਦੀ ਕੋਠੀ ਲੈ ਆਇਆ ਮੈਨੂੰ। ਸੇਠ ਦੀ ਕੁੜੀ ਹਸਪਤਾਲ 'ਚ ਸੀ। ਸੇਠ ਦੀ ਮਾਂ 'ਕੱਲੀ ਸੀ ਘਰ 'ਚ। ਉਹ ਸਾਰੀ ਜ਼ਿੰਮੇਵਾਰੀ ਜੀਤੇ 'ਤੇ ਸੁੱਟ ਗਿਆ ਸੀ। ਪੂਰਾ ਭਰੋਸਾ ਕਰਦਾ ਸੀ ਉਹ ਜੀਤੇ 'ਤੇ। ਜੀਤਾ ਮੈਨੂੰ ਆਪਣੇ ਨਾਲ ਲੈ ਗਿਆ ਸੇਠ ਦੀ ਕੋਠੀ।

ਆੜ੍ਹਤੀਏ ਪ੍ਰਕਾਸ਼ ਰਾਮ ਦੀ ਵੱਡੀ ਸਾਰੀ ਕੋਠੀ। ਅਣਗਿਣਤ ਕਮਰੇ। ਰਹਿਣ ਵਾਲੇ ਚਾਰ ਜੀਅ। ਇਕਲੌਤੀ ਧੀ ਤੇਰ੍ਹਾਂ ਕੁ ਵਰ੍ਹਿਆਂ ਦੀ। ਉਹ ਵੀ ਬਹੁਤਾ ਹਸਪਤਾਲ 'ਚ ਰਹਿੰਦੀ। ਕਹਿੰਦੇ ਦਿਨਾਂ ਦੀ ਮਹਿਮਾਨ ਏ ਉਹ ਵੀ। ਪਿੱਛੇ ਜੇਹੇ ਬਣੇ ਇਕ ਕਮਰੇ 'ਚ ਬਹੀਆਂ ਦਾ ਢੇਰ ਲੱਗਿਆ ਪਿਆ ਸੀ। ਮੈਂ ਅੰਦਰ ਵੜ੍ਹ ਗਿਆ। ਬਾਰੀ 'ਚੋਂ ਆਏ ਹਵਾ ਦੇ ਇੱਕ ਬੁੱਲ੍ਹੇ ਨਾਲ ਅੱਧਖੁੱਲ੍ਹੀ ਬਹੀ ਦੇ ਵਰਕਿਆਂ 'ਚ ਹਿਲਜੁੱਲ ਹੋਈ। ਅਣਗਿਣਤ ਅਗੂੰਠਿਆਂ ਦੇ ਨਿਸ਼ਾਨ ਦਿਸੇ ਮੈਨੂੰ। ਇਹਨਾਂ ਵਿਚ ਈ ਮੈਨੂੰ ਬਾਪੂ ਦੇ ਲੱਗੇ ਕੁਝ। ਬਹੀ



'ਚੋਂ ਮੈਨੂੰ ਬਾਪੂ ਦਾ ਚਿਹਰਾ ਦਿਸਣ ਲੱਗਿਆ। ਸਾਰੇ ਅੰਗੂਠੇ ਬਾਪੂ ਦੇ ਜਾਪਣ ਲੱਗੇ।

"ਕਰੋੜਾਂ ਰੁਪਈਆ ਹੈਗਾ ਸੇਠ ਕੋਲ। ਸਾਲਾ ਅੱਗ ਲਾਇਆਂ ਨੀਂ ਮੁੱਕਣਾ। ਜ਼ਮੀਨ ਜੈਦਾਦ ਖੁਣੋਂ ਕੋਈ ਘਾਟਾ ਨੀਂ। ਔਲਾਦ ਖੁਣੋਂ ਊਣਾ।" ਜੀਤਾ ਦੱਸਣ ਲੱਗਿਆ। "ਕਹਿੰਦੇ ਕੁੜੀ ਦਾ ਦਿਲ ਖਰਾਬ ਐ। ਸੇਠ ਪੈਸੇ ਚੱਕੀ ਭੱਜਿਆ ਫਿਰਦੈ। ਕੋਈ ਦਿਲ ਦੇ ਦੇਵੇ। ਇਉਂ ਜਾਨ ਦੇਣੀ ਕੋਈ ਸੌਖੀ ਗੱਲ ਆ? ਕਿਹੜਾਂ ਵਾਰ ਵਾਰ ਆਉਣਾ ਧਰਤੀ 'ਤੇ। ਸਾਲਾ! ਚੁਰਾਸੀ ਲੱਖ ਜੂਨਾਂ ਭੁਗਤ ਕੇ ਆਉਂਦੈ ਬੰਦਾ ਧਰਤੀ 'ਤੇ। ਹੁਣ ਕੌਣ ਆਵਦੀ ਜਾਨ ਗਵਾਵੇ?"

"ਉ ਭਲਾ, ਕਿੰਨੇ ਕ ਪੈਸੇ ਦੇ ਦੂ।" ਮੈਂ ਝਿਜਕਦੇ ਜੇਹੇ ਨੇ ਪੁੱਛਿਆ।

"ਪੈਸਿਆਂ ਦਾ ਤਾਂ ਢੇਰ ਲਾ ਦੂ। ਐਨਾ ਪੈਸਾ ਰੱਖੀਂ ਬੈਠਾ। ਕਾਲਾ ਨਾਗ ਐ ਨਿਰਾ। ਬੈਂਕਾਂ ਕਾਲੀਆਂ ਕੀਤੀਆਂ ਪਈਆਂ ਸਾਲੇ ਕੰਜ਼ਰ ਦੀਆਂ। ਗਰੀਬਾਂ ਨੂੰ ਵੱਢਦਾ ਥੋੜ੍ਹੈ। 'ਗੂੰਠੇ ਲਵਾ ਲਵਾ ਦੇਖ ਤਾਂ ਸਈਂ ਕਿਵੇਂ ਬਹੀਆਂ ਨੀਲੀਆਂ ਕੀਤੀਆਂ। ਸੱਚ ਜਾਣੀ ਪਾਲਿਆ! ਉ ਐਹੋ ਜਾ ਪੈਸਾ ਕਿਸੇ ਅਰਥ ਲੇਖੇ ਨੀਂ ਆਉਂਦਾ। ਰੱਬ ਆਪੇ ਨਿਆਂ ਕਰਦਾ। ਬਥੇਰਾ ਘਰ ਫੂਕ ਲਿਆ। ਪਹਿਲਾਂ ਜਨਾਨੀ 'ਤੇ ਦੂਜਾ ਜਵਾਕ ਲੈਣ ਨੂੰ। ਆਹ ਕੀ ਹੁੰਦੇ ਆ? ਟਿਊਬਾਂ ਆਲੇ ਜਵਾਕ। ਬਈ, ਚੱਲ ਇਉਂ ਕੋਈ ਜਵਾਕ ਲੈ ਹੋਜੂ। ਸਾਲੀ ਗੱਲ ਨੀਂ ਬਣੀ। ਤੇ ਹੁਣ ਕੁੜੀ 'ਤੇ ਅੰਨ੍ਹਾ ਪੈਸਾ ਲਾ ਲਿਆ। ਬਚਦੀ ਮੈਨੂੰ ਉਹ ਵੀ ਨੀਂ ਦੀਂਹਦੀ। ਸਾਲਾ ਦੂਜਿਆਂ ਦੇ ਜਵਾਕਾਂ ਦੇ ਮੂੰਹਾਂ 'ਚੋਂ ਟੁੱਕ ਖੋਹ ਕੇ ਕਿਹੜਾ ਸੁੱਖ ਪਾ ਲੂ ਭਲਾ।" ਜੀਤਾ ਸੇਠ ਦੀਆਂ ਕਰਤੂਤਾਂ ਦਾ ਪਰਦਾਫਾਸ਼ ਕਰ ਰਿਹਾ ਸੀ। "ਪਾਲਿਆ! ਤੇਰੇ ਮੂਹਰੇ ਖੋਲ੍ਹੇ ਆ ਉਹਦੇ ਪੱਤਰੇ। ਆਪਾਂ ਕੀ ਲੈਣਾ? ਕੋਈ ਜਿਵੇਂ ਦਾ ਕਰੂਗਾ ਆਪੇ ਇਥੇ ਈ ਭਰੂ। ਹੋਰ ਨਰਕ ਕੀਹਨੂੰ ਆਖਦੇ ਆ। ਆਹੀ ਹੁੰਦਾ ਪਾਲਿਆ।

ਜੀਤੇ ਦੀਆਂ ਗੱਲਾਂ ਸੁਣ ਮੈਨੂੰ ਆਪਣੇ ਦਿਨ ਸੁੱਕਿਆਂ ਤੋਂ ਹਰੇ ਹੁੰਦੇ ਜਾਪੇ। ਜੀਤੇ ਨੂੰ ਚੁੱਪ ਕਰਾ ਮੈਂ ਬੋਲਿਆ, "ਜੀਤਿਆ ਚੁੱਪ ਕਰ ਹੁਣ ਤੂੰ। ਮੇਰੀ ਗੱਲ ਸੁਣ। ਆਪਣੇ ਸੇਠ ਨੂੰ ਕਹਿ ਮੈਂ ਆਪਣਾ ਦਿਲ ਦੇਣ ਨੂੰ ਤਿਆਰ ਆਂ। ਮੈਨੂੰ ਦਵਾ ਪੈਸਾ। ਕਿੰਨਾ ਦਵਾਏਂਗਾ? ਮੇਰੇ ਘਰ ਦੀ ਔੜ ਤਾਂ ਕਢਾ। ਵੈਸੇ ਵੀ ਮੈਂ ਜਦੋਂ ਕੁਝ ਕਰਨ ਜੋਗਾ ਈ ਨੀਂ ਕੁਛ। ਮਰਨੋਂ ਪਹਿਲਾਂ ਘਰ ਦੇ ਸੁਖੀ ਕਰ 'ਜਾਂ।"

"ਤੂੰ ਕੰਵਲਾ ਹੋ ਗਿਐ ਲੱਗਦਾ ਮੈਨੂੰ। ਵੱਡਾ ਆਇਆ ਦਿਲ ਦੇਣ ਵਾਲਾ। ਘਰ ਦੇ ਹੋਰ ਦੁਖੀ ਈ ਹੋਣਗੇ। ਵਹਿਮ ਐ ਤੈਨੂੰ ਬਈ ਉਹ ਸੌਖੇ ਹੋ ਜਾਣਗੇ। ਇਉਂ ਪੁੱਤ ਤੋਰਨੇ ਸੌਖੇ ਪਏ ਆ ਕਿਤੇ?" ਜੀਤਾ ਮੇਰੀ ਗੱਲ ਵਿਚੋਂ ਕੱਟ ਗਿਆ।

"ਤੂੰ ਮੇਰੀ ਮੌਤ ਕਿਉਂ ਦੱਸੇਂਗਾ?" ਉਹਨਾਂ ਤੀਕ ਨੀਂ ਖ਼ਬਰ ਪਹੁੰਚਣ ਦਿੰਦੇ। ਬਸ ਲਾ 'ਲੀ ਮੈਂ ਸਕੀਮ।"

ਕੁਝ ਦਿਨ ਮਿਲੇ ਮੈਨੂੰ। ਮੰਗਵੇਂ ਲਏ ਮੈਂ। ਮਰਨ ਤੋਂ ਪਹਿਲਾਂ ਘਰ ਜਾਣਾ ਚਾਹੁੰਦਾ ਸਾਂ। ਜ਼ਮੀਨ ਛੁਡਾਉਣੀ ਸੀ ਲਾਲੇ ਕੋਲੋਂ। ਬੈਂਕਾਂ ਦੇ ਦੇਣ-ਲੈਣ। ਤੇ ਬੇਬੇ ਬਾਪੂ ਨੂੰ ਜਾਂਦੀ ਵੇਰ ਵੇਖਣਾ ਚਾਹੁੰਦਾ ਸਾਂ। ਖੇਤ ਗੇੜਾ ਮਾਰਨ ਨੂੰ ਜੀਅ ਕਰਦਾ ਸੀ। ਭਾਬੀ ਛਿੰਦੋ ਨੂੰ ਮੈਂ ਸੱਚ ਦੱਸ ਦਿੱਤਾ। ਉਹੀ ਇਹ ਗੱਲ ਹਜ਼ਮ ਕਰਨ ਦਾ ਜਿਗਰਾ ਰੱਖਦੀ ਜਾਪੀ ਮੈਨੂੰ। ਪੈਸਾ ਕਿੱਥੋਂ ਮਿਲਿਆ ਮੈਨੂੰ।

"ਛਿੰਦੋ! ਮੈਂ ਧਰਤੀ ਤੇ ਬੋਝ ਈ ਆ। ਤੁਹਾਡੇ ਸਾਰਿਆਂ 'ਤੇ। ਜੀਂਦੇ-ਜੀਅ ਮੈਂ ਕੁਛ ਨੀਂ ਕਰ ਸਕਣਾ। ਸਗੋਂ ਨਿੱਕੇ- ਨਿੱਕੇ ਕੰਮ ਵਾਸਤੇ ਥੋਡੇ ਵੰਨੀਂ ਮੂੰਹ ਚੱਕੂ। ਨਹੀਂ ਜਿਉਂ ਹੁੰਦਾ ਮੈਥੋਂ ਮਰ ਮਰ ਕੇ। ਬਾਪੂ ਅੱਡ ਸਾਇਕਲਾਂ ਤੇ ਲੱਤਾਂ ਮਾਰਦਾ-ਮਾਰਦਾ ਮੰਜੀਂ ਫੜ੍ਹੀ ਪਿਆ। ਛਿੰਦੋ ਤੂੰ ਸੱਚ ਨੂੰ ਸਾਹਮਣੇ ਨਾ ਆਉਣ ਦੇਈਂ। ਬਸ ਘਰ ਨੂੰ ਸੰਭਾਲ। ਬਾਕੀ ਪੈਸਾ ਜੀਤਾ ਪਵਾ ਦੂ ਖਾਤੇ 'ਚ। ਸੰਭਾਲ ਕੇ ਵਰਤ 'ਲੀ।" ਕਿੰਨਾ ਕੁਛ ਮੈਂ ਛਿੰਦੋ ਨੂੰ ਸਮਝਾਉਂਦਾ ਰਿਹਾ। ਤਿਪ-ਤਿਪ ਕਰਦੇ ਉਹਦੇ ਗਰਮ ਹੰਝੂ ਮੇਰੀਆਂ ਗੱਲ੍ਹਾਂ 'ਤੇ ਆ ਪਏ। ਉਹਦੀ ਬੁੱਕਲ 'ਚ ਮਾਂ ਵਰਗਾ ਨਿੱਘ ਸੀ। ਹੰਝੂਆਂ 'ਚ ਪਿਆਸ ਸੀ। ਜੋ ਤਾ-ਉਮਰ ਦਾ ਰੋਗ ਬਣ ਜਾਣੀ

ਸੀ। ਉਹਦੇ ਹੌਕਿਆਂ 'ਚ ਵਿਛੋੜੇ ਦੀ ਪੀੜ ਸੀ। "ਦੇਖ ਛਿੰਦੋ ! ਮੈਂ ਤੇਰੇ ਹੰਝੂ ਵੀ ਨੀਂ ਪੂੰਝ ਸਕਦਾ।" ਚਾਰ ਸਾਲਾਂ ਨੂੰ ਆਪਣਾ ਪੁੱਤ ਗੱਭਰੂ ਹੋਇਆ ਲੈ। ਜ਼ਮੀਨ ਜੱਟ ਦੀ ਮਾਂ ਹੁੰਦੀ ਏ। ਟਰੈਕਟਰ ਲੈ ਦੇਈਂ ਉਹਨੂੰ। ਜ਼ਮੀਨ ਸਾਂਭੂ। ਜਿਨ੍ਹਾਂ ਪੜ੍ਹੇ, ਪੜ੍ਹਾ ਦੇਈਂ। ਜਾਂਦਾ-ਜਾਂਦਾ ਬਥੇਰੇ ਪੈਸੇ ਦੇ ਚੱਲਿਆਂ ਥੋਨੂੰ।"

"ਚੰਦਰਿਆ, ਜੋ ਪੀੜ ਤੂੰ ਹਰਨੀ ਐ ਉਹ ਪੈਸਾ ਨੀਂ ਭਰ ਸਕਦਾ। ਮੇਰੇ ਤੋਂ ਪੁੱਛ ਕੇ ਵੇਖ? ਸਾਡੇ ਦਿਲਾਂ ਦੀ ਰਮਜ਼। ਜਿਹੜੀ ਲੋੜ ਤੂੰ ਪੂਰੀ ਕਰਦੈ ਉਹ ਪੈਸਾ ਭਰ ਦੇਊ? ਇਹਦਾ ਜਵਾਬ ਦੇ ਤੂੰ ਮੈਨੂੰ। ਫੇਰ ਤੂੰ ਜੁੱਗ-ਜੁੱਗ ਜਾ ਲੰਮਿਆ ਰਾਹਾਂ 'ਤੇ।"

ਅਵਤਾਰ ਤੋਂ ਬਾਅਦ ਮੈਂ ਭਾਬੀ ਛਿੰਦੋ ਦੇ ਜ਼ਖ਼ਮਾਂ 'ਤੇ ਮੱਲ੍ਹਮ ਨਾ ਧਰਦਾ ਤਾਂ। ਅਪਾਹਜ ਹੋਣ ਦੇ ਬਾਵਜੂਦ ਜੋ ਖੁਸ਼ੀ ਮਨਜੀਤ ਨੇ ਮੇਰੇ 'ਚੋਂ ਲੱਭਣੀ ਸੀ ਉਹ ਛਿੰਦੋ ਭਾਬੀ ਨੇ ਲੱਭ ਰੱਖੀ ਸੀ। ਅਵਤਾਰ ਦੀ ਕੋਈ ਉੱਗ-ਸੁੱਗ ਨਾ ਮਿਲਣ ਮਗਰੋਂ ਛਿੰਦੋ ਦੇ ਮਾਪੇ ਹੋਰ ਥਾਂ ਤੋਰਨ ਲਈ ਕਾਹਲੇ ਪੈਣ ਲੱਗੇ ਸੀ। ਛਿੰਦੋ ਨੇ ਨੇਰ੍ਹਿਆਂ 'ਚ ਮੂੰਹ ਲੁਕਾ ਕੇ ਮੇਰੇ ਮੋਢੇ 'ਤੇ ਸਿਰ ਰੱਖ ਦੁਖੜਾ ਆਖ ਸੁਣਾਇਆ ਸੀ। ਭਾਬੀ ਜਵਾਕ ਛੱਡ ਕੇ ਦੂਜੇ ਥਾਂ 'ਤੇ ਵਸੇਬਾ ਬਣਾਉਣ ਦੇ ਹੱਕ ਵਿਚ ਨਹੀਂ ਸੀ।

ਸੱਚੀਂ ਮੈਨੂੰ ਨੀਂ ਐਨਾ ਪਤਾ ਸੀ ਛਿੰਦੋ ਦੀ ਮੇਰੀ ਐਨੀ ਡੂੰਘੀ ਸਾਂਝ ਹੋਊਗੀ। ਮੈਨੂੰ ਆਪਣਾ ਫੈਸਲਾ ਗਲਤ ਜਾਪਣ ਲੱਗਿਆ ਸੀ। ਮੈਂ ਕਿਤੇ ਕੋਈ ਗਲਤੀ??? ਮੈਂ ਆਪਣੇ ਆਪ ਨੂੰ ਸੰਭਾਲਿਆ। ਮਕਸਦ ਵੱਲ ਧਿਆਨ ਕੀਤਾ। ਬਾਪੂ ਦਾ ਪੀਲਾ ਪੈਂਦਾ ਜਾ ਰਿਹਾ ਚਿਹਰਾ ਅੱਖਾਂ ਮੂਹਰੇ ਲਿਆਂਦਾ। ਕੈਂਸਰ ਪੀੜਤ ਮਾਂ ਦੀ ਬਿਮਾਰੀ। ਜਵਾਕਾਂ ਦੇ ਨਿੱਕੇ ਨਿੱਕੇ ਸੁਪਨੇ। ਪਿਉ ਦਾ ਸਾਇਆ? ਇਸ ਨਾਲ ਮੈਂ ਫੇਰ ਢਿੱਲਾ ਪੈਣ ਲੱਗਾ ਸੀ। ਕਾਬੂ ਕਰਦਾ ਹੋਇਆ ਮੈਂ ਆਪਾ ਸਮੇਟਣ ਲੱਗਿਆ।

ਇਹ ਮੇਰੀ ਆਖਰੀ ਰਾਤ ਸੀ ਇਸ ਘਰ 'ਚ। ਮੇਰੇ ਆਪਣੇ ਘਰ। ਮਰਨ ਤੋਂ ਬਾਅਦ ਮੇਰਾ ਕਦੋਂ ਰਹਿ ਜਾਣਾ? ਦੁਨੀਆਂ 'ਤੇ ਆਖਰੀ ਰਾਤ। ਕੱਲ੍ਹ ਦਾ ਦਾਣਾ-ਪਾਣੀ ਹੈਨੀ ਮੇਰੇ ਕਰਮਾਂ 'ਚ। ਮੁੱਕ ਚੱਲਿਆ ਸੀ ਮੇਰੇ ਹਿੱਸੇ ਦਾ। ਖੱਬੀ ਬਾਂਹ ਸਲਾਮਤ ਰਹਿ ਜਾਂਦੀ ਤਾਂ ਐਡਾ ਵੱਡਾ ਫੈਸਲਾ ਕਿਉਂ ਲੈਂਦਾ ਮੈਂ? ਮੌਤ ਨੂੰ ਗਲੇ ਨਾ ਲਗਾਉਂਦਾ ਤਾਂ ਕੀ ਕਰਦਾ?

ਪੈਸੇ ਫੜ ਕੇ ਮੈਂ ਕਰਜ਼ੇ ਲਾਹ ਚੁੱਕਿਆ ਸਾਂ। ਆੜਤੀਏ ਦੇ ਮੱਥੇ ਮਾਰਿਆ ਸੀ ਪੈਸਾ। ਨਿੱਤ ਆ ਕੇ ਬੋਲਦਾ ਸੀ। ਭਲਾ ਤੂੰ ਆਵਦਾ ਵਿਆਜ ਤੇ ਵਿਆਜ ਜੋੜੀ ਜਾਨੈ ਫਿਰ ਤੂੰ ਪੈਸਿਆਂ ਤੋਂ ਕੀ ਲੈਣਾ? ਅੰਦਰਲੀ ਖੋਟ ਤਾਂ ਇਹੀ ਸੀ ਜਿਹੜਾ ਭੋਰਾ ਟੋਟਾ ਬਚਿਆ ਉਹ ਵੀ ਉਹਦੀ ਝੋਲੀ ਪਾ ਦੇਈਏ। ਦੰਦਲਾਂ ਪੈਣ ਆਲੀਆਂ ਹੋ ਗੀਆਂ ਸੀ ਉਹਦੇ, ਜਦੋਂ ਪੈਸੇ ਮੂਹਰੇ ਧਰੇ ਸੀ । ਬੇਬੇ ਬਾਪੂ ਦੀ ਹਾਲਤ ਦਿਨੋ-ਦਿਨ ਵਿਗੜਦੀ ਜਾ ਰਹੀ ਸੀ। ਇਲਾਜ ਦੀ ਲੋੜ ਸੀ। ਬੇਸ਼ੱਕ ਬੇਬੇ ਤਾਂ ਨਾ-ਮੁਰਾਦ ਬਿਮਾਰੀ ਦੀ ਸ਼ਿਕਾਰ ਸੀ ਪਰ ਇਉਂ ਤਿੱਲ-ਤਿੱਲ ਮਰਨ ਲਈ ਵੀ ਕਿਵੇਂ ਛੱਡ ਦਿੰਦੇ? ਤੇ ਬਾਪੂ। ਇਲਾਜ ਨਾਲ ਜੇ ਦਿਲ ਬਦਲੇ ਜਾ ਸਕਦੇ ਸੀ ਤਾਂ ਬਾਪੂ ਦਾ ਇਲਾਜ ਕਿਵੇਂ ਨੀਂ ਸੀ ਹੋ ਸਕਦਾ? ਅਜੇ ਤੀਕ ਸੱਜੀ ਬਾਂਹ ਦੇ ਨਿਕਾਰੇ ਹੋਣ ਦੀ ਸੂਹ ਤੱਕ ਨੀਂ ਪੈਣ ਦਿੱਤੀ ਸੀ। ਪੱਟੀਆਂ ਬੰਨਵਾ ਕੇ ਆਇਆ ਸੀ। "ਬਸ ਥੋੜ੍ਹੀ ਜੇਹੀ ਦਾਬ ਆਈ, ਡਾਕਟਰ ਨੇ ਹਿਲਾਉਣਾ ਤੋਂ ਰੋਕਿਆ," ਆਖ ਮੈਂ ਬਾਕੀ ਜੀਆਂ ਨੂੰ ਟਾਲ ਦਿੱਤਾ। ਐਨਾ ਕਾਫੀ ਸੀ ਘਰੇ ਗੱਲ ਛੁਪਾਉਣ ਨੂੰ।

ਸੁੱਖ ਨਾਲ ਹੁਣ ਤਾਂ ਅਵਤਾਰ ਦਾ ਮੁੰਡਾ ਗੱਭਰੂ ਹੋ ਚੱਲਿਆ ਸੀ। ਚੌਂਦਵੇਂ ਸਾਲ 'ਚ। ਹੂ-ਬਹੂ ਅਵਤਾਰ ਦਾ ਭੁਲੇਖਾ ਪਾਉਂਦਾ। ਪਿਉ ਵਾਂਗੂ ਪੜ੍ਹਨ ਦਾ ਸ਼ੌਕੀਨ। "ਪੜ੍ਹ ਕੇ ਵੀ ਕਰੇਂਗਾ ਪੁੱਤਰਾ ਅੱਗੇ ਤੇਰਾ ਪਿਉ ਲਿਲਕੜੀਆਂ ਲੈਂਦਾ ਮਰ ਗਿਆ ਪਰ ਕੁਰਸੀ ਤੇ ਬੈਠੀਆਂ ਸਰਕਾਰਾਂ ਨੂੰ ਨੀਂ ਦੀਂਹਦਾ ਸਾਰਾ ਕੁਛ।" ਆਖਦਾ ਬਾਪੂ ਗੁਰਜੋਤ ਨੂੰ ਸਕੂਲੋਂ ਆਉਣ ਮਗਰੋਂ ਤਾਰੇ ਮਿਸਤਰੀ ਕੋਲ ਛੱਡ ਆਉਂਦਾ ਮੋਟਰ-ਸਾਇਕਲ ਤੇ ਸਕੂਟਰ ਵਗੈਰਾ ਠੀਕ ਕਰਨ ਦੀ ਜਾਂਚ ਸਿੱਖਣ ਲਈ। ਕੁੜੀ ਤਾਂ ਅਵਤਾਰ ਦੇ ਜਾਣ ਮਗਰੋਂ



ਹੋਈ ਸੀ। ਮੇਰੇ ਦੋ ਜੁੜਵਾਂ ਮੁੰਡੇ। ਅੱਠ ਅੱਠ ਸਾਲਾਂ ਦੇ।

"ਦੇਖ ਛਿੰਦੋ, ਜਵਾਕਾਂ ਨੂੰ ਪੂਰਾ ਪੜ੍ਹਾ 'ਲੀ। ਕੁੜੀ ਨੂੰ ਤਾਂ ਬਹੁਤ ਸਾਰਾ। ਐਨਾ ਕੇ ਉਹਨੂੰ ਮਾਸਟਰਨੀ ਲਵਾ ਦਈ। ਉਹਦਾ ਪਿਉ ਤਾਂ ਇਹ ਹਉਂਕਾ ਲੈਂਦਾ ਤੁਰ ਗਿਆ," ਆਖਦੇ ਹੋਏ ਦੀਆਂ ਅੱਖਾਂ ਭਰ ਆਈਆਂ ਸੀ। ਛਿੰਦੋ ਅੱਖਾਂ ਪੂੰਝਦੀ ਚੁੱਲ੍ਹੇ ਚੌਂਕੇ ਵੱਲ ਹੋ 'ਗੀ।

———————————————

ਮੈਂ ਆਖਰੀ ਵੇਰ ਖੇਤ 'ਚ ਦੋ ਘੜੀਆਂ ਕੱਟਣ ਲਈ ਤੁਰ ਪਿਆ। ਮੈਨੂੰ ਮਣਾਂ ਮੂੰਹੀ ਚਾਅ ਵੀ ਸੀ। ਮੇਰੇ ਖੇਤ ਜੋ ਹੁਣ ਸਾਡੇ ਹੋ 'ਗੇ ਸੀ। ਬਾਪੂ ਆਖਦਾ ਸੀ, "ਜ਼ਮੀਨ ਤਾਂ ਜੱਟ ਦੀ ਮਾਂ ਹੁੰਦੀ ਏ। ਮਾਂ ਨੂੰ ਨੀਂ ਵੇਚੀਦਾ।" ਵਿਚਕਾਰ ਲੱਗੀ ਬੰਬੀ ਦੇ ਸੱਜੇ ਪਾਸੇ ਦੀ ਜ਼ਮੀਨ ਵੱਲ ਮੈਂ ਵੱਟੋ-ਵੱਟ ਹੋ ਤੁਰਿਆ। ਅਵਤਾਰ ਦੀ ਪੜ੍ਹਾਈ ਤੇ ਬਾਹਰ ਜਾਣ ਵੇਲੇ ਇਹ ਹੱਥੋਂ ਛੁੱਟੀ ਸੀ। ਨਾ-ਨਾ ਕਰਦਾ ਮੈਂ ਵੱਟ 'ਤੇ ਬਹਿ ਗਿਆ। ਅਵਤਾਰ ਦੀਆਂ ਯਾਦਾਂ ਨੇ ਘੇਰਾ ਪਾ ਲਿਆ।

"ਛੋਟੇ ਵੀਰ ਤੂੰ ਫਿਕਰ ਨਾ ਕਰੀਂ। ਛੇਤੀ ਬਾਹਰ ਸੈੱਟ ਹੋਣ ਦੀ ਕੋਸ਼ਿਸ਼ ਕਰੂ। ਡਾਲਰ ਕਮਾ ਕੇ ਜ਼ਮੀਨ ਤਾਂ ਆਪਾਂ ਛੁਡਾ ਈ ਲੈਣੀ ਆ। ਤੂੰ ਔਸ ਪਰ੍ਹਾਂ ਆਲੇ ਕਿੱਲੇ 'ਤੇ ਅੱਖ ਰੱਖ। ਉਹ ਖਰੀਦਣੀ ਆ ਆਪਾਂ ਹੋਰ ਨਾਲ।" ਜਾਂਦੇ ਹੋਏ ਅਵਤਾਰ ਦੇ ਬੋਲ ਮੇਰੇ ਕੰਨਾਂ 'ਚ ਗੂੰਜਣ ਲੱਗੇ। ਮੇਰੀਆਂ ਛਲਕਦੀਆਂ ਅੱਖੀਆਂ ਪੂੰਝਣ ਵਾਲਾ ਕੋਲ ਕੋਈ ਨੀਂ ਸੀ।

"ਦੇਖ ਉਏ ! ਉੱਤੇ ਬੈਠਾ ਦੇਖੀ ਜਾਨੈਂ ਸਾਰਾ ਕੁਛ। ਬੇ-ਫਿਕਰਾ ਹੋ ਕੇ ਬਹਿ ਗਿਐ ਉੱਤੇ ਜਾ ਕੇ। ਨਾ ਤੂੰ ਬਾਪੂ ਦਾ ਸਹਾਰਾ ਬਣਿਆ ਤੇ ਨਾ ਮੈਥੋਂ ਬਣ ਹੋਇਆ। ਉੱਤਰ ਥੱਲੇ। ਸ਼ਰਮ ਨੀਂ ਆਉਂਦੀ ਤੈਨੂੰ। ਤੇਰੇ ਵੀਰ ਦੀਆਂ ਅੱਖਾਂ ਕੌਣ ਪੂੰਝੇ ਹੁਣ? ਉਏ ਕੰਜਰਾ ! ਠਹਿਰ ਜ਼ਰਾ ! ਤੂੰ ਇਉਂ ਨੀਂ ਲੋਟ ਆਉਣਾ। ਮੈਂ ਈ ਆਉਂਨੈ ਕੱਲ੍ਹ ਨੂੰ ਤੇਰੇ ਕੋਲ। ਫਿਰ ਤੈਨੂੰ ਪੁੱਛੂ ਕਿ ਕਿਵੇਂ ਸਾਰਿਆਂ ਨੂੰ ਰੋਲ ਕੇ।" ਕਿੰਨੇ ਚਿਰ ਮਗਰੋਂ ਮੈਂ ਆਪਣੇ ਆਪ ਨੂੰ ਹੌਂਸਲਾ ਦੇ ਕੇ ਉਠੋਂ ਉਠਿਆ ਤੇ ਬੰਬੀ ਦੇ ਦੂਜੇ ਪਾਸੇ ਆ ਗਿਆ। ਕਿਵੇਂ ਭੂਆ ਤੇ ਭੈਣ ਦੇ ਵਿਆਹਾਂ ਤੇ ਹੱਥੋਂ ਗਈ ਜ਼ਮੀਨ। ਮਾਂ ਦੀ ਬਿਮਾਰੀ ਨੇ ਜ਼ਮੀਨ ਤਾਂ ਕੀ ਘਰ ਵੀ ਰੋੜ੍ਹ ਦਿੱਤਾ।

"ਉਏ ਪਾਲਿਆ !!!" ਕਿਸੇ ਨੇ ਮੈਨੂੰ ਆਵਾਜ਼ ਮਾਰੀ ਸੀ। ਪਿੱਛੇ ਮੁੜ ਕੇ ਵੇਖਿਆ ਚਾਚਾ ਬਿਸ਼ਨਾ ਸੀ। "ਕਿਵੇਂ ਸ਼ੇਰਾ? ਖੇਤਾਂ ਦੀਆਂ ਵੱਟਾਂ ਗਾਹੀ ਜਾਨੈ? ਚੰਗਾ ਕੀਤਾ ਜ਼ਮੀਨ ਛਡਾ 'ਲੀ। ਰੂਹ ਖੁਸ਼ ਹੋ 'ਗੀ। ਮੇਰਾ ਬੱਗਾ ਸ਼ੇਰ ਹੌਂਸਲਾ ਨਾ ਢਾਹੀਂ। ਦੁੱਖ-ਸੁੱਖ ਬੰਦੇ 'ਤੇ ਈ ਆਉਂਦੇ ਨੇ।" ਐਨੀ ਆਖਦਾ ਵਧਾਈਆਂ ਦਿੰਦਾ ਚਾਚਾ ਅੱਗੇ ਲੰਘ ਗਿਆ। ਮੈਨੂੰ ਪਤਾ ਸੀ ਚਾਚਾ ਮੇਰੇ ਕੋਲ ਖੜ੍ਹ ਨੀਂ ਸਕਦਾ ਸੀ। ਬਾਹਰ ਹੌਂਸਲੇ ਦੇਣ ਵਾਲਾ ਅੰਦਰੋਂ ਕਿੰਨਾ ਟੁੱਟਿਆ ਹੋਇਆ ਏ? ਤੁਰੇ ਜਾਂਦੇ ਚਾਚੇ ਦੀ ਪਿੱਠ ਨੂੰ ਮੈਂ ਗਹੁ ਨਾਲ ਤੱਕਣ ਲੱਗਿਆ। ਵਾਕਿਆ, ਚਾਚਾ ਹੌਂਸਲਾ ਨੀਂ ਹਾਰਿਆ ਸੀ। ਇਕੋ ਇਕ ਜਵਾਨ ਪੁੱਤ ਜੱਗੋਂ ਤੋਰਿਆ ਉਹ ਵੀ ਭਰ ਜਵਾਨੀ। ਸ਼ਰਾਬ ਸਾਰੀ ਦੁਨੀਆਂ ਪੀਂਦੀ। ਉਹਨੂੰ ਪਤਾ ਨੀਂ ਕਿਵੇਂ ਜ਼ਹਿਰ ਵਾਂਗਰਾਂ ਚੜ੍ਹੀ ਤੇ ਮੁੜਕੇ ਉਤਰੀ ਈ ਨਾ। ਚਾਚਾ ਉਹਨੂੰ ਪਿੱਠ 'ਤੇ ਬਿਠਾ ਕੇ ਲਈ ਫਿਰਦਾ ਰਿਹਾ। ਆਖਰ ਚਾਚੇ ਨੂੰ ਮੋਢਾ ਦੇਣਾ ਪਿਆ। ਚਾਚਾ-ਚਾਚੀ ਰਹਿ 'ਗੇ ਕੱਲੇ ਕਾਰੇ। ਮੈਂ ਫਿਰ ਵੀ ਪਿੱਛੋਂ ਵਾਜ਼ ਮਾਰ ਲੀ।

"ਠਹਿਰ ਜਾਹ ਚਾਚਾ। ਮਿਲ ਤਾਂ ਲੈ ਗਲੇ। ਫੇਰ ਪਤਾ ਨੀਂ।" ਅੰਦਰੋਂ ਮੈਂ ਬੋਲ ਰਿਹਾ ਸਾਂ, "ਮਿਲ ਲੈ ਚਾਚਾ ਜਾਂਦੀ ਵੇਰ।" ਕਿੰਨਾ ਅਜੀਬ ਲੱਗ ਰਿਹਾ ਸੀ ਜ਼ਿੰਦਗੀ ਦਾ ਆਖਰੀ ਦਿਨ। ਮੌਤ ਤਾਂ ਅਚਾਨਕ ਈ ਆਉਂਦੀ ਏ। ਜੇ ਬੰਦੇ ਨੂੰ ਪਤਾ ਹੋਵੇ। ਫੇਰ। ਕੁਝ ਵੱਖਰਾ ਤਾਂ ਨੀਂ। ਐਵੇਂ ਅਲੂਲ਼-ਜਲੂਲ ਦੀਆਂ ਗੱਲਾਂ ਕਰਦਾ ਮੈਂ ਅਮਰੂਦਾਂ ਦੇ ਬਾਗ ਵਿਚ ਆ ਕੇ ਬੈਠ ਗਿਆ। ਦਿਨ ਚੇਤੇ ਆਉਣ ਲੱਗੇ। ਚੋਰੀ-ਚੋਰੀ ਅਮਰੂਦ ਤੋੜ ਕੇ ਖਾਣੇ। ਠੇਕੇਦਾਰ ਤੋਂ ਚੋਰੀ। ਚੋਰੀ ਚੀਜ਼ਾਂ ਖਾਣ ਦਾ ਵੀ ਆਪਣਾ ਈ ਸਵਾਦ ਹੁੰਦਾ ਏ। ਕਿੰਡੀ ਵੱਡੀ ਚੋਰੀ ਮੈਂ ਘਰਦਿਆਂ ਤੋਂ ਕਰ ਰਿਹਾ ਸਾਂ। ਭਾਬੀ ਛਿੰਦੋ ਤੋਂ ਬਿਨਾਂ ਕੋਈ ਨੀਂ ਸੀ ਜਾਣਦਾ। ਘਰਦਿਆਂ

ਤੋਂ ਚੋਰੀ ਦਾ ਕਿੱਡਾ ਵੱਡਾ ਉਹਲਾ ਰੱਖ ਰਿਹਾ ਸਾਂ। ਇਸ ਚੋਰੀ 'ਚ ਸਵਾਦ ਨੀਂ ਸੀ ਅਮਰੂਦਾਂ ਵਰਗਾ। ਬੱਸ ਦੁੱਖ ਸੀ। ਪੀੜਾ ਸੀ। ਮਜ਼ਬੂਰੀ ਸੀ। ਇਕ ਨੂੰ ਅਜੇ ਤੀਕ 'ਡੀਕੀ ਜਾਂਦੇ ਨੇ। ਭਾਵੇਂ ਲੱਖ ਪਤਾ ਉਹਨੇ ਹੁਣ ਕਦੇ ਮੁੜ ਕੇ ਨੀਂ ਆਉਣਾ। ਆਉਣਾ ਤਾਂ ਮੈਂ ਵੀ ਨੀਂ ਸੀ।

ਜੀਤੇ ਦੀ ਭੇਜੀ ਕਾਰ ਆ ਗਈ ਸੀ ਮੈਨੂੰ ਲੈ ਕੇ ਜਾਣ ਨੂੰ। ਸਾਮਾਨ ਧਰਾ ਕੇ ਕਾਰ 'ਚ ਮੈਂ ਬੇਬੇ ਵੱਲ ਮੁੜਿਆ। ਮੰਜੀ ਤੋਂ ਵੀ ਉਠਣ ਜੋਗੀ ਨੀਂ ਰਹੀ।

"ਲੈ ਮਿਲ ਲੈ ਬੇਬੇ ਪੁੱਤ ਨੂੰ ਆਖਰੀ ਵੇਰ।" ਮੈਂ ਆਪੇ ਨੂੰ ਆਖ ਸੁਣਾਇਆ। "ਚੰਗਾ ਬੇਬੇ ਮੈਂ ਚੱਲਦਾਂ ਹੁਣ। ਖਿਆਲ਼ ਰੱਖੀਂ ਆਵਦਾ।"

"ਮੈਨੂੰ ਨਾਲ ਲੈ ਚੱਲ ਪਾਲਿਆ।" ਐਨਾ ਮਸਾਂ ਆਖ ਹੋਇਆ ਸੀ ਬੇਬੇ ਤੋਂ। "ਅਗਲੇ ਗੇੜੇ ਲੈ ਚੱਲੂ।" ਲਾਰਾ ਲਾਉਂਦਾ ਮੈਂ ਉਥੋਂ ਤੁਰ ਪਿਆ। ਸਬਾਤ ਵਿਚ ਗਿਆ ਜਿੱਥੇ ਬਾਪੂ ਬੇਸੁਰਤ ਪਿਆ ਸੀ। ਝੁਰੜੀਆਂ ਭਰੇ ਚਿਹਰੇ 'ਤੇ ਅੰਤਾਂ ਦੇ ਗਿਲੇ-ਸ਼ਿਕਵੇ ਦਿਸੇ ਮੈਨੂੰ। ਉਦਾਸੀਆਂ ਦਾ ਆਲਮ ਉਹਦੀਆਂ ਬੰਦ ਅੱਖਾਂ 'ਤੇ ਮੰਡਰਾ ਰਿਹਾ ਸੀ। ਐਨਾ ਉਦਾਸ ਨੀਂ ਹੋ ਸਕਦਾ ਸੀ ਬਾਪੂ। ਮਹੀਨਾ ਹੋ ਚੱਲਿਆ ਸੀ ਬਾਪੂ ਨੂੰ ਮੰਜਾ ਹੋਇਆਂ। ਨਾ ਕੁਝ ਬੋਲਦਾ। ਨਾ ਕੁਝ ਦੱਸਦਾ। ਤਿੰਨ ਦਿਨਾਂ ਦਾ ਆਇਆ ਮੈਂ ਬਥੇਰਾ ਕੋਲ ਜਾ-ਜਾ ਬੈਠਾ। ਘਰ ਦੇ ਹਲਾਤ ਦੇਖ ਕੇ ਮੈਨੂੰ ਆਪਣੇ ਫੈਸਲੇ ਦੀ ਚੋਣ ਸਹੀ ਜਾਪੀ।

"ਬਾਪੂ ਕੁਝ ਤਾਂ ਬੋਲ। ਮੇਰਾ ਨਾਂ ਤੇ ਆਪਣੇ ਮੂੰਹੋਂ ਲੈ ਦੇ। ਐਨੀ ਉਦਾਸੀ? ਐਨਾ ਦੁਖੀ ਤਾਂ ਬਾਪੂ ਤੂੰ ਕਦੀ ਐਡੇ ਮਾੜੇ ਵਕਤਾਂ 'ਚ ਵੀ ਨੀਂ ਹੋਇਆ ਸੀ। ਤੇਰੇ ਹੌਂਸਲੇ 'ਤੇ ਮੈਂ ਉੱਡਿਆ ਫਿਰਦਾ ਸੀ।" ਗੱਚ ਭਰ ਆਇਆ ਮੇਰਾ। "ਤੂੰ ਚੱਲ ਪੁੱਤਰਾ! ਮੈਂ ਤੇਰੇ ਪਿੱਛੇ ਆਉਂਨਾਂ।" ਜਿਵੇਂ ਬਾਪੂ ਮੈਨੂੰ ਆਖ ਰਿਹਾ ਹੋਵੇ।

ਮੇਰਾ ਅੰਦਰ ਪਤਲਾ ਨਾ ਪੈ ਜਾਵੇ ਕਿਤੇ। ਮੈਂ ਕਾਹਲੀ ਨਾਲ ਕਾਰ ਵੱਲ ਵਧਿਆ। ਡਰਾਇਵਰ ਨੇ ਬਾਰੀ ਖੋਲ੍ਹ ਮੈਨੂੰ ਅੰਦਰ ਬਿਠਾਇਆ ਤੇ ਬਾਰੀ ਬੰਦ ਕਰ ਦਿੱਤੀ। ਕਾਰ ਤੁਰ ਪਈ। ਮੈਂ ਸ਼ੀਸ਼ੇ ਵਿਚੋਂ ਦੀ ਆਖਰੀ ਵੇਰ ਘਰ ਵੱਲ ਨਿਗ੍ਹਾ ਮਾਰੀ।

ਅਪ੍ਰੇਸ਼ਨ ਕਿਸੇ ਹੋਰ ਵੱਡੇ ਸ਼ਹਿਰ 'ਚ ਹੋਣਾ ਸੀ। ਇਸ ਤੋਂ ਪਹਿਲਾਂ ਮੇਰੇ ਸਿਰ 'ਚ ਸੱਟ ਮਾਰ ਕੇ ਮੈਨੂੰ ਮਰਨ ਕਿਨਾਰੇ ਹੋਣ ਦਾ ਨਾਟਕ ਕਰਨਾ ਸੀ। ਕਾਰ ਸੇਠ ਦੀ ਕੋਠੀ ਕੋਲ ਜਾ ਰੁਕੀ। ਸੇਠ ਤੇ ਜੀਤਾ ਮੈਨੂੰ 'ਡੀਕੀ ਜਾਂਦੇ ਸਨ। ਸੇਠ ਦੇ ਚਿਹਰੇ 'ਤੇ ਘੋਰ ਉਦਾਸੀ ਦਾ ਆਲਮ ਸੀ। ਅੱਖਾਂ ਬੰਦ ਕਰੀ ਸੋਫੇ 'ਤੇ ਸਿਰ ਸੁੱਟੀ ਪਿਆ ਸੀ। ਦੋ ਕੁ ਮਿੰਟਾਂ ਮਗਰੋਂ ਸੇਠ ਉੱਠ ਕੇ ਅੰਦਰ ਚਲਾ ਗਿਆ। ਜਾਂਦੇ ਹੋਏ ਦੇ ਮੈਂ ਉਹਦੀਆਂ ਅੱਖਾਂ ਦੇ ਭਰੇ ਹੋਏ ਕੋਏ ਵੇਖੇ। ਮੈਂ ਆਪਣੇ ਵੱਲੋਂ ਤਿਆਰ ਸਾਂ ਮੌਤ ਦੇ ਮੂੰਹ 'ਚ ਜਾਣ ਵਾਸਤੇ। ਮੈਂ ਕੁਝ ਪੁੱਛਣ ਵਾਲਾ ਸੀ ਜੀਤੇ ਤੋਂ। ਉਹ ਆਪ ਈ ਬੋਲਿਆ।

"ਯਰ! ਪਾਲਿਆ!! ਸੇਠ ਤਾਂ ਤੈਨੂੰ ਲੈਣ ਵਾਸਤੇ ਆਇਆ ਸੀ। ਡਾਕਟਰ ਜਵਾਬ ਦੇਈ ਜਾਂਦੇ ਆ। ਕੁੜੀ ਦੀ ਹਾਲਤ ਬਾਹਲੀ। ਹੁਣੇ ਫ਼ੋਨ ਆਇਆ ਹਸਪਤਾਲੋਂ। ਸੇਠ ਦੀ ਘਰਵਾਲੀ ਬਾਹਲਾ ਰੋਈ ਜਾਂਦੀ ਸੀ। ਕਿਸੇ ਵੱਡੇ ਬਾਹਰਲੇ ਡਾਕਟਰ ਨਾਲ ਗੱਲ ਕਰੀਂ ਜਾਂਦੇ ਆ। ਪਤਾ ਨੀਂ ਉਹ ਕੀ ਆਖਦਾ? ਸੇਠ ਟੁੱਟਿਆ ਪਿਆ ਜਵਾਂ, ਪਾਲਿਆ। ਮੈਥੋਂ ਦੇਖਿਆ ਨੀਂ ਜਾਂਦਾ। ਰੱਬ ਸੁਣ ਲਵੇ ਜਾਨ ਬਚ ਜੇ ਕੁੜੀ ਦੀ। ਚੰਦਰਿਆ ਮੈਂ ਤਾਂ ਤੇਰੀ ਜ਼ਿੰਦਗੀ ਵੀ ਦਾਅ 'ਤੇ ਲਵਾ 'ਤੀ। ਤੇ। ਹੁਣ।

ਅਗਲੇ ਪਲ ਮੈਂ ਤੇ ਜੀਤਾ ਪਤਾ ਨੀਂ ਕਿਸ ਦੀ ਜ਼ਿੰਦਗੀ ਦੀ ਦੁਆ ਕਰ ਰਹੇ ਸਾਂ?

(**ਸੰਪਰਕ**-82889-13513)



# ਕਹਾਣੀ/ ਚੀਕ/-ਵਿਪਨ ਗਿੱਲ

ਇੱਕ ਨਿੱਕੇ ਜਿਹੇ ਪਿੰਡ ਦੇ ਦਰਮਿਆਨੇ ਜਿਹੇ ਘਰ ਦੇ ਗੁਜ਼ਾਰੇ ਜੋਗੇ ਵਿਹੜੇ 'ਚ ਚੜ੍ਹਦੇ ਜੇਠ ਦੀ ਤਿੱਖੀ ਧੁੱਪ 'ਚ ਇਕ ਗਿਆਰਾਂ ਕੁ ਸਾਲਾਂ ਦੀ ਕੁੜੀ ਕੰਧ ਦੀ ਗੁੱਠ 'ਚ ਲੱਗੇ ਨਲਕੇ ਦੀ ਹੱਥੀ ਗੇੜ ਕੇ ਪਾਣੀ ਭਰ ਰਹੀ ਸੀ। ਪਾਣੀ ਦੀ ਧਾਰ ਅੱਗੇ ਪਏ ਇਕ ਵੱਡੇ ਸਾਰੇ ਟੱਬ 'ਚ ਪੈ ਰਹੀ ਸੀ। ਵਿਹੜੇ ਵਿਚ ਇਕ ਕਾਣੀ ਜਿਹੀ ਛਾਂ ਵਾਲੀ ਧਰੇਕ ਵੀ ਲੱਗੀ ਹੋਈ ਸੀ ਪਰ ਧਰੇਕ ਦੀ ਛਾਂ ਹਾਲੇ ਨਲਕੇ ਤੀਕ ਨਹੀਂ ਸੀ ਪਹੁੰਚੀ। ਦੁਪਹਿਰ ਦੇ ਬਾਰਾਂ ਕੁ ਵੱਜੇ ਸਨ। ਕੁੜੀ ਨੇ ਬਦਾਮੀ ਰੰਗੀ ਨੀਲੇ ਫੁੱਲਾਂ ਵਾਲੀ ਫਿੱਕੀ ਜਿਹੀ ਫਰਾਕ ਪਾਈ ਹੋਈ ਸੀ। ਫਰਾਕ ਦੇ ਨੀਲੇ ਮੱਧਮ ਫੁੱਲ ਦੇਖ ਕੇ ਇੰਝ ਲੱਗਦਾ ਸੀ ਜਿਵੇਂ ਇਨ੍ਹਾਂ ਨੂੰ ਕਿਸੇ ਨੇ ਪੈਰਾਂ ਥੱਲੇ ਮਿੱਧ ਦਿੱਤਾ ਹੋਵੇ। ਇੱਟਾਂ ਦੇ ਬਣੇ ਉਸ ਉੱਚੇ ਨੀਵੇਂ ਖੁਰੇ ਵਿਚ ਇਕ ਹੋਰ ਅੱਧਖੜ੍ਹ ਉਮਰ ਦੀ ਤੀਵੀਂ ਨੀਵੀਂ ਪਾਈ ਪੀੜ੍ਹੀ 'ਤੇ ਬੈਠੀ ਭਾਂਡੇ ਮਾਂਜ ਰਹੀ ਸੀ। ਉਸ ਨੇ ਆਪਣੇ ਸੱਜੇ ਪਾਸੇ ਇਕ ਕੌਲੀ 'ਚ ਖੱਟੀ ਲੱਸੀ ਤੇ ਇਕ ਥਾਲੀ 'ਚ ਰੇਤ ਰੱਖੀ ਹੋਈ ਸੀ। ਸੱਜੇ ਹੱਥ 'ਚ ਫੜੀ ਘਾਹ ਦੀ ਕੂਚੀ ਨੂੰ ਉਹ ਪਹਿਲਾਂ ਲੱਸੀ 'ਚ ਡੋਬਦੀ ਤੇ ਫਿਰ ਰੇਤ ਨਾਲ ਲਬੇੜ ਕੇ ਖੱਬੇ ਹੱਥ 'ਚ ਫੜੇ ਭਾਂਡੇ ਤੇ ਜ਼ੋਰ-ਜ਼ੋਰ ਨਾਲ ਮਲਣ ਲੱਗਦੀ। ਜਦੋਂ ਬਦਰੰਗ ਹੋਇਆ ਭਾਂਡਾ ਲਿਸ਼ਕਣ ਲੱਗ ਪੈਂਦਾ ਤਾਂ ਉਹ ਉਸ ਨੂੰ ਧੋ ਕੇ ਪਾਸੇ ਰੱਖ ਦਿੰਦੀ। ਪਲ ਭਰ ਲਈ ਉਸ ਦਾ ਚਿਹਰਾ ਵੀ ਲਿਸ਼ਕ ਜਾਂਦਾ ਤੇ ਫਿਰ ਉਹ ਮਾਂਜਣ ਲਈ ਦੂਜਾ ਭਾਂਡਾ ਫੜ ਲੈਂਦੀ।

ਛੋਟੀ ਕੁੜੀ ਕਦੇ-ਕਦੇ ਨਲਕੇ ਦੀ ਹੱਥੀ ਛੱਡ ਕੇ ਕੱਚੇ ਵਿਹੜੇ ਦੀਆਂ ਤ੍ਰੇੜਾਂ 'ਚ ਨਿਕਲਦੀਆਂ, ਵੜਦੀਆਂ ਤੇ ਭੱਜਦੀਆਂ ਕੀੜੀਆਂ ਨਾਲ ਰੁੱਝ ਜਾਂਦੀ, ਜੋ ਨਿੱਕੇ-ਨਿੱਕੇ ਚੌਲਾਂ ਦੇ ਕਿਣਕੇ ਚੁੱਕੀ ਭਟਕਦੀਆਂ ਫਿਰ ਰਹੀਆਂ ਸਨ। ਧਰੇਕ ਦੇ ਸੁੱਕੇ ਫੁੱਲ ਗਰਮ ਹਵਾ ਦੇ ਨਾਲ ਗੋਲ-ਗੋਲ ਦਾਇਰਿਆਂ 'ਚ ਘੁੰਮਦੇ ਉੱਡਦੇ ਤੇ ਫਿਰ ਥੱਕ ਕੇ ਹੇਠਾਂ ਬੈਠ ਜਾਂਦੇ ਸਨ।

"ਭੂਆ, ਬਸ ਇਹੋ ਹੀ ਟੱਬ ਭਰਨਾ ਮੈਂ," ਗਰਮੀ ਨਾਲ ਬੇਹਾਲ ਕੁੜੀ ਨੇ ਪੁੱਛਿਆ। "ਆਹੋ, ਬੱਸ ਇਹੀ ਪੁੱਤ," ਕਹਿ ਕੇ ਉਸ ਅੱਧਖੜ ਤੀਵੀਂ ਨੇ ਵੱਡਾ ਸਾਰਾ ਜੱਗ ਪਾਣੀ ਨਾਲ ਭਰ ਕੇ ਟੱਬ 'ਚੋਂ ਕੱਢ ਲਿਆ। ਕੁੜੀ ਨੂੰ ਖਿਝ ਚੜ੍ਹ ਗਈ। "ਹਾਲੇ ਵੀ ਕਿੰਨਾ ਊਣਾ ਹੈ, ਇਹ ਤਾਂ ਕਦੇ ਨੀ ਭਰਨਾ," ਸੋਚਦੀ ਹੋਈ ਉਹ ਹੱਥੀ ਗੇੜਨ ਲੱਗ ਪਈ।

"ਭੂਆ, ਮੈਂ ਮੰਮੀ ਕੋਲ ਜਾਣਾ, ਉਹਨੇ ਕਿਹਾ ਸੀ ਮੈਨੂੰ ਖੂਹ 'ਤੇ ਆਉਣ ਲਈ," ਕੁੜੀ ਨੇ ਡਰਦੀ ਡਰਦੀ ਨੇ ਪੁੱਛਿਆ। ਉਹਨੂੰ ਜਾਪਿਆ ਕਿ ਕਿਤੇ ਉਹਦਾ ਝੂਠ ਫੜਿਆ ਨਾ ਜਾਵੇ। ਅਚਾਨਕ ਇਕ ਤੇਜ਼ ਹਵਾਈ ਜਹਾਜ਼ ਚੀਕਵੀਂ ਆਵਾਜ਼ ਮਾਰਦਾ ਉਸ ਦੇ ਸਿਰ ਉਪਰੋਂ ਲੰਘਿਆ। ਉਸ ਨੇ ਡਰ ਕੇ ਕੰਨਾਂ 'ਚ ਉਂਗਲਾਂ ਪਾ ਲਈਆਂ ਤੇ ਜ਼ਮੀਨ 'ਤੇ ਬੈਠ ਗਈ। ਡਰ ਦੇ ਮਾਰੇ ਕਿੰਨਾ ਚਿਰ ਉਸ ਦਾ ਦਿਲ ਭੁੜਕਦਾ ਰਿਹਾ। ਭਾਂਡੇ ਮਾਂਜ ਰਹੀ ਤੀਵੀਂ ਉਹਦੀ ਹਾਲਤ ਦੇਖ ਕੇ ਹੱਸ ਪਈ।

"ਭੂਆ, ਮੈਂ ਜਾਵਾਂ।" ਕੁੜੀ ਨਲਕੇ ਦੀ ਹੱਥੀ ਛੱਡ ਕੇ ਬੋਲੀ।

"ਕੱਲੀ ਜਾਵੇਂਗੀ ਤੂੰ ? ਵਾਵਰੋਲਿਆਂ ਨੇ ਉਡਾ ਕੇ ਲੈ ਜਾਣਾ ਤੈਨੂੰ। ਟੁੰਡੀ ਛਿੰਦੀ ਦੇਖੀ ਆ ਤੂੰ ? ਉਹਨੂੰ ਵੀ ਨਿੱਕੀ ਹੁੰਦੀ ਨੂੰ ਵਾਵਰੋਲੇ ਉਡਾ ਕੇ ਲੈ ਗਏ ਸਨ।" ਤੀਵੀਂ ਨੇ ਉਸ ਦੇ ਚਿਹਰੇ ਵੱਲ ਦੇਖ ਕੇ ਉਸ ਦੇ ਹਾਵ-ਭਾਵ ਪਰਖਣੇ ਚਾਹੇ।

ਕੁੜੀ ਦੇ ਖ਼ਿਆਲਾਂ 'ਚ ਉਸੇ ਵੇਲੇ ਵਿੰਗ-ਤੜਿੰਗੀ ਕੁੱਬੀ ਛਿੰਦੀ ਦਾ ਚਿਹਰਾ ਉੱਭਰਿਆ। ਕੁਝ

ਚਿਰ ਉਹ ਚੁੱਪਚਾਪ ਖੜ੍ਹੀ ਰਹੀ ਤੇ ਫਿਰ ਹੌਲੀ ਜਿਹੇ ਨਲਕੇ ਦੀ ਹੱਥੀ ਫੜ ਲਈ। ਅੱਧਖੜ੍ਹ ਤੀਵੀਂ ਨੂੰ ਉਸ 'ਤੇ ਤਰਸ ਆ ਗਿਆ।

"ਡਰ ਨਾ, ਮੇਰੀ ਧੀ। ਮੈਂ ਤਾਂ ਐਵੇਂ ਡਰਾ ਰਹੀ ਸੀ ਤੈਨੂੰ। ਅੱਜ ਕੰਮ ਕਰਾ ਮੇਰੇ ਨਾਲ। ਕੱਲ੍ਹ ਆਪਾਂ ਕੜਾਹ-ਖੀਰ ਬਣਾਉਣੀ ਆ। ਤੇਰੀ ਮੰਮੀ ਨੇ ਰੋਟੀ ਖੁਆਉਣੀ ਆ ਸਿੱਖਾਂ ਨੂੰ।"

ਤੀਵੀਂ ਕੁਝ ਕੁ ਚਿਰ ਚੁੱਪ ਰਹੀ। ਫਿਰ ਉਸ ਨੇ ਇਕ ਕੌਲ ਹੱਥ 'ਚ ਫੜਿਆ ਤੇ ਮਾਂਜਣ ਲੱਗ ਪਈ। ਕੁੜੀ ਨਲਕਾ ਗੇੜ ਰਹੀ ਸੀ। "ਵਾਵਰੋਲੇ ਵਾਲੀਆਂ ਨ੍ਹੇਰੀਆਂ ਕੁਝ ਨੀ ਕਹਿੰਦੀਆਂ। ਵਗ-ਵਗ ਕੇ ਰੌਲਾ ਪਾਉਂਦੀਆਂ ਤੇ ਚੁੱਪ ਹੋ ਜਾਂਦੀਆਂ। ਪਰ ਪੁੱਤ, ਕਿੰਨੀ ਦੂਰ ਆ ਤੁਹਾਡਾ ਖੂਹ ? ਤੈਨੂੰ ਰਾਹ 'ਚ ਕਿਸੇ ਨੇ ਫੜ ਲਿਆ, ਤਾਂ ?" ਉਸ ਨੇ ਕੁੜੀ ਵੱਲ ਦੇਖ ਕੇ ਕਿਹਾ।

ਉਹ ਫਿਰ ਬੋਲੀ, "ਗੁਰਦੁਆਰੇ ਵਾਲੇ ਗ੍ਰੰਥੀ ਦੀ ਗਿਆਨਣ ਕਹਿੰਦੀ ਅਖੇ ਜਦੋਂ ਕਾਲੀ ਬੋਲੀ ਨ੍ਹੇਰੀ ਆਉਂਦੀ, ਕਿਤੇ ਕੋਈ ਅਣਹੋਣੀ ਗੱਲ ਹੋਈ ਹੁੰਦੀ, ਕੋਈ ਜੱਗੋਂ ਬਾਹਰੀ। ਮਾਨੋਂ ਕੋਈ ਘੋਰ ਅਨਰਥ ਹੋਇਆ ਹੁੰਦਾ ਕਿਤੇ।"

ਥੋੜ੍ਹਾ ਜਿਹਾ ਰੁਕ ਕੇ ਉਹ ਫਿਰ ਕਹਿਣ ਲੱਗੀ, "ਪਤਾ ਨੀ ਕੀ ਬਕਦੀ ਰਹਿੰਦੀ ਆ, ਖੱਚ ਜ਼ਨਾਨੀ। ਮੈਨੂੰ ਤਾਂ ਸਭ ਝੂਠ ਲੱਗਦਾ। ਇਨ੍ਹਾਂ ਦੀਦਿਆਂ ਨੇ ਪਤਾ ਨੀ ਕਿੰਨਾ ਕੁ ਮਾੜਾ ਹੁੰਦਾ ਦੇਖਿਆ। ਮੇਰੇ ਸਤਮਾਹਾ ਮੁੰਡਾ ਹੋ ਕੇ ਮਰ ਗਿਆ, ਫੇਰ ਮੇਰਾ ਪ੍ਰਾਹੁਣਾ...। ਅਗਲਿਆਂ ਘਰੋਂ ਕੱਢਤਾ ਮੈਨੂੰ। ਮੈਂ ਰੋਂਦੀ ਮਿੰਨਤਾਂ ਕਰਦੀ ਰਹੀ।" ਤੀਵੀਂ ਨੇ ਲਿਬੜੇ ਹੱਥ ਨੂੰ ਧੋ ਕੇ ਚੁੰਨੀ ਨਾਲ ਅੱਖਾਂ ਪੂੰਝੀਆਂ ਤੇ ਆਪਣੀ ਗੱਲ ਨੂੰ ਫੇਰ ਤੋਰ ਲਿਆ, "ਸਾਡੇ ਗ਼ਰੀਬਾਂ ਕੋਲ ਕਿਹੜੀਆਂ ਜ਼ਮੀਨਾਂ-ਜੈਦਾਤਾਂ ? ਰੋਟੀ ਕਮਾ ਕੇ ਖਾਣੀ। ਬੱਸ ਢਿੱਡ ਨੂੰ ਝੁਲਕਾ ਦੇਣਾ। ਇਥੇ ਮਾਪਿਆਂ ਦੇ ਘਰ ਦੇ ਲੈਨੀ ਆਂ।"

"ਕਿੰਨਾ ਕੁਝ ਅਣਹੋਇਆ ਇਸ ਪਿੰਡ 'ਚ। ਏਨੀ ਵੱਡੀ ਦੁਨੀਆ 'ਚ ਪਤਾ ਨਹੀਂ ਕਿੰਨਾ ਕੁਝ ਹੁੰਦਾ ਹੋਣੈ। ਇੰਝ ਤਾਂ ਰੋਜ਼ ਨ੍ਹੇਰੀਆਂ ਆਉਣ, ਰੁਕਣ ਈ ਨਾ ਕਦੇ।" ਕਹਿੰਦੀ ਹੋਈ ਤੀਵੀਂ ਹੱਸਣ ਲੱਗ ਪਈ।

ਨਿੱਕੀ ਕੁੜੀ ਵੀ ਹੁਣ ਤੀਵੀਂ ਦੀਆਂ ਤਲਿੱਸਮੀ ਗੱਲਾਂ 'ਚ ਬੱਝ ਗਈ ਸੀ। ਉਸ ਨੇ ਟੋਕਰੇ 'ਚੋਂ ਇਕ ਧੋਤਾ ਹੋਇਆ ਲਿਸ਼ਕਦਾ ਗਿਲਾਸ ਚੁੱਕਿਆ, ਪਾਣੀ ਨਾਲ ਭਰਿਆ ਤੇ ਗੱਟ ਗੱਟ ਕਰਕੇ ਪੀ ਗਈ। ਖੂਹ 'ਤੇ ਜਾਣ ਦਾ ਖ਼ਿਆਲ ਉਹਦੇ ਮਨ 'ਚੋਂ ਨਿਕਲ ਗਿਆ। "ਅੱਛਾ ਭੂਆ, ਫੇਰ ?" ਕੁੜੀ ਨੇ ਪੁੱਛਿਆ।

"ਫੇਰ ਕੀ ਹੋਣਾ, ਸੁਆਹ ਤੇ ਖੇਹ।" ਤੀਵੀਂ ਬੋਲੀ ਤੇ ਉਸ ਨੇ ਫਿਰ ਕਹਾਣੀ ਛੋਹ ਲਈ, "ਕੁੜੀਏ, ਜੀਤੇ ਦੀ ਕੁੜੀ ਪੰਦਰ੍ਹਾਂ ਸਾਲਾਂ ਦੀ ਸੀ, ਉਨ੍ਹਾਂ ਦੇ ਟੱਬਰ ਨੇ ਬਾਹਰ ਜਾਣ ਦੇ ਚਾਅ 'ਚ ਪੰਜਤਾਲੀ ਸਾਲਾਂ ਦੇ ਬੁੱਢੇ ਨਾਲ ਤੋਰ 'ਤੀ। ਛਿੰਦੇ ਜ਼ੈਲਦਾਰ ਨੇ ਆਪਣੀ ਤੀਵੀਂ ਫਾਹਾ ਦੇ ਕੇ ਮਾਰਤੀ, ਹੋਇਆ ਕੁਝ ਉਹਨੂੰ ? ਮੇਰੀ ਬੀਬੀ ਦੱਸਦੀ ਹੁੰਦੀ ਆ, ਰੌਲ਼ਿਆਂ ਵੇਲੇ ਤਲਵਾਰਾਂ ਫੜੀ ਫਿਰਦੇ ਹਜੂਮ ਰੁੱਖਾਂ ਆਂਗੂੰ ਬੰਦੇ ਬੁੱਢੀਆਂ ਵੱਢ ਦਿੰਦੇ ਸਨ। ਤੀਵੀਆਂ ਦੀ ਵੱਖਰੀ ਖੇਹ-ਖਰਾਬੀ," ਤੀਵੀਂ ਸਾਹ ਲੈਣ ਲਈ ਰੁਕ ਗਈ। ਉਸ ਨੇ ਵੀ ਇਕ ਕੌਲੀ ਭਰ ਕੇ ਪਾਣੀ ਪੀਤਾ ਤੇ ਫਿਰ ਬੋਲੀ, "ਹੱਟੀ ਆਲਿਆਂ ਦੀ ਕਿੰਦਰ ਦਾ ਪ੍ਰਾਹੁਣਾ ਕਹਿੰਦੇ ਬੜਾ ਮਾਰਦਾ ਕੁੱਟਦਾ ਉਹਨੂੰ। ਬਾਹਰਲੇ ਮੁਲਕਾਂ ਵਾਲੇ ਕਿਹੜੇ ਚੰਗੇ। ਇਥੋਂ ਦੇ ਹੀ ਭੂਤਨੇ ਆ ਉਹ ਵੀ," ਤੀਵੀਂ ਵਿਅੰਗ ਨਾਲ ਮੁਸਕਰਾਈ।

"ਅੱਛਾ," ਕੁੜੀ ਨੇ ਹੁੰਗਾਰਾ ਭਰਿਆ।

"ਆਈ ਦੱਸ ਕਦੇ ਕਾਲੀ ਨ੍ਹੇਰੀ।" ਉਹਨੇ ਹੱਸਦੀ ਹੋਈ ਨੇ ਪੁੱਛਿਆ।



ਕੁੜੀ ਚੁੱਪ ਰਹੀ।

"ਲੈ ਹੋਰ ਸੁਣ, ਪਿਛਲੇ ਸਿਆਲਾਂ ਦੀ ਗੱਲ ਆ। ਰੇਲ ਗੱਡੀ ਦੀਆਂ ਲੈਨਾਂ ਵਾਲੀਆਂ ਖਤਾਨਾਂ 'ਚ ਇਕ ਨਿਆਣੀ ਦੀ ਲਹੂ-ਲੁਹਾਣ ਲੋਥ ਪਈ ਸੀ। ਪਤਾ ਨੀ ਕਿਹੜੇ ਪਾਪੀ ਪਾਪ ਕਮਾ ਕੇ ਸੁੱਟਗੇ, ਵਿਚਾਰੀ ਨੂੰ।"

ਕੁੜੀ ਤੋਂ ਬੋਲਿਆ ਨਾ ਗਿਆ। ਤਿੱਖੀ ਧੁੱਪ ਨਾਲ ਉਸ ਦਾ ਸਿਰ ਸੜ ਰਿਹਾ ਸੀ। ਉਸ ਦਾ ਚਿਹਰਾ ਪੀਲਾ ਪੈ ਗਿਆ। ਉਹ ਅੱਧ-ਖੁੱਲ੍ਹੀਆਂ ਅੱਖਾਂ ਨਾਲ ਦੇਖਦੀ ਕਿਸੇ ਡੂੰਘੇ ਖ਼ਿਆਲ 'ਚ ਡੁੱਬ ਗਈ। ਇਕ ਕਾਲੇ ਚਿਹਰੇ ਵਾਲਾ ਦਿਓ ਵਰਗਾ ਬੰਦਾ ਉਸ ਨੂੰ ਡਰਾ ਰਿਹਾ ਸੀ। ਉਹ ਉਸ ਦੇ ਵਾਲਾਂ ਨੂੰ, ਹੱਥਾਂ ਨੂੰ, ਚਿਹਰੇ ਨੂੰ ਛੂਹ ਰਿਹਾ ਸੀ। ਫਿਰ ਉਸ ਆਦਮੀ ਦੇ ਹੱਥ ਉਸ ਦੇ ਪਿੰਡੇ 'ਤੇ ਫਿਰਨ ਲੱਗ ਪਏ। ਉਹ ਉਸ ਦੇ ਕੱਪੜਿਆਂ ਨੂੰ ਲਾਹ ਰਿਹਾ ਸੀ। ਕੁੜੀ ਦੇ ਹੱਥੋਂ ਹੱਥੀ ਛੁੱਟ ਗਈ ਤੇ ਉਹ ਬੇਹੋਸ਼ ਹੋ ਕੇ ਗਠੜੀ ਵਾਂਗ ਡਿੱਗ ਪਈ।

'ਠੱਕ', ਉਹਦਾ ਸਿਰ ਸ਼ਾਇਦ ਅੱਗੇ ਪਏ ਮੇਜ਼ 'ਤੇ ਜਾ ਵੱਜਾ ਸੀ। ਉਸ ਦੀ ਝਪਕੀ ਲੱਗ ਗਈ ਸੀ ਸ਼ਾਇਦ। ਛੁੱਟੀ ਦੀ ਘੰਟੀ ਵੱਜ ਗਈ। ਚਾਰ ਚੁਫ਼ੇਰੇ ਇਕਦਮ ਚੀਕ ਚਿਹਾੜਾ ਜਿਹਾ ਪੈ ਗਿਆ। ਕਾਹਲੀ-ਕਾਹਲੀ ਅਧਿਆਪਕਾਵਾਂ ਆਪਣਾ ਸਮਾਨ ਸਮੇਟ ਕੇ ਪ੍ਰਿੰਸੀਪਲ ਦੇ ਦਫ਼ਤਰ ਵੱਲ ਹਾਜ਼ਰੀ ਲਾਉਣ ਲਈ ਜਾ ਰਹੀਆਂ ਸਨ। ਉਸ ਨੇ ਵੀ ਹਾਜ਼ਰੀ ਲਾਈ ਤੇ ਆਪਣੀ ਸਕੂਟਰੀ ਸਟਾਰਟ ਕਰਕੇ ਬੱਚਿਆਂ ਦੀ ਭੀੜ ਤੋਂ ਬਚਦੀ ਬਚਾਉਂਦੀ ਸਕੂਲ ਤੋਂ ਅੱਗੇ ਨਿਕਲ ਕੇ ਖੁੱਲ੍ਹੀ ਸੜਕ 'ਤੇ ਆ ਗਈ। ਉਸ ਨੇ ਸਾਹਮਣੇ ਦਿਸਦੇ ਚੌਂਕ ਤੋਂ ਸੱਜੇ ਮੁੜਨਾ ਸੀ ਪਰ ਉਸ ਨੇ ਕੁਝ ਸੋਚਿਆ ਤੇ ਚੌਂਕ ਤੋਂ ਥੋੜ੍ਹਾ ਪਿਛਾਂਹ ਹੀ ਸਕੂਟਰੀ ਇਕ ਭੀੜੀ ਜਹੀ ਗਲੀ ਵੱਲ ਨੂੰ ਮੋੜ ਲਈ। ਇਹ ਗਲੀ ਅੱਗੇ ਫਿਰ ਛੋਟੀਆਂ-ਛੋਟੀਆਂ ਗਲੀਆਂ 'ਚ ਖੁੱਲ੍ਹਦੀ ਸੀ। 'ਦੂਜੀ ਗਲੀ 'ਚ ਪੰਜਵਾਂ ਘਰ', ਉਸ ਨੂੰ ਯਾਦ ਆਇਆ। ਇਕ ਘਰ ਅੱਗੇ ਜਾ ਕੇ ਉਸ ਨੇ ਸਕੂਟਰੀ ਖੜ੍ਹੀ ਕੀਤੀ ਤੇ ਲੋਹੇ ਦੇ ਦਰਵਾਜ਼ੇ ਨੂੰ ਹੱਥ ਨਾਲ ਖੜਕਾਇਆ।

ਇਕ ਅੱਧਖੜ ਤੀਵੀਂ ਨੇ ਦਰਵਾਜ਼ਾ ਖੋਲ੍ਹਿਆ, "ਇਹ ਸ਼ਾਇਦ ਸਿਮਰਜੀਤ ਦੀ ਭੂਆ ਹੋਵੇਗੀ।" ਉਸ ਨੇ ਸੋਚਿਆ।

"ਜੀ, ਸਿਮਰਜੀਤ ਘਰ ਹੈ ?" ਉਸ ਨੇ ਝਿਜਕਦੀ ਹੋਈ ਨੇ ਪੁੱਛਿਆ। ਭਾਵੇਂ ਉਸ ਨੂੰ ਨਿੱਕੇ ਜਿਹੇ ਬਰਾਂਡੇ 'ਚ ਖੜ੍ਹੀ ਉਹ ਦਿਸ ਪਈ ਸੀ।

"ਨਹੀਂ ਹੈ, ਤੂੰ ਇਥੇ ਕੀ ਕਰਨ ਆਈ ਏਂ, ਮੈਡਮ। ਬਥੇਰਾ ਬਦਨਾਮ ਕਰ ਲਿਆ ਤੁਸੀਂ ਸਾਨੂੰ। ਜਾਓ, ਜੀਣ ਦਿਉ ਸਾਨੂੰ।" ਉਸ ਤੀਵੀਂ ਨੇ ਦਰਵਾਜ਼ਾ ਬੰਦ ਕਰ ਲਿਆ ਸੀ।

ਉਹ ਨਿੰਮੋਝੂਣੀ ਜਿਹੀ ਹੋਈ ਥੋੜੀ ਭੀੜੀ ਗਲ਼ੀ 'ਚੋਂ ਸਕੂਟਰੀ ਮੋੜਨ ਦੀ ਕੋਸ਼ਿਸ਼ ਕਰ ਰਹੀ ਸੀ ਕਿ ਸਾਹਮਣੇ ਵਾਲੇ ਇਕ ਘਰ 'ਚੋਂ ਸੰਤਰੀ ਰੰਗੀ ਸਾੜ੍ਹੀ ਵਾਲੀ ਤੇ ਲਾਲ ਸੰਧੂਰ ਨਾਲ ਮੱਥਾ ਲਬੇੜੀ ਇਕ ਪਰਵਾਸੀ ਤੀਵੀਂ ਪਰਗਟ ਹੋ ਗਈ।

"ਆਪ ਉਧਰ ਸਕੂਲ ਮੇਂ ਪੜ੍ਹਾਤੇ ਹੋ ਨਾ, ਮੈਡਮ ਜੀ।" ਉਸ ਨੇ ਅਜੀਬ ਜਿਹੇ ਢੰਗ ਨਾਲ ਚਿੱਟੇ ਦੰਦ ਲਿਸ਼ਕਾਉਂਦਿਆਂ ਪੁੱਛਿਆ।

"ਹਮਾਰ ਬਚਵਾ ਭੀ ਉਧਰ ਹੀ ਪੜਤਾ ਹੈ, ਇਨ ਲੋਗਨ ਕੀ ਵਜ੍ਹਾ ਸੇ ਮੁਹੱਲੇ ਕੀ ਬਹੁਤ ਬਦਨਾਮੀ ਹੂਆ ਹੈ। ਹਮ ਤੋ ਅਪਨੇ ਬੱਚੋਂ ਕੋ ਇਧਰ ਖੇਲਨੇ ਨਹੀਂ ਭੇਜਤਾ ਅਬ।" ਉਹ ਤੀਵੀਂ ਲਗਾਤਾਰ ਬੋਲੀ ਜਾ ਰਹੀ ਸੀ।

ਉਸ ਤੀਵੀਂ ਦੀਆਂ ਗੱਲਾਂ ਨੂੰ ਅਣਸੁਣਿਆਂ ਕਰਕੇ ਉਹ ਗਲੀ 'ਚੋਂ ਨਿਕਲ ਕੇ ਫਿਰ ਵੱਡੀ ਸੜਕ

’ਤੇ ਆ ਗਈ ਸੀ। ਉਸ ਦੇ ਦਿਮਾਗ਼ ਵਿਚ ਸਿਮਰਜੀਤ ਦੀ ਕਹਾਣੀ ਦੀ ਰੀਲ੍ਹ ਚੱਲ ਪਈ।

ਸਿਮਰਜੀਤ ਉਰਫ਼ ਝਾਟੋ ਜਮਾਤ ਦੇ ਬਾਕੀ ਬੱਚਿਆਂ ਵਾਂਗ ਪਿਛਲੇ ਸਾਲ ਉਸ ਦੀ ਜਮਾਤ ਵਿਚ ਦਾਖ਼ਲ ਹੋਈ ਸੀ। ਇਹ ਸਾਰੇ ਬੱਚੇ ਨੇੜੇ ਦੇ ਪ੍ਰਾਇਮਰੀ ਸਕੂਲ ਦੇ ਵਿਦਿਆਰਥੀ ਸਨ ਤੇ ਪੰਜਵੀਂ ਪਾਸ ਕਰਕੇ ਉਸ ਦੇ ਕੋਲ ਛੇਵੀਂ ਜਮਾਤ ਵਿਚ ਦਾਖ਼ਲ ਹੋਏ ਸਨ। ਤਿੰਨ ਕੁ ਦਿਨਾਂ ਬਾਅਦ ਉਹ ਦਾਖਲੇ ਦੇ ਰੁਝੇਵਿਆਂ ਤੋਂ ਵਿਹਲੀ ਹੋ ਕੇ ਜਮਾਤ ਵਿਚ ਗਈ। ਨਿੱਕੇ-ਨਿੱਕੇ ਅਨਜਾਣ ਚਿਹਰਿਆਂ ਨਾਲ ਅਪਣੱਤ ਪਾਉਣ ਲਈ ਉਨ੍ਹਾਂ ਨਾਲ ਗੱਲਾਂ ਕਰਨ ਲੱਗੀ। ਛੋਟੇ-ਛੋਟੇ ਫੁੱਲਾਂ ਵਰਗੇ ਬੱਚੇ ਬਿਨਾਂ ਕਿਸੇ ਸੰਕੋਚ ਨਾਲ ਹੱਸਦੇ ਹੋਏ ਉਸ ਦੇ ਸੁਆਲਾਂ ਦੇ ਜੁਆਬ ਦੇ ਰਹੇ ਸਨ।

“ਬੱਚਿਓ, ਓਧਰ ਤੁਹਾਡੇ ’ਚੋਂ ਮੌਨੀਟਰ ਕੌਣ ਸੀ, ਜਮਾਤ ਦਾ ?” ਉਸ ਨੇ ਪੁੱਛਿਆ।

“ਮੈਡਮ ਜੀ, ਝਾਟੋ।” ਇਕ ਕੁੜੀ ਨੇ ਤਟ-ਫਟ ਜਵਾਬ ਦਿੱਤਾ।

“ਕੌਣ, ਕਿਹੜਾ ਬੱਚਾ, ਅੱਗੇ ਆਓ ਬਈ।” ਜਦੋਂ ਉਸ ਨੇ ਪਿਆਰ ਨਾਲ ਪੁੱਛਿਆ ਤਾਂ ਇਕ ਉਲਝੇ ਵਾਲਾਂ ਵਾਲੀ ਗੁਆਚੀ ਜਿਹੀ ਕੁੜੀ ਸਿਰ ਖੁਰਕਦੀ ਹੋਈ ਉਸ ਦੇ ਮੇਜ਼ ਕੋਲ ਆ ਕੇ ਖੜ੍ਹੀ ਹੋ ਗਈ।

ਇਹ ਸੀ ਝਾਟੋ ਉਰਫ਼ ਸਿਮਰਜੀਤ ਨਾਲ ਉਸ ਦੀ ਪਹਿਲੀ ਮੁਲਾਕਾਤ। ਝਾਟੋ ਬਹੁਤ ਜ਼ਹੀਨ ਕੁੜੀ ਸੀ ਪਰ ਗ਼ਰੀਬੀ ਤੇ ਘਰ ਦੇ ਕੰਮਾਂ ਕਾਰਾਂ ’ਚ ਰੁਲੀ ਹੋਈ। ਪਿਓ ਸ਼ਰਾਬੀ ਤੇ ਮਾਂ ਨਿੱਤ ਦੀ ਰੋਗਣ। ਝਾਟੋ ਛੁੱਟੀਆਂ ਬਹੁਤ ਕਰਦੀ ਸੀ। ਜਦੋਂ ਉਹ ਡਾਂਟ ਕੇ ਪੁੱਛਦੀ ਤਾਂ ਝਾਟੋ ਅੱਖਾਂ ਭਰ ਲੈਂਦੀ ਤੇ ਕਾਰਨ ਦੱਸਦੀ, “ਜੀ, ਸਾਡੀ ਮੰਮੀ ਬਿਮਾਰ ਸੀ, ਇਸ ਲਈ ਨਹੀਂ ਆਈ ਮੈਂ।” ਉਹ ਉਸ ਦੀ ਦਾਸਤਾਨ ਸੁਣ ਕੇ ਚੁੱਪ ਹੋ ਜਾਂਦੀ। ਫਿਰ ਜਨਵਰੀ ਦੇ ਮਹੀਨੇ ਤਾਂ ਉਹ ਉੱਕਾ ਹੀ ਸਕੂਲ ਨਾ ਵੜੀ। “ਜੀ, ਉਹਦੀ ਮੰਮੀ ਬਿਮਾਰ ਹੈ।” ਬੱਚੇ ਦੱਸਦੇ। ਤੇ ਇਕ ਦਿਨ ਬੱਚਿਆਂ ਨੇ ਉਸ ਨੂੰ ਦੱਸਿਆ, “ਮੈਡਮ ਜੀ, ਝਾਟੋ ਦੀ ਮੰਮੀ ਮਰ ਗਈ।”

ਉਹ ਬਹੁਤ ਦੁਖੀ ਹੋਈ। ਸ਼ਾਇਦ ਹੁਣ ਇਸ ਕੁੜੀ ਦੀ ਪੜ੍ਹਾਈ ਵੀ ਛੁੱਟ ਜਾਏਗੀ। ਪਰ ਪੰਦਰਾਂ ਕੁ ਦਿਨਾਂ ਬਾਅਦ ਝਾਟੋ ਸਕੂਲ ਆ ਗਈ ਸੀ। ਹੁਣ ਵੀ ਉਹ ਛੁੱਟੀਆਂ ਪਹਿਲਾਂ ਵਾਂਗ ਹੀ ਕਰਦੀ ਸੀ ਪਰ ਉਸ ਵਿਚ ਇਕ ਅਜੀਬ ਜਿਹਾ ਬਦਲਾਓ ਆ ਗਿਆ ਸੀ। ਹੁਣ ਉਸ ਦਾ ਪੜ੍ਹਾਈ ਵਿਚ ਜੀਅ ਨਹੀਂ ਸੀ ਲੱਗਦਾ। ਸੁਸਤ ਬਿਮਾਰ ਜਿਹੀ ਝਾਟੋ ਪਿਛਲੇ ਬੈਂਚ ’ਤੇ ਬੈਠੀ ਗੁਆਚੀ ਜਿਹੀ ਰਹਿੰਦੀ।

ਇਕ ਦਿਨ ਉਸ ਨੇ ਝਾਟੋ ਨੂੰ ਇਕੱਲਿਆਂ ਇਕ ਕਮਰੇ ਵਿਚ ਬੁਲਾ ਕੇ ਪੁੱਛਿਆ।

“ਜੀ, ਕੁਝ ਨਹੀਂ, ਬਸ ਕੰਮਾਂ ਕਰਕੇ ਥੱਕੀ ਰਹਿੰਦੀ ਆਂ।” ਝਾਟੋ ਦੇ ਬੋਲਾਂ ਵਿਚ ਝਿਜਕ ਸੀ। ਉਸ ਨੇ ਘੁੱਟ ਕੇ ਝਾਟੋ ਨੂੰ ਆਪਣੀ ਹਿੱਕ ਨਾਲ ਲਾਇਆ ਤੇ ਫੇਰ ਪੁੱਛਿਆ, “ਬੇਟਾ, ਮੈਂ ਵੀ ਤੇਰੀ ਮਾਂ ਹੀ ਹਾਂ। ਤੂੰ ਆਪਣੇ ਅੰਦਰ ਕੋਈ ਗੱਲ ਘੁੱਟੀਂ ਬੈਠੀ ਏਂ। ਮੈਨੂੰ ਦੱਸ ਦੇ।”

ਝਾਟੋ ਕੁਝ ਚਿਰ ਤਾਂ ਚੁੱਪ ਰਹੀ। ਫਿਰ ਜਿਵੇਂ ਉਹਦੇ ਅੰਦਰੋਂ ਕੁਝ ਫੁਹਾਰੇ ਵਾਂਗੂੰ ਫੁੱਟਿਆ। ਉਸ ਦੀਆਂ ਅੱਖਾਂ ’ਚੋਂ ਨਿਕਲੇ ਗਲੇਡੂ ਗੱਲਾਂ ਤੋਂ ਤਤੀਰੀਆਂ ਬਣ ਕੇ ਹੇਠਾਂ ਡਿੱਗ ਰਹੇ ਸਨ।

“ਮੈਡਮ ਜੀ, ਡੈਡੀ ਮੈਨੂੰ ਤੰਗ ਕਰਦਾ ਆ। ਰੋਜ਼ ਸ਼ਰਾਬ ਪੀ ਕੇ ਰਾਤ ਨੂੰ ਮੇਰੇ ਨਾਲ ਗੰਦੇ ਕੰਮ ਕਰਦਾ, ਦੂਜੇ ਕਮਰੇ ’ਚ ਲਿਜਾ ਕੇ...।” ਝਾਟੋ ਨੇ ਆਪਣੇ ਦਿਲ ਅੰਦਰਲਾ ਜ਼ਖ਼ਮ ਨੰਗਾ ਕਰ ਦਿੱਤਾ ਸੀ।

ਝਾਟੋ ਦੀ ਗੱਲ ਸੁਣ ਕੇ ਗ਼ੁੱਸੇ ਤੇ ਪੀੜ ਨਾਲ ਉਸ ਦੀ ਦੇਹ ’ਚੋਂ ਤ੍ਰਾਟਾਂ ਨਿਕਲਣ ਲੱਗ ਪਈਆਂ ਤੇ ਅਗਲੀ ਕਾਰਵਾਈ ਉਸ ਨੇ ਆਪਣੀਆਂ ਸਹਿ-ਅਧਿਆਪਕਾਂ ਤੇ ਪ੍ਰਿੰਸੀਪਲ ਨਾਲ ਮਿਲ ਕੇ ਕਰਨੀ ਸੀ।



ਉਹ ਸਾਰੇ ਸਕੂਲ ਦੇ ਲਾਗਲੀ ਪੁਲਿਸ ਚੌਂਕੀ ’ਚ ਰਿਪੋਰਟ ਲਿਖਵਾਉਣ ਗਏ। ਚੌਂਕੀ ਇੰਚਾਰਜ ਨੇ ਰਿਪੋਰਟ ਲਿਖਣ ਤੋਂ ਪਾਸਾ ਵੱਟਦਿਆਂ ਕਿਹਾ, “ਮੈਡਮ, ਤੁਸੀਂ ਇਸ ਝਮੇਲੇ ’ਚ ਨਾ ਪਵੋ, ਜੇ ਮੇਰੀ ਮੰਨਦੇ ਓ। ਇਨ੍ਹਾਂ ਲੋਕਾਂ ਦੇ ਤਾਂ ਰੋਜ਼ ਦੇ ਇਹੀ ਕੰਮ ਨੇ। ਤੁਸੀਂ ਕਿਉਂ ਮੁਸੀਬਤ ਗਲ਼ ਪਾਉਣੀ ਆ।”

ਅਖ਼ੀਰ ਉਨ੍ਹਾਂ ਦੇ ਬਹੁਤਾ ਜ਼ੋਰ ਪਾਉਣ ’ਤੇ ਰਿਪੋਰਟ ਲਿਖ ਲਈ ਗਈ। ਝਾਟੋ ਦੇ ਬਿਆਨ ਵੀ ਦਰਜ਼ ਕਰ ਲਏ। ਝਾਟੋ ਦੇ ਪਿਉ ਨੂੰ ਗ੍ਰਿਫ਼ਤਾਰ ਕਰਨ ਲਈ ਮੁਲਾਜ਼ਮ ਵੀ ਭੇਜ ਦਿੱਤੇ।

ਅਗਲੇ ਦਿਨ ਅੱਧੀ ਛੁੱਟੀ ਤੋਂ ਥੋੜ੍ਹਾ ਚਿਰ ਪਹਿਲਾਂ ਉਸ ਨੂੰ ਚੌਂਕੀ ਇੰਚਾਰਜ ਦਾ ਫ਼ੋਨ ਆਇਆ, “ਮੈਡਮ ਜੀ ਚੌਂਕੀ ਆ ਜਾਓ। ਨਾਲ ਦੇ ਟੀਚਰਾਂ ਨੂੰ ਨਾਲ ਲਿਆਇਓ, ਜਿਹੜੇ ਕੱਲ੍ਹ ਤੁਹਾਡੇ ਨਾਲ ਆਏ ਸੀ।”

ਜਦੋਂ ਉਹ ਚੌਂਕੀ ਪਹੁੰਚੇ ਤਾਂ ਤਿੰਨ ਤੀਵੀਆਂ ਤੇ ਦੋ ਬੰਦਿਆਂ ’ਚ ਘਿਰੀ ਹੋਈ ਝਾਟੋ ਵਿਚਕਾਰ ਬੈਠੀ ਹੋਈ ਸੀ।

“ਸੁਣੋ, ਇਹ ਕੁੜੀ ਕੀ ਕਹਿੰਦੀ ਆ,” ਚੌਂਕੀ ਇੰਚਾਰਜ ਵਿਅੰਗ ਨਾਲ ਹੱਸਦਾ ਹੋਇਆ ਬੋਲਿਆ।

“ਜੀ, ਸਾਡਾ ਡੈਡੀ ਸਾਨੂੰ ਕੁਝ ਨੀ ਕਹਿੰਦਾ। ਮੇਰੀ ਇੱਜ਼ਤ ਕਰਦਾ। ਮੈਂ ਤਾਂ ਕੱਲ੍ਹ ਸਾਰਾ ਕੁਝ ਮੈਡਮ ਦੇ ਕਹਿਣ ’ਤੇ ਕਿਹਾ ਸੀ।” ਝਾਟੋ ਨੇ ਰਟਿਆ-ਰਟਾਇਆ ਬਦਲਿਆ ਹੋਇਆ ਬਿਆਨ ਦੇ ਦਿੱਤਾ।

“ਮੈਂ ਤਾਂ ਤੁਹਾਨੂੰ ਕੱਲ੍ਹ ਹੀ ਕਿਹਾ ਸੀ, ਮੈਡਮ। ਤੁਸੀਂ ਮੰਨੇ ਨੀ। ਜਾਓ ਹੁਣ ਤੁਸੀਂ। ਮੈਂ ਦੇਖ ਲੈਨਾ ਕੀ ਕਰਨਾ ਅੱਗੇ...।” ਚੌਂਕੀ ਇੰਚਾਰਜ ਵੀ ਹੁਣ ਨਿਸ਼ਚਿੰਤ ਜਿਹਾ ਹੋ ਗਿਆ ਸੀ।

ਗ਼ੁੱਸੇ ਨਾਲ ਭਰੇ ਅਧਿਆਪਕ ਵਾਪਸ ਪਰਤ ਆਏ। ਕਈਆਂ ਨੇ ਤਾਂ ਅੱਗੇ ਤੋਂ ਅਜਿਹੇ ਮਾਮਲਿਆਂ ਵਿਚ ਪੈਣ ਤੋਂ ਤੌਬਾ ਵੀ ਕਰ ਲਈ।

ਹੁਣ ਉਸ ਦੀ ਸਕੂਟਰੀ ਖੁੱਲ੍ਹੀ-ਡੁੱਲ੍ਹੀ ਸਾਫ਼-ਸੁਥਰੀ ਤੇ ਭੀੜ ਰਹਿਤ ਸੜਕ ਤੋਂ ਲੰਘ ਰਹੀ ਸੀ। ਇਸ ਸੜਕ ਦੇ ਦੋਵੇਂ ਪਾਸੇ ਫੁੱਲਦਾਰ ਰੁੱਖ ਲੱਗੇ ਹੋਏ ਸਨ। ਕਹਿੰਦੇ ਨੇ ਕਿ ਅੰਗਰੇਜ਼ਾਂ ਦੇ ਵੇਲੇ ਇਸ ਸੜਕ ਵਾਲੀ ਥਾਂ ’ਤੇ ਇਕ ਨਹਿਰ ਵਗਦੀ ਸੀ। ਇਸ ਨਹਿਰ ਦੇ ਦੋਵੇਂ ਪਾਸਿਆਂ ’ਤੇ ਜਾਮਣੂੰਆਂ ਦੇ ਵੱਡੇ-ਵੱਡੇ ਰੁੱਖ ਸਨ। ਕਿਨਾਰਿਆਂ ’ਤੇ ਬਣੀਆਂ ਪਗਡੰਡੀਆਂ ’ਤੇ ਸ਼ਹਿਰ ਦੇ ਲੋਕ ਸਵੇਰੇ-ਸ਼ਾਮ ਸੈਰ ਕਰਦੇ। ਬੱਚੇ ਤੇ ਨੌਜਵਾਨ ਮੁੰਡੇ ਨਹਿਰ ਦੇ ਠੰਡੇ ਪਾਣੀ ’ਚ ਤਾਰੀਆਂ ਲਾਉਂਦੇ। ਇਥੇ ਧੋਬੀਆਂ ਨੇ ਕੱਪੜੇ ਧੋਣ ਲਈ ਇਕ ਘਾਟ ਵੀ ਬਣਾਇਆ ਹੋਇਆ ਸੀ ਪਰ ਇਸ ਨਹਿਰ ਵਿਚ ਰੋਜ਼ ਕੋਈ ਨਾ ਕੋਈ ਡੁੱਬ ਕੇ ਖ਼ੁਦਕੁਸ਼ੀ ਕਰ ਲੈਂਦਾ ਸੀ। ਕਦੇ-ਕਦੇ ਤਿੰਨ ਜਾਂ ਚਾਰ ਲਾਸ਼ਾਂ ਇਕੱਠੀਆਂ ਨਿਕਲਦੀਆਂ। ਇਨ੍ਹਾਂ ਵਿਚੋਂ ਬਹੁਤੀਆਂ ਲਾਸ਼ਾਂ ਨੌਜਵਾਨ ਕੁੜੀਆਂ ਜਾਂ ਵਿਆਹੀਆਂ ਤੀਵੀਂਆਂ ਦੀਆਂ ਹੁੰਦੀਆਂ। ਇਕ ਦਿਨ ਤਾਂ ਇਕ ਅੰਗਰੇਜ਼ ਅਫ਼ਸਰ ਦੀ ਮੇਮ ਜੋ ਰੋਜ਼ ਉਥੇ ਸੈਰ ਕਰਨ ਆਉਂਦੀ ਸੀ, ਛਾਲ ਮਾਰ ਕੇ ਡੁੱਬ ਗਈ ਸੀ। ਉਸ ਪਿੱਛੋਂ ਆਪਣੇ ਅਸਰ ਰਸੂਖ ਨਾਲ ਉਸ ਅੰਗਰੇਜ਼ ਅਫ਼ਸਰ ਨੇ ਨਹਿਰ ਦਾ ਪਾਣੀ ਪਿੱਛਿਓਂ ਬੰਦ ਕਰਵਾ ਦਿੱਤਾ। ਨਹਿਰ ਸੁੱਕ ਗਈ ਸੀ ਤੇ ਇਸ ਵਿਚ ਸੀਵਰੇਜ ਦਾ ਪਾਣੀ ਤੇ ਕੂੜਾ ਕਬਾੜਾ ਸੁੱਟਿਆ ਜਾਣ ਲੱਗ ਪਿਆ ਤੇ ਫਿਰ ਇਥੇ ਇਕ ਗੰਦਾ ਨਾਲਾ ਬਣ ਕੇ ਵਗਣ ਲੱਗ ਪਿਆ। ਹੁਣ ਬੜੇ ਸਾਲਾਂ ਬਾਅਦ ਇਸ ਨਾਲੇ ਨੂੰ ਪੂਰ ਕੇ ਹਰੀ-ਭਰੀ ਤੇ ਸਾਫ਼-ਸੁਥਰੀ ਸੜਕ ਦਾ ਰੂਪ ਦੇ ਦਿੱਤਾ ਗਿਆ ਸੀ।

ਉਹ ਸੋਚ ਰਹੀ ਸੀ-ਔਰਤਾਂ ਵੀ ਤਾਂ ਨਹਿਰਾਂ ਹੁੰਦੀਆਂ, ਬਿਨਾਂ ਕਿਸੇ ਉਜ਼ਰ ਤੋਂ ਵਗਦੀਆਂ ਨਹਿਰਾਂ। ਚੁੱਪਚਾਪ ਆਪਣੀਆਂ ਸੱਧਰਾਂ ਸਮੇਤ ਜ਼ਿੰਦਗੀ ਦੇ ਵਹਾਅ ’ਚ ਤੁਰਦੀਆਂ ਤੇ ਖ਼ੁਦਕੁਸ਼ੀ ਕਰਦੀਆਂ। ਫਿਰ ਕਿਸੇ ਕਾਰਨ ਇਨ੍ਹਾਂ ਨਹਿਰਾਂ ਨੂੰ ਸੁੱਕਣ ਲਈ ਮਜ਼ਬੂਰ ਕਰ ਦਿੱਤਾ ਜਾਂਦਾ ਹੈ। ਇਨ੍ਹਾਂ

ਵਿਚ ਸਮਾਜ ਦੇ ਗੰਦੇ ਵਿਚਾਰਾਂ ਦਾ ਕੂੜਾ ਭਰ ਦਿੱਤਾ ਜਾਂਦਾ ਤੇ ਫਿਰ ਇਸ ਉੱਤੇ ਰਿਸ਼ਤਿਆਂ ਦੀ ਮੋਟੀ ਕੰਕਰੀਟ ਵਿਛਾ ਕੇ ਸਾਫ਼-ਸੁਥਰਾ ਬਣਾ ਕੇ ਪੇਸ਼ ਕੀਤਾ ਜਾਂਦਾ। ਇਸ ਕੰਕਰੀਟ ਵਾਲੀ ਸੜਕ ਥੱਲੇ ਪਤਾ ਨਹੀਂ ਕਿੰਨੀਆਂ ਕੁ ਚੀਕਾਂ ਦੱਬੀਆਂ ਹੋਈਆਂ ਹਨ।

"ਝਾਟੋ, ਤੂੰ ਥਾਣੇ 'ਚ ਝੂਠ ਕਿਉਂ ਬੋਲਿਆ।" ਉਸ ਨੇ ਇਕ ਦਿਨ ਝਾਟੋ ਤੋਂ ਪੁੱਛਿਆ ਸੀ, ਜਦੋਂ ਉਹ ਆਪਣੇ ਭਰਾ ਦੀ ਉਂਗਲ ਫੜੀ ਉਸ ਨੂੰ ਸੜਕ 'ਤੇ ਅਚਾਨਕ ਦਿਸ ਪਈ ਸੀ।

"ਜੀ, ਸਾਡੀ ਭੂਆ ਕਹਿੰਦੀ, ਘਰ ਦੀਆਂ ਗੱਲਾਂ ਬਾਹਰ ਨਹੀਂ ਦੱਸੀ ਦੀਆਂ।" ਝਾਟੋ ਜਵਾਬ ਦੇ ਕੇ ਬਿਨਾਂ ਉਸ ਵੱਲ ਦੇਖਿਆਂ ਤੁਰ ਪਈ।

"ਹਾਂ, ਅੰਦਰੋਂ ਅੰਦਰੀ ਮਰ ਖਪ ਜਾਈਦਾ।" ਉਸ ਦੇ ਮੂੰਹੋਂ ਨਿਕਲਿਆ।

ਉਸ ਦੇ ਅੰਦਰ ਵੀ ਤਾਂ ਇਕ ਚੀਕ ਦੱਬੀ ਹੋਈ ਸੀ। ਉਸ ਦੀ ਚੀਕ ਨੂੰ ਵੀ ਤਾਂ ਤੀਹ ਸਾਲ ਪਹਿਲਾਂ ਉਸ ਦੇ ਅੰਦਰ ਦਫ਼ਨ ਕਰ ਦਿੱਤਾ ਗਿਆ ਸੀ।

ਉਸ ਦਾ ਚੀਕ ਮਾਰਨ ਨੂੰ ਜੀਅ ਕੀਤਾ। ਉਸ ਨੇ ਆਪਣਾ ਮੂੰਹ ਪੂਰਾ ਖੋਲ੍ਹ ਲਿਆ ਪਰ ਅੰਦਰੋਂ ਕੋਈ ਚੀਕ ਨਾ ਨਿਕਲੀ। ਉਸ ਨੇ ਦੰਦ ਪੀਚ ਕੇ ਜ਼ੁਬਾਨ ਨੂੰ ਦੰਦਾਂ ਪਿੱਛੇ ਰੋਕ ਲਿਆ ਤੇ ਸਕੂਟਰੀ ਦੀ ਸਪੀਡ ਵਧਾ ਲਈ। ਉਹ ਇਸ ਦੱਬੀਆਂ ਚੀਕਾਂ ਵਾਲੀ ਸੜਕ ਤੋਂ ਦੂਰ ਛੇਤੀ-ਛੇਤੀ ਪਰ੍ਹਾਂ ਜਾਣਾ ਚਾਹੁੰਦੀ ਸੀ।

**(ਸੰਪਰਕ ਮੋਬਾ : 9463223251)**

## ਮੇਰਾ ਸਟੱਡੀ ਟੇਬਲ/- ਭਗਵੰਤ ਰਸੂਲਪੁਰੀ




ਮਾਫ਼ ਕਰਨਾ ਮੇਰੇ ਟੇਬਲ 'ਤੇ ਇਕ ਕਿਤਾਬ ਰਹਿ ਚੱਲੀ ਸੀ। ਜਿਸ ਦਾ ਜ਼ਿਕਰ ਕਰਨਾ ਜ਼ਰੂਰੀ ਹੋ ਗਿਆ ਸੀ। ਕਿਉਂਕਿ ਇਸ ਨਾਵਲ ਨੂੰ ਹੁਣੇ ਹੁਣੇ ਭਾਰਤੀ ਸਾਹਿਤ ਅਕੈਡਮੀ ਦਾ ਯੁਵਾ ਪੁਰਸਕਾਰ ਮਿਲਿਆ ਹੈ। ਪਿਛਲੇ ਦਿਨੀਂ ਹੀ ਇਹ ਨਾਵਲ ਮੇਰੇ ਟੇਬਲ ਤੇ ਪਹੁੰਚਾ ਹੈ। ਪੰਜਾਬੀ ਦਾ ਸਮੁੱਚਾ ਨਾਵਲ 85% ਕਿਸਾਨੀ ਤੇ ਕੇਂਦਰਤ ਹੈ। ਕਿਉਂਕਿ ਜੋ ਨਾਵਲਕਾਰ ਆਏ ਉਹ ਕਿਸਾਨੀ ਪਰਿਵਾਰਾਂ ਵਿਚੋਂ ਸੀ। ਉਨ੍ਹਾਂ ਨੇ ਆਪਣੇ ਅਨੁਭਵ ਲਿਖੇ। ਲਿਖਣੇ ਵੀ ਚਾਹੀਦੇ ਹਨ। ਇਹ ਨਾਵਲ ਵੀ ਕਿਸਾਨੀ 'ਤੇ ਕੇਂਦਰਤ ਹੈ। ਕਿਸਾਨੀ ਆਂਚਲਿਕਤਾ ਸੰਧੂ ਦੇ ਨਾਵਲ ਵਿਚ ਸਹਿਜਤਾ ਨਾਲ ਪੇਸ਼ ਹੁੰਦੀ ਹੈ। ਦ੍ਰਿਸ਼ ਬਣਾਉਣ ਵਿਚ ਉਹਦੀ ਪਕੜ ਹੈ। ਮੈਂ ਇਹ ਨਾਵਲ ਪੜ੍ਹਦਿਆਂ ਸੋਚਦਾ ਸਾਂ ਕਿ ਯਾਦਵਿੰਦਰ ਨੇ ਇਸ ਨਾਵਲ ਵਿਚ ਕਿਸਾਨੀ ਦੇ ਕਿਹੜੇ ਨਵੇਂ ਅਨੁਭਵ ਪੇਸ਼ ਕੀਤੇ ਹਨ। ਮੈਨੂੰ ਕੋਈ ਨਵੀਂ ਗੱਲ ਮਿਲੀ ਨਹੀਂ। ਪਰ ਇਹ ਉਸ ਦਾ ਪਹਿਲਾ ਨਾਵਲ ਹੈ ਅਤੇ ਪਹਿਲੇ ਨਾਵਲ ਜਾਂ ਕਿਸੇ ਕਿਤਾਬ ਤੋਂ ਲੇਖਕ ਦੀ ਸਮਰੱਥਾ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ, ਦੂਜੇ ਜਾਂ ਤੀਜੇ ਨਾਵਲ ਤੋਂ ਪਤਾ ਲੱਗਦਾ ਹੈ ਕਿ ਉਸ ਦੀ ਨਾਵਲ ਕਲਾ ਨੇ ਕਿੰਨਾ ਕੁ ਵਿਕਾਸ ਕੀਤਾ ਹੈ। ਨਾਵਲ ਤੇ ਮੈਂ ਬਹੁਤ ਕਿੰਤੂ ਪ੍ਰੰਤੂ ਇਸ ਲਈ ਨਹੀਂ ਕਰਨਾ ਕਿਉਂਕਿ ਇਕ ਯੁਵਾ ਇਨਾਮ ਪ੍ਰਾਪਤ ਨਾਵਲਕਾਰ ਦੀ ਮੈਂ ਚੰਗੀ ਆਲੋਚਨਾ ਕਰ ਦਿੱਤੀ ਤਾਂ ਉਹ ਮੈਨੂੰ ਗਾਲ੍ਹਾਂ ਕੱਢਣ 'ਤੇ ਪਹੁੰਚ ਗਿਆ। ਨਵੇਂ ਲੇਖਕਾਂ ਨੂੰ ਜਦੋਂ ਵੱਡਾ ਕੋਈ ਇਨਾਮ ਮਿਲ ਜਾਂਦਾ ਹੈ ਤਾਂ ਉਹਦੇ ਪੈਰ ਜ਼ਮੀਨ ਤੋਂ ਚੁੱਕੇ ਜਾਂਦੇ ਨੇ। ਆਸ ਏ ਯਾਦਵਿੰਦਰ ਜ਼ਮੀਨ ਨਾਲ ਜੁੜਿਆ ਰਹੇਗਾ। ਪ੍ਰੇਮ ਪ੍ਰਕਾਸ਼ ਕਹਿੰਦਾ ਹੁੰਦਾ ਕਿ ਨਵੇਂ ਲੇਖਕ ਨੂੰ ਜਦੋਂ ਵੱਡਾ ਇਨਾਮ ਮਿਲਦਾ ਏ ਤਾਂ ਉਹਦੇ ਪੈਰ ਜ਼ਮੀਨ ਤੋਂ ਜਲਦੀ ਚੁੱਕੇ ਜਾਂਦੇ ਨੇ। ਜੋ ਬਹੁਤ ਖਤਰਨਾਕ ਹੁੰਦਾ ਹੈ।



## ਕਹਾਣੀ/ ਸਿਵਿਆਂ ਚੋਂ ਉੱਠਦੀ ਲਾਟ/ - ਬੇਅੰਤ ਬਾਜਵਾ

ਖੇਤਾਂ ਚੋਂ ਆਏ ਤੇਜ਼ ਬਰੋਲੇ ਨੇ ਪਸ਼ੂਆਂ ਲਈ ਬਣੇ ਸਰਕੰਡਿਆਂ ਦੇ ਛਤੜੇ ਨੂੰ ਪੱਟ ਕੇ ਵਿਹੜੇ 'ਚ ਸੁੱਟ ਦਿੱਤਾ। ਛਤੜੇ ਡਿੱਗਣ ਦੀ ਆਵਾਜ਼ ਸੁਣ ਕੇ ਧੰਨ ਕੁਰ ਸਬਾਤ ਚੋਂ ਭੱਜ ਕੇ ਵਿਹੜੇ 'ਚ ਆ ਗਈ। ਦੇਖਿਆ ਤਾਂ ਸਾਰਾ ਛੱਤਣਾ ਵਿਹੜੇ ਵਿਚ ਖਿੰਡਿਆ ਪਿਆ ਸੀ। ਅੱਤ ਦੀ ਗਰਮੀ ਪੈ ਰਹੀ ਸੀ। ਕਰੜੀ ਧੁੱਪ ਕਾਰਨ ਸਾਰੇ ਜਨੌਰ ਆਪਣੇ ਆਲ੍ਹਣਿਆਂ ਵਿਚ ਬੈਠੇ ਸਨ। ਹਵਾ ਬਿਲਕੁਲ ਬੰਦ ਸੀ। ਧੰਨ ਕੁਰ ਨੇ ਘਰ ਤੋਂ ਬਾਹਰ ਖੇਤ ਵਾਲੀ ਪਹੀ ਤੇ ਆ ਕੇ ਦੂਰ ਤੱਕ ਨਿਗ੍ਹਾ ਮਾਰੀ। ਲੋਕ ਕਣਕਾਂ ਦੀ ਵਾਢੀ ਕਰ ਰਹੇ ਸਨ। ਵਾਹਣਾ ਵਿਚ ਕਿਤੇ ਕਿਤੇ ਕੋਈ ਬਰੋਲਾ ਉੱਠਦਾ, ਉਂ ਹਵਾ ਨੀਂ ਸੀ ਚੱਲਦੀ। ਖੇਤਾਂ ਨੂੰ ਜਾਂਦਾ ਕੱਚਾ ਪਹਾ ਵੀ ਸੁੰਨਾ ਸੀ। ਧੰਨ ਕੁਰ ਦਾ ਘਰ ਵਾਲਾ ਬੰਤ ਸਿਹੁੰ ਆਪਣੇ ਦੋਵੇਂ ਮੁੰਡਿਆਂ ਨਾਲ ਕਣਕ ਵੱਢ ਰਿਹਾ ਸੀ।

"ਵੇ ਜੀਤੇ ਵੇ...ਭੱਜ ਕੇ ਆਈ ਘਰੇ ਵੇ! ਧੰਨ ਕੁਰ ਨੇ ਸੱਜੀ ਬਾਂਹ ਨੂੰ ਉਤਾਂਹ ਚੁੱਕ ਕੇ ਦੋ ਤਿੰਨ ਵਾਰ ਆਪਣੇ ਵੱਡੇ ਮੁੰਡੇ ਜੀਤੇ ਨੂੰ ਆਵਾਜ਼ਾਂ ਮਾਰੀਆਂ।

ਫਾਂਟ ਵਿਚ ਬੈਠੇ ਜੀਤੇ ਨੇ ਆਪਣੀ ਮਾਂ ਧੰਨ ਕੁਰ ਦੀ ਆਵਾਜ਼ ਸੁਣ ਕੇ ਸਣੇ ਦਾਤੀ ਫੜੇ ਹੱਥ ਉੱਪਰ ਕਰ ਕੇ ਆਉਣ ਦਾ ਇਸ਼ਾਰਾ ਕੀਤਾ। ਜੀਤੇ ਦਾ ਇਸ਼ਾਰਾ ਦੇਖ ਕੇ ਧੰਨ ਕੁਰ ਮੁੜ ਵਿਹੜੇ ਵਿਚ ਡਿੱਗੇ ਪਏ ਛਤੜੇ ਕੋਲ ਆ ਗਈ। ਕੁੱਝ ਚਿਰ ਬਾਅਦ ਜੀਤਾ ਆ ਗਿਆ ਤੇ ਆਉਂਦੇ ਨੂੰ ਹੀ ਧੰਨ ਕੁਰ ਬੋਲਣ ਲੱਗ ਪਈ "ਆਹ ਦੇਖ ਭਾਈ ਹੁਣ...ਮੈਂ ਤਾਂ ਤੈਨੂੰ ਤੇ ਤੇਰੇ ਪਿਉ ਨੂੰ ਕਹਿ ਕਹਿ ਕੇ ਹੰਭ ਗਈ! ਤੁਸੀਂ ਸੁਣਦੇ ਹੋਵੇ ਮੇਰੀ ਤਾਂ ਆਹ ਦੁਕੰਮਣ ਕਾਹਨੂੰ ਹੁੰਦੇ! ਮੈਂ ਛੀ ਮਹੀਨਿਆਂ ਤੋਂ ਕਹੀ ਜਾਨੀ ਆ ਵੀ ਆਹ ਛਤੜੇ ਨੂੰ ਚਹੁੰ ਪਾਸਿਉਂ ਤੋਂ ਚੰਗੀ ਤਰ੍ਹਾਂ ਬੰਨ੍ਹ ਦਿਓ। ਤੁਸੀਂ ਮੇਰੀ ਮੰਨੀ ਨੀਂ...ਹੁਣ ਆਹ ਪਿਆ ਖਿਡਾਰ ਖਿੰਡਿਆ। ਤਪੀ ਜਾਣ ਕੇ ਪਸ਼ੂ ਧੁੱਪੇ ਹੁਣ।

"ਸਿਰ ਖੁਰਕਣ ਦੀ ਵਿਹਲ ਨੀਂ ਮਿਲਦੀ...ਛੱਤੜਾ ਕਿੱਥੋਂ ਠੀਕ ਕਰ ਦੇਈਏ! ਖੇਤਾਂ ਵਿਚਾਲੇ ਘਰ ਆ। ਬਰੋਲਾ ਪੈ ਗਿਆ। ਸਰਕੰਡਿਆਂ ਦਾ ਕੀ ਮਾਜਣਾ ਹੁੰਦਾ...ਇਹ ਤਾਂ ਹਵਾ ਦੇ ਮਾੜੇ ਜਿਹੇ ਬੁੱਲ੍ਹੇ ਨਾਲ ਡਿੱਗ ਪੈਂਦਾ। ਮੈਂ ਵੀ ਬਾਪੂ ਨੂੰ ਕਹਿ ਕੇ ਥੱਕ ਗਿਆ ਕਿ ਪਸ਼ੂਆਂ ਵਾਸਤੇ ਦੋ ਸ਼ਤੀਰ ਚੜ੍ਹਾ ਲਈਏ। ਹੱਥ ਤੰਗ ਦਾ ਕਹਿ ਕੇ ਬਾਪੂ ਗੱਲ ਨੂੰ ਅਗਲੇ ਸਾਲ ਤੇ ਪਾ ਦਿੰਦਾ।" ਦਾਤੀ ਮੋਢੇ ਤੇ ਰੱਖ ਕੇ ਛਤੜੇ ਨੂੰ ਵਿਹੜੇ ਚੋਂ 'ਕੱਠਾ ਕਰਦਾ ਕਰਦਾ ਜੀਤਾ ਧੰਨ ਕੁਰ ਨੂੰ ਬੋਲ ਰਿਹਾ ਸੀ। ਧੰਨ ਕੁਰ ਵੀ ਜੀਤਾ ਨਾਲ ਛੱਤੜਾ ਕੱਠਾ ਕਰਾਉਣ ਲੱਗ ਗਈ। ਬੰਤ ਤੇ ਛੋਟੇ ਮੁੰਡੇ ਨੇ ਆਪਣੀ ਫਾਂਟ ਨੂੰ ਸਿਰੇ ਲਾ ਦਿੱਤਾ ਸੀ। ਦੋਵੇਂ ਭਿੜੀ ਕੋਲ ਲੱਗੇ ਤੂਤ ਦੀ ਛਾਵੇਂ ਬੈਠੇ ਤੌੜੇ ਵਿਚੋਂ ਪਾਣੀ ਪੀ ਰਹੇ ਸਨ। ਛੋਟੇ ਮੁੰਡੇ ਚੰਨਣ ਨੇ ਗੁੜ ਦੇ ਡਲੇ 'ਚੋਂ ਇੱਕ ਰੋੜੀ ਭੰਨ ਕੇ ਆਪਣੇ ਬਾਪ ਬੰਤ ਸੂ ਨੂੰ ਫੜਾ ਦਿੱਤੀ ਤੇ ਇੱਕ ਆਪਣੀ ਮੂੰਹ ਵਿਚ ਪਾ ਲਈ। ਬਾਕੀ ਗੁੜ ਦੇ ਡਲੇ ਨੂੰ ਓਵੇਂ ਜਿਵੇਂ ਪੋਣੇ 'ਚ ਵਲ੍ਹੇਟ ਕੇ ਤੂਤ ਤੇ ਟੰਗ ਦਿੱਤਾ।

"ਵਾਹਵਾ ਚਿਰ ਹੋ ਗਿਆ ਆਇਆ ਨੀਂ ਪਤੰਦਰ! ਤੇਰੀ ਮਾਂ ਨੂੰ ਕੀ ਐਡਾ ਕੰਮ ਪੈ ਗਿਆ ਹੋਣਾ ਚੰਨਣਾ। ਜਿਹੜਾ ਜੀਤੇ ਨੂੰ ਇੰਨਾ ਟੈਮ ਲੱਗ ਗਿਆ।" ਬੰਤ ਸੂ ਨੇ ਘਰ ਵੱਲ ਝਾਕਦੇ ਹੋਏ ਨੇ ਆਖਿਆ।

"ਪਤਾ ਨੀਂ ਬਾਪੂ...ਆਪਾਂ ਤਾਂ ਫਾਂਟ ਵੀ ਲਾ ਲਈ ਤੇ ਪਾਣੀ ਵੀ ਪੀ ਲਿਆ।" ਪਾਣੀ ਵਾਲੀ ਜੂਠੀ ਬਾਟੀ ਨੂੰ ਮਾਂਜਦਿਆਂ ਹੋਇਆ ਚੰਨਣ ਨੇ ਕਿਹਾ।

"ਇਉਂ ਕਰ ਚੰਨਣਾ...ਤੂੰ ਫਾਂਟ ਤੋਰ। ਮੈਂ ਦੇਖ ਕੇ ਆਉਣਾ ਘਰੇ। ਸ਼ਾਲਾ ਉਂ ਨਾ ਕੋਈ ਸੱਪ ਸਲੂਟੀ ਆ ਵੜਿਆ ਹੋਵੇ। ਖੇਤਾਂ 'ਚ ਘਰ ਪਾਉਣ ਦਾ ਵੀ ਸਿਆਪਾ ਹੀ ਹੈ। ਹਾੜੀ ਸਾਉਣੀ ਕੋਈ ਨਾ ਕੋਈ

ਜਨੌਰ ਘਰਾਂ ਵਿਚ ਆ ਵੜਦੇ ਆ"। ਬੰਤ ਸੂ ਨੇ ਦਾਤੀ ਨੂੰ ਤੂਤ ਤੇ ਬਣੀ ਜਨੌਰ ਦੀ ਖੱਡ ਵਿਚ ਟੰਗ ਦਿੱਤਾ ਤੇ ਆਪ ਘਰ ਨੂੰ ਸਾਹਮਣੇ ਵਾਲੀ ਵੱਟ ਤੇ ਜਾ ਚੜ੍ਹਿਆ। ਘਰ ਆ ਕੇ ਦੇਖਿਆ ਤਾਂ ਜੀਤਾ ਛਤੜੇ ਚੋਂ ਖਿੰਡੀਆਂ ਸਰਕੰਡਿਆਂ ਤੇ ਕਪਾਹ ਦੀਆਂ ਛਿਟੀਆਂ ਨੂੰ ਚੁੱਕ ਕੇ ਤੂੜੀ ਵਾਲੇ ਕੁੱਪ ਕੋਲ ਰੱਖ ਰਿਹਾ ਸੀ। ਧੰਨ ਕੁਰ ਮਾਂਜਾ ਨਾਲ ਪਿੱਛੇ ਪਿੱਛੇ ਵਿਹੜਾ ਸਾਫ਼ ਕਰ ਰਹੀ ਸੀ।

"ਐਂ ਕਿਵੇਂ ਡਿੱਗ ਪਿਆ ਜੀਤਿਆ ਓਏ ! ਆਪਾਂ ਤਾਂ ਜਦੋਂ ਇਹ ਛੱਤੜਾ ਪਾਇਆ ਸੀ। ਇਹ ਨੂੰ ਬੇੜਾਂ ਨਾਲ ਨੂੜਿਆ ਸੀ।" ਛੱਤੜਾ ਡਿੱਗਣ ਤੇ ਬੰਤ ਸੂ ਅਚੰਭਾ ਸੀ।

"ਬਾਪੂ ਉਸ ਗੱਲ ਨੂੰ ਯੁੱਗ ਬੀਤ ਗਏ। ਨਾਲੇ ਆਹ ਬੇੜਾਂ ਤਾਂ ਇੱਕ ਮੀਂਹ ਪਿਆ ਨੀਂ ਤੇ ਇਹ ਬੋਦੀਆਂ ਪਈਆਂ ਨੀਂ। ਤੈਨੂੰ ਕਿਹਾ ਸੀ ਨਾ ਵੀ ਛਤੜੇ ਨੇ ਮਾੜੀ ਜਿਹੀ ਹਵਾ ਨੀਂ ਸਹਾਰਨੀ। ਦੇਖ ਲਾ ਫੇਰ ਮਾੜਾ ਜਿਹਾ ਬਰੋਲਾ ਆਉਣ ਨਾਲ ਛੱਤੜਾ ਫ਼ਨਾਹ ਕਰਤਾ। ਹੁਣ ਗੁੰਦੀ ਜਾਈਂ ਬੈਠਾ ਦੁਬਾਰੇ। ਤੈਨੂੰ ਬਥੇਰੇ ਵਾਰ ਕਿਹਾ ਵੀ ਦੋ ਸ਼ਤੀਰ ਚੜ੍ਹਾ ਦੇ। ਪਰ ਤੂੰ ਕਿਹੜਾ ਮੰਨਣੀ ਏ...ਸਾਰਾ ਟੱਬਰ ਕਹਿ ਕੇ ਹਟ ਗਿਆ। ਤੂੰ ਤਾਂ ਬੱਸ ਆਪਣੀ ਮਰਜ਼ੀ ਕਰਨੀ ਏ। ਕਰੀ ਜਾ ਸਾਨੂੰ ਕੀ ਐ...ਨੁਕਸਾਨ ਤਾਂ ਘਰ ਦਾ ਹੀ ਹੋਣੇ।"

"ਮੇਰਾ ਕਿਹੜਾ ਜੀਅ ਨੀਂ ਕਰਦਾ ਸ਼ਤੀਰ ਚੜ੍ਹਾਉਣ ਨੂੰ ! ਪਰ ਸਾਲੀ ਕਬੀਲਦਾਰੀ ਰਾਹ ਹੀ ਨਹੀਂ ਦਿੰਦੀ। ਫ਼ਸਲ ਨਾਲ ਤਾਂ ਆੜ੍ਹਤੀਏ ਦਾ ਵਿਆਜ ਮਸਾਂ ਮੁੜਦਾ। ਬਾਕੀ ਸੌ ਹੋਰ ਲੈਣੇ ਦੇਣੈ ਆ ਲੋਕਾਂ ਦੇ। ਹਾੜੀ ਸਾਉਣੀ ਲੋਕਾਂ ਦਾ ਟਰੈਕਟਰ ਮੰਗ ਕੇ ਵਾਹਨ ਵਾਹੁਣੇ ਆ। ਜੇ ਕਬੀਲਦਾਰੀ 'ਚ ਥੋੜੇ ਜੇ ਸੌਖੇ ਹੋਈਏ ਤਾਂ ਆਪਦਾ ਟਰੈਕਟਰ ਨਾ ਲੈ ਲਈਏ। ਤੇਰੀ ਮਾਂ ਦੀ ਟੂਮਾਂ ਵੇਚ ਕੇ ਮਾਸਟਰ ਵਾਲੇ ਵਾਹਨ ਦਾ ਠੇਕਾ ਮੋੜਿਆ। ਉਹ ਨੂੰ ਮੁੜ ਕੇ ਕੰਨਾਂ 'ਚ ਪਾਉਣ ਨੂੰ ਨੀਂ ਜੁੜ ਹੋਇਆ। ਆਵਦੇ ਕੋਲੇ ਦੋ ਕਿੱਲੇ ਆ। ਇਹ ਦਾ ਨਾਲ ਕੀ ਹੁੰਦੇ"। ਜੀਤੇ ਵੱਲੋਂ ਸ਼ਤੀਰ ਚੜ੍ਹਾਉਣ ਵਾਲੀ ਕਹੀ ਗੱਲ ਤੇ ਬੰਤ ਸੂ ਘਰ ਦੀ ਮਾੜੀ ਕਬੀਲਦਾਰੀ ਦਾ ਰੋਣਾ ਰੋਇਆ। ਧੰਨ ਕੁਰ ਕੋਲ ਖੜੀ ਦੋਵੇਂ ਪਿਉ ਪੁੱਤਾਂ ਦੀਆਂ ਗੱਲਾਂ ਸੁਣ ਰਹੀ ਸੀ। ਬੰਤ ਸੂ ਦੀ ਗੱਲ ਤਾਂ ਜੁਆਬ ਦਿੱਤੇ ਬਿਨਾਂ ਜੀਤਾ ਮੁੜ ਚੰਨਣ ਕੋਲ ਆ ਕੇ ਫਾਂਟ ਵਿਚ ਬੈਠ ਗਿਆ।

"ਐਤਕੀਂ ਕਿਵੇਂ ਰਹੂ ਦਾਨਿਆਂ ਦਾ ਝਾੜ ! ਰੱਬ ਇਸ ਵਾਰ ਦਾਣੇ ਚੰਗੇ ਕਰਦੇ। ਫੇਰ ਆਪਾਂ ਜੀਤੇ ਦਾ ਵਿਆਹ ਕਰ ਦਵਾਂਗੇ ਤੇ ਚੰਨਣ ਬਾਹਰਲੇ ਮੁਲਕ ਚੱਲ ਜਾਊ ਗਾ।" ਧੰਨ ਕੁਰ ਨੇ ਬੰਤ ਸੂ ਪਾਣੀ ਦਾ ਗਲਾਸ ਫੜਾਉਂਦਿਆਂ ਆਖਿਆ।

"ਝਾੜ ਤਾਂ ਹੁਣ ਕਣਕ ਕੱਢੀ ਤੋਂ ਲੱਗੂ। ਮੈਂ ਤਾਂ ਆਪ ਇਹੀ ਚਾਹੁਣਾ ਕਿ ਚੰਨਣ ਨੂੰ ਬਾਹਰ ਭੇਜ ਦੇਈਏ। ਚਾਰ ਛਿੱਲੜ ਕਮਾਊ ਗਾ ਤਾਂ ਘਰ ਦੇ ਦਿਨ ਫਿਰ ਜਾਣਗੇ। ਨਾਲੇ ਇੱਥੇ ਇਹ ਦਾ ਆਪਣੇ ਭੰਗੀ ਪੋਸਤੀ ਬੇਲੀਆਂ ਤੋਂ ਖਹਿੜਾ ਛੁੱਟ ਜੂ। ਚੰਨਣ ਜੋ ਬਾਹਰਲੇ ਮੁਲਕ ਕਮਾਊ ਗਾ ਤਾਂ ਆਪਣਾ ਬੁਢਾਪਾ ਸੌਖਾ ਲੰਘ ਜੂ। ਨਹੀਂ ਤਾਂ ਫੇਰ ਨੇਰਾ ਢੋਣਾ ਪੈਣਾ।"

"ਆਪਾਂ ਕਿਹੜਾ ਕੋਈ ਰੱਬ ਵੇਚਿਆ ! ਮਿਹਰ ਕਰੂ ਇੱਕ ਦਿਨ। ਸੁਖਾਲੇ ਹੋ ਜਾ ਗੈ"। ਕਹਿ ਕੇ ਧੰਨ ਕੁਰ ਨੇ ਬੰਤ ਸੂ ਜੂਠਾ ਗਲਾਸ ਚੁੱਕਿਆ ਤੇ ਝਲਾਨੀ ਵਿਚ ਆ ਗਈ ਤੇ ਬੰਤ ਸੂ ਫਾਂਟ ਵਿਚ ਆ ਬੈਠਾ।

ਥੋੜੇ ਦਿਨਾਂ 'ਚ ਸਾਰੇ ਅਗਵਾੜ ਵਿਚ ਵਾਢੀ ਦਾ ਕੰਮ ਨਿੱਬੜ ਗਿਆ। ਬੰਤ ਸੂ ਨੇ ਦੋਵਾਂ ਮੁੰਡਿਆਂ ਨੂੰ ਨਾਲ ਲੈ ਕੇ ਬਿੱਕਰ ਨੰਬਰਦਾਰ ਨਾਲ ਦਾਣੇ ਅਤੇ ਤੂੜੀ ਢੋਣ ਦੀ ਬੀੜੀ ਕਰ ਲਈ। ਬਿੱਕਰ ਨੰਬਰਦਾਰ ਤੇ ਬੰਤ ਦੇ ਖੇਤਾਂ ਦੀ ਵੱਟ ਸਾਂਝੀ ਸੀ। ਬਿੱਕਰ ਕੋਲ ਪੱਚੀ ਘੁਮਾ ਪੈਲੀ ਸੀ। ਉਸ ਕੋਲ ਟਰੈਕਟਰ ਟਰਾਲੀ ਦੇ ਨਾਲ ਨਾਲ ਵਾਹੀ ਕਰਨ ਵਾਲੇ ਸਾਰੇ ਛੰਦ ਸਨ। ਇਸ ਲਈ ਬੰਤ ਸੂ ਬਿੱਕਰ ਨੰਬਰਦਾਰ ਨਾਲ ਹਰ ਸਾਲ ਬੀੜੀ ਕਰਦਾ। ਜਿਸ ਦੇ ਬਦਲੇ ਵਿਚ ਬਿੱਕਰ ਬੰਤ ਦੇ ਦਾਣੇ ਕੱਢ ਦਿੰਦਾ ਅਤੇ ਤੂੜੀ ਵੀ ਢੋ ਦਿੰਦਾ।



ਬਿੱਕਰ ਨੰਬਰਦਾਰ ਦੇ ਦਾਣੇ ਸਾਂਭ ਕੇ ਬੰਤ ਸੂ ਨੇ ਸਾਂਭ ਲਏ। ਇਸ ਵਰ੍ਹੇ ਦਾਣੇ ਵੀ ਵਧੀਆ ਹੋਏ। ਆਥਣ ਹੋ ਗਿਆ ਸੀ। ਸੂਰਜ ਦਾ ਰੰਗ ਲਾਲ ਗੇਰੂ ਵਰਗਾ ਹੋ ਗਿਆ ਸੀ। ਪਾਲੀ ਖੇਤੋਂ ਮੱਝਾਂ ਚਾਰ ਕੇ ਘਰਾਂ ਨੂੰ ਵਾਪਸ ਪਰਤ ਰਹੇ ਸਨ। ਬੇਸ਼ੱਕ ਸੂਰਜ ਦੀਆਂ ਕਿਰਨਾਂ ਮੱਧਮ ਹੋ ਚੁੱਕੀਆਂ ਸਨ, ਪਰ ਗਰਮੀ ਸਿਖਰ ਦੁਪਹਿਰ ਵਾਂਗ ਹੀ ਵੱਟ ਕੱਢ ਰਹੀ ਸੀ। ਆਥਣੇ ਸਾਰਾ ਟੱਬਰ ਰੋਟੀ ਖਾ ਕੇ ਵਿਹੜੇ ਵਿਚ ਡਾਹੇ ਆਪੋ ਆਪਣੇ ਮੰਜਿਆਂ ਤੇ ਪੈ ਗਿਆ। ਪਏ ਪਏ ਚੰਨਣ ਨੇ ਧੰਨ ਕੁਰ ਨੂੰ ਆਖਿਆ "ਬੇਬੇ ਦੇਸੀ ਘਿਉ ਦੀ ਚੂਰੀ ਖਾ ਕੇ ਤੇ ਨਾਲ ਤੱਤਾ ਤੱਤਾ ਦੁੱਧ ਪੀ ਕੇ ਨਜ਼ਾਰਾ ਹੀ ਆ ਜਾਂਦਾ।"

"ਜਿੰਨਾ ਤੇਰੀ ਮਾਂ ਸਾਲ ਭਰ 'ਚ ਰਿੜਕ ਰਿੜਕ ਘਿਉ ਜੋੜਦੀ ਆ, ਓਨਾ ਤਾਂ ਤੂੰ ਕੱਲਾ ਚੂਰੀ ਰਾਹੀਂ ਖਾ ਜਾਨਾ। ਬਾਅਦ 'ਚ ਸਾਰਾ ਸਾਲ ਮੁੱਲ ਲੈਣਾ ਪੈਂਦਾ ਹੱਟੋਂ"। ਧੰਨ ਕੁਰ ਦੇ ਬੋਲਣ ਤੋਂ ਪਹਿਲਾਂ ਬੰਤ ਸੂ ਬੋਲ ਪਿਆ।

"ਬਾਪੂ ਕੰਮ ਵੀ ਤਾਂ ਦੇਖ ਕਿੰਨਾ ਕਰਦਾ ਮੈਂ।"

"ਕਿਉਂ ਮੈਂ ਤੇ ਜੀਤਾ ਨੀਂ ਕੰਮ ਕਰਦੇ...ਤੂੰ ਕੋਈ ਅਲਹਿਦਾ ਪਹਾੜੋਂ ਪੱਥਰ ਲੈ ਕੇ ਆਉਨੈ ! ਵੱਡਾ ਭੀਮ ਸੈਨ"।

"ਕਿਉਂ ਨਿਆਣਿਆਂ ਵਾਂਗੂ ਜਿਦੀ ਜਾਨੈ ਓ...ਕੰਮ ਸਾਰਾ ਹੀ ਕਰਦੈ ਆ।" ਧੰਨ ਕੁਰ ਨੂੰ ਲੱਗਿਆ ਕਿ ਜਿਵੇਂ ਬੰਤ ਸੂ ਤੇ ਜੀਤਾ ਚੰਨਣ ਤੇ ਦਬਸ਼ ਪਾ ਰਹੇ ਹੋਣ।

"ਓਹ ਆਹ ਸੱਚ...ਚੰਨਣ ਇਸ ਵਾਰ ਤਾਂ ਦਾਣੇ ਚੰਗੇ ਹੋਏ ਆ। ਚਾਰ ਪੈਸੇ ਹੱਥ ਆ ਜਾਣੈ ਆ ਇਸ ਵਾਰ। ਦੇਖ ਲੈ ਜੇ ਬਾਹਰਲੇ ਮੁਲਕ ਜਾਣਾ। ਤੂੰ ਕਹਿੰਦਾ ਸੀ ਵੀ ਤੇਰਾ ਉਹ ਆੜੀ ਗੇਜਾ ਵਧੀਆ ਪੈਸੇ ਕਮਾਉਂਦੇ ਉਧਰਲੇ ਮੁਲਕ"। ਬੰਤ ਨੇ ਚੰਨਣ ਵੱਲ ਮੂੰਹ ਕਰ ਕੇ ਉਸ ਤੋਂ ਪੁੱਛਿਆ।

"ਜਾਣਾ ਤਾਂ ਹੈ ਬਾਪੂ ! ਪਰ ਲੱਖ ਕੁ ਰੁਪਇਆ ਲੱਗ ਜਾਊ ਗਾ। ਪਰ ਐਨੇ ਪੈਸਿਆਂ ਤਾਂ ਬੰਨ੍ਹ ਸੁਭ ਕਰਨਾ ਔਖਾ ਹੋ ਜੂ"। ਫ਼ਿਕਰਮੰਦੀ ਵਾਲੇ ਬੋਲਾਂ ਨਾਲ ਚੰਨਣ ਨੇ ਬੰਤ ਸੂ ਨੂੰ ਜੁਆਬ ਦਿੱਤਾ।

"ਕੋਈ ਨੀਂ ਬੰਨ੍ਹ ਸੁਭ ਆਪੇ ਕਰਦੂ ਮੈਂ...ਤੂੰ ਦੱਸ ਤੇਰਾ ਚਿੱਤ ਕਰਦਾ ਜਾਣ ਨੂੰ।"

"ਚਿੱਤ ਤਾਂ ਹੁਣ ਕਰਦਾ ਈ ਐ ਬਾਪੂ...ਘਰ ਦੇ ਹਾਲਾਤ ਦੇਖ ਕੇ। ਐਧਰ ਤਾਂ ਕੰਮ ਹੈਨੀ ਕੋਈ...ਉਧਰਲੇ ਮੁਲਕ ਜਾਵਾਂਗੇ ਤਾਂ ਚਾਰ ਪੈਸੇ ਜੁੜ ਜਾਣਗੇ। ਆਪ ਤਾਂ ਬੰਦਾ ਪਰਦੇਸੀ ਹੋ ਜਾਂਦਾ, ਪਰ ਮਗਰਲਿਆਂ ਦੀ ਜੂਨ ਸੁਧਰ ਜਾਂਦੀ ਆ।"

"ਗੱਲ ਤਾਂ ਦੀ ਠੀਕ ਹੈ ਪੁੱਤਰਾ। ਤੂੰ ਕਰ ਤਿਆਰ ਆਪਣਾ ਕਾਗ਼ਜ਼ ਪੱਚਰ। ਮੈਂ ਕਰਦਾ ਕੱਲ੍ਹ ਆੜ੍ਹਤੀਏ ਨਾਲ ਗੱਲ ਪੈਸਿਆਂ ਦੀ।" ਕਹਿ ਕੇ ਬੰਤ ਸੂ ਮੰਜੇ ਤੇ ਆਸਮਾਨ ਵੱਲ ਨੂੰ ਮੂੰਹ ਕਰ ਕੇ ਸਿੱਧਾ ਪੈ ਗਿਆ। ਅੰਮ੍ਰਿਤ ਵੇਲੇ ਪਿੰਡ ਵਾਲੇ ਗੁਰੂ ਘਰ ਤੋਂ ਪਾਠੀ ਨੇ ਵਾਕ ਲਿਆ।

ਧੰਨ ਕੁਰ ਪਾਠੀ ਦੇ ਵਾਕ ਲੈਂਦਿਆਂ ਹੀ ਸੰਦੇਹਾਂ ਉੱਠ ਖੜ੍ਹ ਦੀ ਸੀ। ਬਾਕੀ ਟੱਬਰ ਨੂੰ ਧੰਨ ਕੁਰ ਚਾਹ ਕਰ ਕੇ ਜਗਾਉਂਦੀ। ਰੋਜ਼ ਵਾਂਗ ਧੰਨ ਕੁਰ ਅੱਜ ਵੀ ਚਾਹ ਲੈ ਕੇ ਬੰਤ ਸੂ ਤੇ ਦੋਵੇਂ ਮੁੰਡਿਆਂ ਨੂੰ ਜਗਾ ਗਈ। ਚਾਹ ਪੀ ਕੇ ਬੰਤ ਸੂ ਖੇਤਾਂ ਵੱਲ ਨੂੰ ਜੰਗਲ ਪਾਣੀ ਚਲਾ ਗਿਆ। ਜੀਤਾ ਤੇ ਚੰਨਣ ਪਸ਼ੂਆਂ ਨੂੰ ਕੱਖ ਕੰਢਾ ਪਾਉਣ ਲੱਗ ਗਏ। ਕੱਖ ਕੰਢਾ ਪਾ ਕੇ ਦੋਵੇਂ ਭਰਾ ਕੱਲ੍ਹ ਬਰੋਲੇ ਨਾਲ ਡਿੱਗੇ ਛਤੜੇ ਨੂੰ ਦੁਬਾਰਾ ਮੜ੍ਹਨ ਲੱਗ ਪਏ। ਰੋਟੀ ਬਣਨ ਤੱਕ ਦੋਵਾਂ ਨੇ ਛੱਤੜਾ ਮੜ੍ਹ ਕੇ ਉਸੇ ਥਾਂ ਤੇ ਰੱਖ ਦਿੱਤਾ।

ਬੰਤ ਸੂ ਖੇਤਾਂ ਵੱਲ ਤੋਂ ਵਾਪਸ ਘਰ ਨੂੰ ਮੁੜਿਆ ਆਉਂਦਾ ਸੀ। ਤੁਰੇ ਆਉਂਦੇ ਬੰਤ ਨੇ ਆਸੇ ਪਾਸੇ ਵਾਹਣਾ ਵੱਲ ਨੂੰ ਨਿਗ੍ਹਾ ਮਾਰੀ ਤਾਂ ਸੁੰਨ ਪਸਰੀ ਜਾਪੀ। ਲੋਕਾਂ ਨੇ ਦਾਣਾ ਫੱਕਾ ਸਾਂਭ ਲਿਆ ਸੀ। ਘਰ ਆ ਕੇ ਬੰਤ ਰੋਟੀ ਖਾ ਕੇ ਕਸਤੂਰੀ ਮੱਲ ਆੜ੍ਹਤੀਏ ਦੇ ਘਰ ਵੱਲ ਨੂੰ ਚੱਲ ਪਿਆ। ਕਸਤੂਰੀ ਮੱਲ ਬੰਤ ਸੂ ਦੇ

ਪਿੰਡ ਦਾ ਹੀ ਸੀ। ਪਰ ਉਸ ਦੀ ਆੜ੍ਹਤ ਦੀ ਦੁਕਾਨ ਬਰਨਾਲੇ ਸ਼ਹਿਰ 'ਚ ਸੀ। ਪਿੰਡ ਦੇ ਲੋਕ ਤਾਂ ਸ਼ਹਿਰ ਘੱਟ ਹੀ ਜਾਂਦੇ। ਜ਼ਿਆਦਾਤਰ ਜਿਨ੍ਹਾਂ ਦੀ ਆੜ੍ਹਤ ਕਸਤੂਰੀ ਨਾਲ ਸੀ ਉਹ ਘਰ ਹੀ ਸਾਬ ਕਿਤਾਬ ਕਰ ਜਾਂਦੇ। ਬੰਤ ਸੂ ਨੇ ਕਸਤੂਰੀ ਮੱਲ ਦਾ ਬੂਹਾ ਖੜਕਾਇਆ।

"ਕੌਣ ਆ ਭਾਈ ! ਲੰਘ ਆ ਬੂਹਾ ਖੁੱਲ੍ਹਾ ਈ ਐ।" ਕਸਤੂਰੀ ਮੱਲ ਕੁਰਸੀ ਉੱਤੇ ਬੈਠਾ ਲਾਲ ਰੰਗ ਦੀ ਬਹੀ ਲੈ ਕੇ ਸਾਬ ਕਿਤਾਬ ਵਿਚ ਲੱਗਿਆ ਹੋਇਆ ਸੀ।

"ਰਾਮ ਰਾਮ ਸੇਠਾ !"

"ਰਾਮ ਰਾਮ ਭਾਈ ਬੰਤ ਸੂ। ਆਜਾ ਆਜਾ ਬਹਿ ਜਾ। ਹੋਰ ਘਰ ਬਾਰ ਸਭ ਸੁੱਖ ਸਾਂਦ ਐ ਭਾਈ।"

"ਸਭ ਵਧੀਆ ਜੀ।"

"ਹੋਰ ਸੁਣਾ ਕਿਵੇਂ ਆਉਂਨੈ ਹੋਏ ਬੰਤ ਸੂ ਦੇ ਅੱਜ।"

"ਮੈਂ ਸੋਚਿਆ ਸਾਬ ਕਿਤਾਬ ਕਰ ਆਈਏ"। ਬੰਤ ਸੂ ਨੇ ਸੱਜੇ ਪੈਰ ਦੀ ਜੁੱਤੀ ਚੋਂ ਆਪਣਾ ਪੈਰ ਕੱਢ ਕੇ ਧਰਤੀ ਤੇ ਖੁਰਕਦਿਆਂ ਆਖਿਆ।

"ਸਾਬ ਕਿਤਾਬ ਤਾਂ ਬੰਤ ਸਿਆ ਤੇਰਾ ਸਿੱਧਾ ਈ ਭਾਈ। ਐਤਕੀਂ ਤੇਰਾ ਚਾਲੀ ਕੁ ਹਜ਼ਾਰ ਵੱਧ ਮੇਰੇ ਵੱਲ"। ਕਸਤੂਰੀ ਵੱਲ ਨੇ ਬਹੀ ਨੂੰ ਸਾਹਮਣੇ ਪਏ ਮੇਜ਼ ਤੇ ਰੱਖਦਿਆਂ ਕਿਹਾ।

"ਪਰ ਸੇਠਾ ਸਾਨੂੰ ਤਾਂ ਇਸ ਵਾਰ ਲੱਖ ਕੁ ਰੁਪਈਆ ਚਾਹੀਦਾ।"

"ਐਨੇ ਪੈਸਿਆਂ ਦੀ ਕੀ ਲੋੜ ਪੈ ਗਈ ਬੰਤ ਸਿਆ। ਕਿਤੇ ਮੁੰਡਿਆਂ ਦਾ ਵਿਆਹ ਤਾਂ ਨੀਂ ਰੱਖ ਤਾ।" ਮੁਸਕੜੀਆਂ ਹੱਸਦਿਆਂ ਕਸਤੂਰੀ ਮੱਲ ਨੇ ਆਖਿਆ।

"ਛੋਟੇ ਮੁੰਡੇ ਨੂੰ ਬਾਹਰਲੇ ਮੁਲਕ ਭੇਜਣਾ। ਇੱਧਰ ਤਾਂ ਤੈਨੂੰ ਪਤਾ ਹੀ ਹੈ ਸੇਠਾ ਕੁੱਝ ਪੱਲੇ ਨੂੰ ਪੈਂਦਾ।ਵਾਹੀ 'ਚੋਂ ਵੀ ਹੁਣ ਕੁੱਝ ਨੀਂ ਬਚਦਾ।"

"ਐਨੇ ਪੈਸੇ ਤਾਂ ਮੁਸ਼ਕਲ ਆ ਬੰਤ ਸਿਆ। ਹੋਰਾਂ ਜ਼ਿਮੀਂਦਾਰਾਂ ਨੇ ਵੀ ਸਾਬ ਕਿਤਾਬ ਕਰਨ ਆਉਣਾ ਅਜੇ। ਪਾਜਾ ਛੀਕਾ ਵੱਧ ਲੈ ਕੇ ਜਾਣਾ ਉਹ ਬੇਸ਼ੱਕ ਲੈ ਜਾ, ਉਹ ਨੂੰ ਜੁਆਬ ਨੀਂ।"

"ਪਾਜੇ ਛੀਕੇ ਨਾਲ ਸਰਦਾ ਨੀਂ ਸੇਠਾ। ਕਿਵੇਂ ਮਰਜ਼ੀ ਹੱਲ ਕਰੋ। ਲੱਖ ਕੁ ਤਾਂ ਕਰ ਕੇ ਦਿਓ ਮੈਨੂੰ।"

"ਹਾਂ ਇੱਕ ਹੱਲ ਬੰਤ ਸਿਆ। ਮੇਰੇ ਪੈਲੀ ਗਹਿਣੇ ਲਿਖਾਉਣੀ ਪਊ ! ਫੇਰ ਭਾਵੇਂ ਹੋਰ ਵੀ ਵੱਧ ਲੈ ਜੀ।"

ਕਸਤੂਰੀ ਮੱਲ ਨੂੰ ਪਤਾ ਸੀ ਕਿ ਬੰਤ ਮਜਬੂਰੀ ਵੱਸ ਉਸ ਕੋਲ ਆਇਆ ਸੀ। ਕਸਤੂਰੀ ਨੇ ਪਹਿਲਾਂ ਵੀ ਕਈ ਜ਼ਿਮੀਂਦਾਰਾਂ ਦੀ ਜ਼ਮੀਨ ਇਸੇ ਤਰ੍ਹਾਂ ਆਪਣੇ ਕੋਲ ਗਹਿਣੇ ਰਖਵਾਈ ਸੀ। ਜਦੋਂ ਜ਼ਿਮੀਂਦਾਰਾਂ ਤੋਂ ਪੈਸੇ ਨਾ ਮੁੜੇ ਤਾਂ ਹੌਲੀ ਹੌਲੀ ਬਹਿ ਲੈ ਲਈ। ਏਸੇ ਝਾਕ ਵਿਚ ਹੀ ਉਸ ਨੂੰ ਬੰਤ ਸੂ ਨੂੰ ਜ਼ਮੀਨ ਗਹਿਣੇ ਕਰਨ ਲਈ ਆਖ ਰਿਹਾ ਸੀ।

"ਚੱਲ ਮੈਂ ਕੱਲ੍ਹ ਨੂੰ ਆਊਨੈ ਸੇਠਾ ! ਘਰ ਮਾੜੀ ਜੀ ਰਾਇ ਕਰ ਲਵਾਂ ਮੁੰਡਿਆਂ ਤੇ ਧੰਨ ਕੁਰ ਨਾਲ। ਚੰਗਾ ਸੇਠਾ ਰਾਮ ਰਾਮ।" ਕਹਿ ਕੇ ਬੰਤ ਸੂ ਵਾਪਸ ਘਰ ਨੂੰ ਆ ਗਿਆ।

ਘਰ ਆ ਕੇ ਸਾਰੀ ਗੱਲ ਧੰਨ ਕੁਰ ਤੇ ਮੁੰਡਿਆਂ ਨੂੰ ਦੱਸੀ। ਮੁੰਡੇ ਤੇ ਧੰਨ ਕੁਰ ਸਾਰੇ ਰਾਜ਼ੀ ਹੋ ਗਏ ਜ਼ਮੀਨ ਗਹਿਣੇ ਰੱਖਣ ਨੂੰ। ਅਗਲੇ ਦਿਨ ਬਰਨਾਲੇ ਕਚਹਿਰੀ ਵਿਚ ਬੰਤ ਸੂ ਨੇ ਕਸਤੂਰੀ ਮੱਲ ਨਾਲ ਦੋ ਸਾਲ ਦਾ ਕਰਾਰ ਕਰ ਕੇ ਜ਼ਮੀਨ ਗਹਿਣੇ ਲਿਖਾ ਦਿੱਤੀ। ਕਸਤੂਰੀ ਨੇ ਬਰਨਾਲੇ ਵਾਲੀ ਦੁਕਾਨ ਵਿਚ ਲਿਜਾ ਕੇ ਬੰਤ ਦੇ ਹੱਥ ਤੇ ਪੈਸੇ ਰੱਖ ਦਿੱਤੇ। ਆਥਣੇ ਰੋਟੀ ਟੁੱਕ ਖਾ ਕੇ ਸਾਰਾ ਟੱਬਰ ਪੈ ਗਿਆ। ਬੰਤ ਤੇ ਧੰਨ ਕੁਰ ਨੂੰ ਇੱਕ ਪਾਸੇ ਚੰਨਣ ਦੇ ਬਾਹਰਲੇ ਮੁਲਕ ਜਾਣ ਦੀ ਖ਼ੁਸ਼ੀ ਵੀ ਸੀ। ਪਰ ਅੰਦਰੋਂ ਅੰਦਰ ਜ਼ਮੀਨ ਗਹਿਣੇ



ਰੱਖਣ ਦਾ ਝੋਰਾ ਵੀ ਸੀ। ਬੰਤ ਸੂ ਮਨ ਹੀ ਮਨ ਸੋਚ ਰਿਹਾ ਸੀ ਕਿ ਜ਼ਮੀਨ ਛੁੱਟੂ ਪਤਾ ਨੀਂ ਨਾ। ਜਿਸ ਦਿਨ ਤੋਂ ਜ਼ਮੀਨ ਗਹਿਣੇ ਰੱਖੀ ਸੀ, ਉਸ ਦਿਨ ਬੰਤ ਨੂੰ ਚੰਗੀ ਤਰ੍ਹਾਂ ਨੀਂਦ ਨਹੀਂ ਆ ਰਹੀ ਸੀ। ਨੀਂਦ ਲੈਣ ਲਈ ਸ਼ਰਾਬ ਪੀਣ ਲੱਗ ਪਿਆ ਸੀ। ਇੱਕ ਦਿਨ ਜ਼ਿਆਦਾ ਪੀ ਗਿਆ। ਰਾਤ ਨੂੰ ਦਿਲ ਦਾ ਦੌਰਾ ਪੈ ਗਿਆ। ਤੜਕੇ ਜਦੋਂ ਚਾਹ ਬਣਾ ਕੇ ਧੰਨ ਕੁਰ ਨੇ ਬੰਤ ਦੀ ਬਾਂਹ ਹਲੂਣੀ ਤਾਂ ਉਸ ਦੀ ਦੇਹ ਆਕੜੀ ਪਈ ਸੀ। ਧੰਨ ਕੁਰ ਨੇ ਭੱਜ ਕੇ ਦੋਵੇਂ ਮੁੰਡਿਆਂ ਨੂੰ ਜਗਾਇਆ। ਮੁੰਡਿਆਂ ਨੇ ਦੇਖਿਆ ਤਾਂ ਬੰਤ ਸੂ ਮਰ ਚੁੱਕਾ ਸੀ। ਦਿਨ ਚੜ੍ਹੇ ਤੋਂ ਪਿੰਡੋਂ ਸਰੀਕੇ ਕਬੀਲੇ ਵਾਲੇ ਆ ਗਏ। ਸਕੀਰੀਆਂ ਵਿਚ ਸੁਨੇਹੇ ਲਾ ਦਿੱਤੇ। ਆਥਣੇ ਦਿਨ ਛਿਪਣ ਤੋਂ ਪਹਿਲਾਂ ਬੰਤ ਦਾ ਦਾਹ ਸਸਕਾਰ ਕਰ ਦਿੱਤਾ ਗਿਆ। ਪਿੰਡ ਵਾਲੇ ਸੱਥਾਂ ਵਿਚ ਗੱਲਾਂ ਕਰਦੇ ਕਿ ਜ਼ਮੀਨ ਗਹਿਣੇ ਦਾ ਝੋਰਾ ਕਰ ਗਿਆ। ਬੰਤ ਸੂ ਦੇ ਭੋਗ ਤੋਂ ਡੇਢ ਮਹੀਨੇ ਬਾਅਦ ਚੰਨਣ ਬਾਹਰਲੇ ਮੁਲਕ ਦੁਬਈ ਚਲਾ ਗਿਆ। ਕਈ ਦਿਨ ਉਹ ਆਪਣੇ ਆੜੀ ਗੇਜੇ ਕੋਲ ਰਿਹਾ। ਉਸ ਤੋਂ ਬਾਅਦ ਉਹ ਕਿਸੇ ਘਰ ਬਣਾਉਣ ਵਾਲੇ ਠੇਕੇਦਾਰ ਕੋਲ ਕੰਮ ਤੇ ਲੱਗ ਗਿਆ। ਚੰਗੇ ਪੈਸੇ ਬਣਨ ਲੱਗ ਗਏ। ਕੁੱਝ ਮਹੀਨਿਆਂ ਬਾਅਦ ਕੁੱਝ ਪੈਸੇ ਵੀ ਘਰ ਭੇਜੇ। ਚੰਨਣ ਹੁਣ ਉਧਰ ਨਸ਼ਾ ਕਰਨ ਲੱਗ ਪਿਆ ਸੀ। ਜਿੰਨਾ ਕੁ ਪੈਸੇ ਬਣਦੇ ਉਹ ਨਸ਼ਾ ਕਰ ਲੈਂਦਾ। ਠੇਕੇਦਾਰ ਨੇ ਉਸ ਨੂੰ ਕੰਮ ਤੋਂ ਕੱਢ ਦਿੱਤਾ। ਅਜੇ ਸਾਲ ਵੀ ਨੀਂ ਪੂਰਾ ਹੋਇਆ ਸੀ ਦੁਬਈ ਗਏ ਕਿ ਘਰ ਮੁੜ ਆਇਆ। ਪਿੰਡ ਆ ਕੇ ਦਾਰੂ ਤੇ ਲੱਗ ਗਿਆ। ਕੰਮ ਕੋਈ ਨਾ ਕਰਦਾ ਬੱਸ ਦਾਰੂ ਪੀ ਛੱਡਦਾ। ਦਾਰੂ ਦੇ ਲਾਲਚ ਵਿਚ ਆਂਢੀਆਂ ਗੁਆਂਢੀਆਂ ਨਾਲ ਕੰਮ ਕਰਾਉਂਦਾ ਰਹਿੰਦਾ। ਆਵਦੇ ਭਰਾ ਜੀਤੇ ਨਾਲ ਘਰ ਦੇ ਕੰਮ ਨੂੰ ਹੱਥ ਨਾ ਵਟਾਉਂਦਾ। ਇੱਕ ਦਿਨ ਆਥਣੇ ਜਿਹੇ ਕਸਤੂਰੀ ਮੱਲ ਬਿੱਕਰ ਨੰਬਰਦਾਰ ਨਾਲ ਬੰਤ ਸੂ ਦੇ ਘਰ ਧੰਨ ਕੁਰ ਕੋਲ ਆਇਆ ਤੇ ਬੋਲਿਆ

"ਲੈ ਧੰਨ ਕੁਰੇ ਭਾਈ...ਜੋ ਬੰਤ ਸੂ ਨੇ ਕਰਾਰ ਕੀਤਾ ਸੀ। ਉਹ ਦੀ ਮਿਆਦ ਆ ਗਈ। ਮੇਰੇ ਪੈਸਿਆਂ ਦਾ ਹੀਲਾ ਕਰੋ ਭਾਈ ਤੇ ਆਵਦੀ ਜ਼ਮੀਨ ਛਡਾ ਲਉ।"

"ਦੇਖ ਭਾਈ ਸੇਠਾ...ਬੰਤ ਸੂ ਤੋਂ ਬਾਅਦ ਤੈਨੂੰ ਪਤਾ ਹੀ ਐ ਘਰ ਦੇ ਹਲਾਤਾਂ ਦਾ। ਸਾਡੇ ਕੋਲ ਤਾਂ ਜ਼ਹਿਰ ਖਾਣ ਨੂੰ ਪੈਸਾ ਨੀਂ। ਇੱਕ ਛੋਟੇ ਮੁੰਡੇ ਦੀ ਨਸ਼ੇ ਦੀ ਲੱਤ ਨੇ ਘਰੋ ਕੱਢਣ ਵਾਲੇ ਕੀਤੇ ਪਏ। ਮੇਰੀ ਤਾਂ ਜਾਨ ਵਾਲੀ ਔਖੀ ਆ।"

"ਪਰ ਧੰਨ ਕੁਰੇ ਭਾਈ ਕਰਾਰ ਤਾਂ ਪੂਰਾ ਉੱਤਰਨਾ ਹੀ ਪੈਣਾ।" ਕਸਤੂਰੀ ਨਾਲ ਆਏ ਬਿੱਕਰ ਨੰਬਰਦਾਰ ਨੇ ਆਖਿਆ।

"ਉਹ ਤਾਂ ਠੀਕ ਆ ਨੰਬਰਦਾਰਾਂ...ਹੁਣ ਮੇਰੇ ਕੋਲ ਕੋਈ ਪਸ਼ੂ ਵੀ ਨੀਂ ਕਿ ਵੇਚ ਕੇ ਜ਼ਮੀਨ ਛੁਡਾ ਲਉ। ਜਿਹੜੇ ਚਾਰ ਪਸ਼ੂ ਸੀ ਉਹ ਵੇਚ ਕੇ ਆਹ ਛੋਟੇ ਮੁੰਡੇ ਨੂੰ ਟਿਕਟ ਦੇ ਪੈਸੇ ਭੇਜੇ ਸੀ"। ਧੰਨ ਕੁਰ ਨੇ ਉਦਾਸੀ ਭਰੇ ਬੋਲਾਂ ਨਾਲ ਕਿਹਾ।

"ਦੇਖ ਧੰਨ ਕੁਰੇ ਭਾਈ ਵਿਹਾਰ ਦੇ ਮਾਮਲੇ 'ਚ ਕਰੜਾ। ਜੇ ਜ਼ਮੀਨ ਨਹੀਂ ਛੁੱਟ ਦੀ ਤਾਂ ਮੈਨੂੰ ਬਹਿ ਕਰਦੋਂ। ਜਿਹੜੇ ਪੈਸੇ ਵਧਣਗੇ ਆਵਦੇ ਦੁੱਧ ਵਰਗੇ ਲਉ"।

ਕਿੰਨਾ ਚਿਰ ਕਸਤੂਰੀ ਤੇ ਬਿੱਕਰ ਧੰਨ ਕੁਰ ਨਾਲ ਲੈਣ ਦੇਣ ਨੂੰ ਲੈ ਕੇ ਗੱਲਾਂ ਕਰਦੇ ਰਹੇ। ਆਖ਼ਰ ਧੰਨ ਕੁਰ ਨੇ ਜ਼ਮੀਨ ਬਹਿ ਕਰਨ ਬਾਰੇ ਹਾਂ ਕਰ ਦਿੱਤੀ ਤੇ ਸੋਮਵਾਰ ਨੂੰ ਕਚਹਿਰੀ 'ਚ ਲਿਖ ਲਿਖਾ ਕਰਨ ਦਾ ਦਿਨ ਬੰਨ੍ਹ ਲਿਆ। ਸੋਮਵਾਰ ਨੂੰ ਜ਼ਮੀਨ ਬਹਿ ਕਰ ਕੇ ਧੰਨ ਕੁਰ ਨੇ ਬਾਕੀ ਪੈਸੇ ਕਸਤੂਰੀ ਤੋਂ ਲੈ ਲਏ। ਜਿਸ ਦਿਨ ਜ਼ਮੀਨ ਬਹਿ ਕੀਤੀ ਸੀ ਉਸੇ ਦਿਨ ਆਥਣੇ ਧੰਨ ਕੁਰ ਦਾ ਵੱਡਾ ਮੁੰਡਾ ਜੀਤਾ ਬਿੱਕਰ ਨੰਬਰਦਾਰ ਦੇ ਟਰੈਕਟਰ ਥੱਲੇ ਆ ਗਿਆ। ਟਰੈਕਟਰ ਥੱਲਿਉ ਕੱਢ ਕੇ ਬਰਨਾਲੇ ਹਸਪਤਾਲ ਲੈ ਗਏ। ਜਿੱਥੇ ਡਾਕਟਰਾਂ ਨੇ ਮ੍ਰਿਤਕ ਕਹਿ ਕੇ ਮੋੜ ਦਿੱਤਾ। ਜੀਤੇ ਦੀ ਦੇਹ ਨੂੰ ਘਰ ਮੋੜ ਲਿਆਂਦਾ। ਅਗਲੇ ਦਿਨ ਦੁਪਹਿਰ ਅਗਵਾੜ

ਦੇ ਸਿਵਿਆਂ ਵਿਚ ਦਾਹ ਸਸਕਾਰ ਕਰ ਦਿੱਤਾ। ਪੁੱਤ ਦੀ ਲੋਥ ਮੱਚਦੀ ਦੇਖ ਸਿਵਿਆਂ ਤੋਂ ਬਾਹਰ ਖੜੀ ਧੰਨ ਕੁਰ ਨੂੰ ਬੰਤ ਸੁ ਯਾਦ ਆ ਗਿਆ ਕਿ ਪਿਉ ਪੁੱਤ ਅੱਗੇ ਪਿੱਛੇ ਹੀ ਤੁਰ ਗਏ। ਸਿਵੇ ਵਿਚ ਲਟ ਲਟ ਮੱਚਦੀ ਅੱਗ ਨੂੰ ਦੇਖ ਕੇ ਉਹ ਨੇ ਉੱਚੀ ਉੱਚੀ ਧਾਹਾਂ ਮਾਰੀਆਂ। ਧਾਹਾਂ ਮਾਰਦੀ ਮਾਰਦੀ ਦੇ ਦੰਦਲ ਪੈ ਗਈ। ਧੰਨ ਕੁਰ ਨੂੰ ਬਾਂਹਾਂ ਤੋਂ ਫੜ੍ਹੀ ਬੈਠੀਆਂ ਜ਼ਨਾਨੀਆਂ ਨੇ ਉਸ ਦੀ ਦੰਦਲ ਖੋਲ੍ਹੀ। ਤੀਜੇ ਦਿਨ ਫੁੱਲ ਚੁਗੇ ਗਏ। ਜੀਤੇ ਦੇ ਭੋਗ ਤੋਂ ਬਾਅਦ ਘਰ ਵਿਚ ਚੰਨਣ ਤੇ ਧੰਨ ਕੁਰ ਦੋ ਜੀਅ ਹੀ ਰਹਿ ਗਏ ਸਨ। ਜੀਤੇ ਦੀ ਮੌਤ ਤੋਂ ਬਾਅਦ ਵੀ ਚੰਨਣ ਨੇ ਦਾਰੂ ਨਾ ਛੱਡੀ। ਧੰਨ ਕੁਰ ਉਸ ਨੂੰ ਬਹੁਤ ਟੋਕਦੀ। ਉਸ ਨਾਲ ਲੜਦੀ। ਪਰ ਉਸ ਦੇ ਕੰਨ ਤੇ ਜੂੰ ਨਾ ਸਰਕਦੀ। ਥੋੜੇ ਸਮੇਂ ਵਿਚ ਹੀ ਧੰਨ ਕੁਰ ਸਿਰ ਦਾ ਸਾਈ ਤੇ ਗੱਭਰੂ ਮੁੰਡਾ ਖੋ ਚੁੱਕੀ ਸੀ। ਬੱਸ ਚੰਨਣ ਹੀ ਉਸ ਦੇ ਬੁਢਾਪੇ ਦਾ ਸਹਾਰ ਸੀ। ਪਰ ਇਸ ਗੱਲ ਦਾ ਚੰਨਣ ਨੂੰ ਕੋਈ ਮਤਲਬ ਨੀਂ ਸੀ। ਉਸ ਨੂੰ ਤਾਂ ਸਿਰਫ਼ ਦਾਰੂ ਤੱਕ ਮਤਲਬ ਸੀ। ਜਿਹੜਾ ਅਗਵਾੜ ਦਾਰੂ ਪਿਆ ਦਿੰਦਾ। ਉਸ ਨਾਲ ਅਗਲੇ ਦਿਨ ਖੇਤ ਕੰਮ ਕਰਾਉਣ ਜਾਂਦਾ। ਧੰਨ ਕੁਰ ਸਾਰਾ ਦਿਨ ਅੰਦਰੋਂ ਅੰਦਰੀਂ ਦੁਖੀ ਸੀ। ਘਰ ਵਿਚ ਕਮਾਊ ਕੋਈ ਨਹੀਂ ਰਿਹਾ ਸੀ। ਉਸ ਚੰਦਰੇ ਵੇਲੇ ਨੂੰ ਕੋਸ ਰਹੀ ਸੀ ਜਦੋਂ ਚੰਨਣ ਨੂੰ ਬਾਹਰ ਭੇਜਣ ਵਾਲੇ ਫ਼ੈਸਲੇ ਵਿਚ ਉਸ ਨੇ ਬੰਤ ਸੁ ਹਾਮੀ ਭਰੀ ਸੀ। ਸੋਚਦੀ ਜੇ ਹਾਮੀ ਨਾ ਭਰਦੀ ਤਾਂ ਨਾ ਹੀ ਜ਼ਮੀਨ ਗਹਿਣੇ ਹੁੰਦੀ ਤੇ ਨਾ ਹੀ ਬੰਤ ਸੁ ਮਰਦਾ। ਸੋਚ ਸੋਚ ਅੱਖਾਂ ਭਰ ਲੈਂਦੀ ਤੇ ਆਪ ਹੀ ਅੱਥਰੂ ਪੂੰਝ ਲੈਂਦੀ। ਹੁਣ ਤਾਂ ਸਿਰਫ਼ ਉਸ ਨੂੰ ਚੰਨਣ ਦਾ ਡਰ ਸਤਾਉਂਦਾ ਸੀ। ਉਹ ਦੀ ਚੰਦਰੀ ਸ਼ਰਾਬ ਕਿਤੇ ਉਹ ਨੂੰ ਵੀ ਨਾ ਸਿਵਿਆਂ ਦੀ ਅੱਗ ਵੱਲ ਧੱਕ ਦੇਵੇ। ਮੱਸਿਆ ਤੋਂ ਇੱਕ ਦਿਨ ਪਹਿਲਾਂ ਚੰਨਣ ਦਾਰੂ ਨਾਲ ਰੱਜਿਆ ਘਰ ਵੜਿਆ। ਉਸ ਨੂੰ ਕੋਈ ਹੋਸ਼ ਨਹੀਂ ਸੀ। ਡਿਗਦਾ ਢਹਿੰਦਾ ਸਬਾਤ ਵਿਚ ਜਾ ਪਿਆ। ਉਸ ਦਿਨ ਧੰਨ ਕੁਰ ਵੀ ਆਪੇ ਤੋਂ ਬਾਹਰ ਹੋ ਗਈ। ਸਬਾਤ ਵਿਚ ਉਸ ਦੇ ਮੰਜੇ ਦੇ ਸਿਰਾਣੇ ਵਾਲੇ ਪਾਸੇ ਖੜ ਕੇ ਗਾਲ੍ਹਾਂ ਦੇਣ ਲੱਗ ਪਈ।

"ਮੈਂ ਕਿਉਂ ਮਰਦਾ ਕੰਜਰਾਂ ਤੇ ਨਾਲੇ ਮੈਨੂੰ ਮਾਰਦਾ! ਮੈਂ ਤਾਂ ਪਹਿਲਾਂ ਮਰੀ ਪਈ ਆ। ਤੇਰੇ ਬਿਨਾਂ ਕੌਣ ਆ ਮੇਰਾ। ਰੱਬਾ ਕਦੋਂ ਅਕਲ ਆਊਗੀ ਇਹ ਨੂੰ। ਵੇ ਸੰਭਲ ਜਾ ਕੰਜਰਾ। ਦੋ ਮਰਗੇ ਪਹਿਲਾਂ। ਕੀ ਖੱਟਿਆ ਦਾਰੂ ਚੋਂ ਕਿਸੇ ਨੇ। ਮੇਰੀ ਕਿਸਮਤ ਹੀ ਮਾੜੀ ਆ...ਜਿਹੜਾ ਜ਼ਿੰਦਗੀ 'ਚ ਸੁੱਖ ਨੀਂ ਮੇਰੇ। ਤੜਕੇ ਚੱਲੀਂ ਮੇਰੇ ਨਾਲ ਗੁਰਦੁਆਰੇ ਮੱਸਿਆ ਤੇ। ਤੇਰਾ ਨੇਮ ਪਵਾਊਗੀ। ਫੇਰ ਛੱਡੇ ਗਾ ਤੂੰ...ਊਂ ਨੀਂ ਛੱਡ ਦਾ"। ਕਲਪਦੀ ਹੋਈ ਧੰਨ ਕੁਰ ਬਾਹਰ ਵਿਹੜੇ ਵਿਚ ਆ ਗਈ।

ਤੜਕੇ ਅੰਮ੍ਰਿਤ ਵੇਲੇ ਉੱਠ ਕੇ ਧੰਨ ਕੁਰ ਨੇ ਨਹਾ ਧੋ ਕੇ ਚਾਹ ਕਰ ਲਈ। ਆਪ ਪੀ ਕੇ ਬਾਟੀ ਭਰ ਕੇ ਸਬਾਤ ਵਿਚ ਚੰਨਣ ਨੂੰ ਚਾਹ ਦੇਣ ਗਈ। ਮੋਢੇ ਤੋਂ ਫੜ ਕੇ ਹਲੂਣਿਆ ਤਾਂ ਚੰਨਣ ਦੀ ਦੇਹ ਨੀਲੀ ਹੋਈ ਪਈ ਸੀ। ਧੰਨ ਕੁਰ ਦੇ ਹੱਥੋਂ ਥੈ ਤੇ ਹੀ ਚਾਹ ਵਾਲੀ ਬਾਟੀ ਡਿੱਗ ਪਈ ਤੇ ਉੱਚੀ ਦੇਣੇ ਚੀਕ ਮਾਰੀ। ਧੰਨ ਕੁਰ ਦਾ ਆਖ਼ਰੀ ਆਸਰਾ ਵੀ ਦੁਨੀਆਂ ਛੱਡ ਗਿਆ ਸੀ। ਜੰਗਲ ਪਾਣੀ ਆਏ ਬਿੱਕਰ ਨੰਬਰਦਾਰ ਨੂੰ ਧੰਨ ਕੁਰ ਦੀਆਂ ਚੀਕਾਂ ਸੁਣੀਆਂ ਤਾਂ ਭੱਜ ਕੇ ਗਿਆ। ਅੱਗੇ ਜਾ ਕੇ ਦੇਖਿਆ ਤਾਂ ਚੰਨਣ ਦੀ ਮੌਤ ਹੋ ਗਈ ਸੀ। ਬਿੱਕਰ ਭੱਜ ਕੇ ਪਿੰਡ ਗਿਆ ਤੇ ਬੰਦਿਆਂ ਨੂੰ ਸੱਦ ਲਿਆ। ਸਾਰਾ ਅਗਵਾੜ ਸੋਗ ਵਿਚ ਡੁੱਬ ਗਿਆ ਵੀ ਇੱਕੋ ਘਰ ਦੇ ਤਿੰਨ ਜੀਅ ਤੁਰ ਗਏ। ਧੰਨ ਕੁਰ ਇਕੱਲੀ ਰਹਿ ਗਈ ਸੀ। ਦਾਹ ਸਸਕਾਰ ਕਰ ਕੇ ਪਿੰਡ ਵਾਲਿਆਂ ਨੇ ਗੁਰੂ ਘਰ ਵਿਚ ਭੋਗ ਪਾਇਆ। ਧੰਨ ਕੁਰ ਸਭ ਕੁੱਝ ਗੁਆ ਚੁੱਕੀ ਸੀ। ਹੁਣ ਤਾਂ ਸਿਰਫ਼ ਰਾਤਾਂ ਨੂੰ ਉਸ ਨੂੰ ਸਿਵਿਆਂ ਵਿਚ ਮੱਚਦੀ ਅੱਗ ਦਿਖਾਈ ਦਿੰਦੀ। ਜਦੋਂ ਕਿਤੇ ਧੰਨ ਕੁਰ ਖੂੰਡੀ ਦੇ ਸਹਾਰੇ ਤੁਰੀ ਜਾਂਦੀ ਸਿਵਿਆਂ ਕੋਲੋਂ ਲੰਘ ਦੀ ਤਾਂ ਉਸ ਨੂੰ ਇੰਜ ਲੱਗ ਦਾ ਜਿਵੇਂ ਉਸ ਦੇ ਕਿਸੇ ਆਪਣੇ ਦੀ ਲੋਥ ਅੱਗ ਵਿਚ ਮੱਚਦੀ ਹੋਵੇ। ਅਗਵਾੜ ਦੇ ਲੋਕ ਹਾੜੀ ਵੇਲੇ ਉਸ ਨੂੰ ਖਾਣ ਜੋਗੇ ਦਾਣੇ ਦੇ ਜਾਂਦੇ।

(**ਸੰਪਰਕ**-70878-00168)



## ਬਚਿੰਤ ਕੌਰ, ਸੁਰਿੰਦਰ ਨੀਰ ਅਤੇ ਵਿਸ਼ਵ ਜਯੋਤੀ ਧੀਰ ਦੀਆਂ ਕਹਾਣੀਆਂ ਦਾ ਵਿਹਾਰਿਕ ਅਧਿਐਨ (ਔਰਤ ਪਾਤਰਾਂ ਦੇ ਸੰਦਰਭ ਵਿਚ)

**- ਨਵਜੋਤ ਕੌਰ**

ਮਨੁੱਖੀ ਜੀਵਨ ਦੇ ਹਰੇਕ ਭਾਗ ਵਿਚ ਕਿਸੇ ਨਾ ਕਿਸੇ ਪ੍ਰਕਾਰ ਦਾ ਚਰਿਤਕ ਸੌਂਦਰਯ ਹੋਣ ਕਾਰਨ, ਸਾਹਿਤ ਵਿਚ ਮਨੁੱਖੀ ਜੀਵਨ ਨੂੰ ਤਵਜੋਂ ਦੇਣ ਦਾ ਹੀਲਾ, ਸਾਹਿਤ ਵਿਚ ਪਾਤਰ ਤੱਤ ਦੀ ਪ੍ਰਧਾਨਤਾ ਦਾ ਕਾਰਕ ਬਣਿਆ। ਇਹੀ ਬਿਰਤੀ ਕਹਾਣੀ ਵਿਚ ਵਿਦਮਾਨ ਹੋਣ ਕਾਰਨ ਪਾਤਰ-ਪ੍ਰਧਾਨ ਕਹਾਣੀ ਨੂੰ ਮਹੱਤਤਾ ਦਿੱਤੀ ਜਾਣ ਲੱਗੀ। ਪਾਤਰ ਕਿਉਂਕਿ ਆਮ ਮਨੁੱਖਾਂ ਵਾਂਗ ਭਾਸਦੇ ਹਨ ਪਰ ਹੁੰਦੇ ਨਹੀਂ, ਇਸ ਲਈ ਇਹਨਾਂ ਨੂੰ ਰੱਬ ਵਾਂਗ ਸਿਰਜਕ ਦਾ ਦਰਜਾ ਰੱਖਣ ਵਾਲੇ ਸਾਹਿਤਕਾਰ ਦੀ ਮਰਜ਼ੀ ਅਨੁਸਾਰ ਢਾਲਿਆ ਜਾ ਸਕਦਾ ਹੈ। ਭਾਵੇਂ ਕਿ ਸਾਹਿਤਕਾਰ/ਕਹਾਣੀਕਾਰ ਪਾਤਰਾਂ ਨੂੰ ਰਚਨਾ/ਕਹਾਣੀ ਦੀ ਲੋੜ ਅਨੁਸਾਰ ਹੀ ਵਿਉਂਤਦਾ ਹੈ ਪਰ ਇਸ ਵਿਚ ਉਸਦਾ ਨਿੱਜਤਵ ਵੀ ਸ਼ਾਮਿਲ ਹੁੰਦਾ ਹੈ ਅਤੇ ਇਹੀ ਨਿੱਜਤਵ ਉਸਦੇ ਪਾਤਰਾਂ ਨੂੰ ਵਿਲੱਖਣ ਹੋਂਦ ਬਖ਼ਸ਼ਦਾ ਹੈ।




ਇਸ ਲੇਖ ਦਾ ਵਿਸ਼ਾ ਬਚਿੰਤ ਕੌਰ, ਸੁਰਿੰਦਰ ਨੀਰ ਅਤੇ ਵਿਸ਼ਵ ਜਯੋਤੀ ਧੀਰ ਦੀਆਂ ਕਹਾਣੀਆਂ ਵਿਚਲੀਆਂ ਔਰਤ ਪਾਤਰਾਂ ਨੂੰ, ਉਹਨਾਂ ਦੇ ਵੱਖ-ਵੱਖ ਰੂਪਾਂ ਵਿਚ ਵਿਚਾਰਦਿਆਂ ਦਰਪੇਸ਼ ਆਉਂਦੀਆਂ ਸਮੱਸਿਆਵਾਂ ਅਤੇ ਇਹਨਾਂ ਸਮੱਸਿਆਵਾਂ ਵਿਚੋਂ ਬਾਹਰ ਨਿਕਲਣ ਦੀਆਂ ਉਹਨਾਂ ਦੁਆਰਾ ਵਰਤੀਆਂ ਗਈਆਂ ਸਮਝਾਂ ਨੂੰ ਬਿਆਨ ਕਰਨਾ ਰਿਹਾ ਹੈ। ਇਹਨਾਂ ਕਹਾਣੀਕਾਰਾਂ ਦੀ ਰਚਨਾ ਦੀ ਥੀਮਕ ਸਾਂਝ ਇਹ ਹੈ ਕਿ ਭਾਰਤੀ ਸਮਾਜ ਵਿਚ ਔਰਤ ਸੁਖੀ ਅਤੇ ਸੁਰੱਖਿਅਤ ਨਹੀਂ ਹੈ। ਕਿਉਂ ਨਹੀਂ ਹੈ? ਇਸ ਪ੍ਰਸ਼ਨ ਨੂੰ ਉੱਤਰਿਤ ਕਰਨ ਦੇ ਸਭ ਦੇ ਆਪੋ ਆਪਣੇ ਨੁਕਤਾ-ਨਿਗਾਹ ਹਨ। ਤਿੰਨਾਂ ਕਹਾਣੀਕਾਰਾਂ ਦਾ ਕੇਂਦਰੀ ਸੁਪਨਾ 'ਇਸਤਰੀ ਘਰ' ਨੂੰ ਤਲਾਸ਼ਣਾ ਹੈ। ਵਰਤਮਾਨ, ਭੂਤ ਅਤੇ ਭਵਿੱਖ ਦੀ ਕਨਸੋਅ ਦਿੰਦੀਆਂ, ਇਹਨਾਂ ਦੀਆਂ ਕਹਾਣੀਆਂ, ਔਰਤ ਪਾਤਰਾਂ ਦੇ ਅੰਦਰੂਨੀ-ਬਹਿਰੂਨੀ ਚਰਿੱਤਰ ਨੂੰ ਬਾਰੀਕੀ ਨਾਲ ਚਿਤਰਦੀਆਂ ਹੋਈਆਂ, ਪਾਤਰਾਂ ਦੇ ਉਹਨਾਂ ਦੀਆਂ ਵਿਫ਼ਲਤਾਵਾਂ ਨਾਲ ਹੋਏ ਟਕਰਾਓ ਨੂੰ ਗਹਿਨਤਾ ਨਾਲ ਪ੍ਰਸਤੁਤ ਕਰਦੀਆਂ ਹਨ।

ਕਾਲਪਨਿਕ ਪਾਤਰਾਂ ਦੀ ਥਾਂ ਜੀਵਨ ਸੰਘਰਸ਼ ਵਿਚੋਂ ਮਿਲੇ ਮਨੁੱਖ, ਬਚਿੰਤ ਕੌਰ ਦੀ ਕਲਮ ਰਾਹੀਂ ਪਾਤਰ ਬਣ ਕੇ ਆਪਣੇ ਆਪ ਨੂੰ ਨਵੇਂ ਰੂਪ ਵਿਚ ਘੜਵਾ ਲੈਂਦੇ ਹਨ ਕਿਉਂਕਿ ਲੇਖਕਾ ਮੰਨਦੀ ਹੈ ਕਿ ਉਸਨੇ ਪਹਿਲਾਂ-ਪਹਿਲ ਆਪਣੀ ਜ਼ਿੰਦਗੀ ਦੇ ਵਾਕਿਆਤਾਂ ਨੂੰ ਲੈ ਕੇ ਹੀ, ਔਰਤ ਦੁੱਖ-ਦਰਦ ਨੂੰ ਬਿਆਨ ਕੀਤਾ ਸੀ। ਸੰਸਕਾਰਾਂ ਵਿਚ ਗ੍ਰੱਸੇ ਅਵਚੇਤਨ ਵਾਲੇ ਪਾਤਰਾਂ ਦੀ ਮਾਨਸਿਕਤਾ ਨੂੰ ਸਮਾਜਿਕ, ਰਾਜਨੀਤਿਕ, ਸੰਦਰਭ ਵਿਚ ਰੱਖ ਕੇ ਸੰਰਚਨਾ ਕਰਦੀ ਬਚਿੰਤ ਕੌਰ, ਆਪਣੀਆਂ ਰਚਨਾਵਾਂ ਵਿਚ (ਵਰਜਣਾ) ਕਾਮ-ਵਾਸ਼ਨਾ ਬਾਰੇ ਲਿਖਦਿਆਂ ਵੀ ਅਸ਼ਲੀਲਤਾ ਨਹੀਂ ਆਉਣ ਦਿੰਦੀ। ਇਡ ਦੇ ਪ੍ਰਭਾਵ ਤੋਂ ਮੁਕਤ ਉਸ ਦੀਆਂ ਪ੍ਰੇਮਿਕਾ ਪਾਤਰਾਂ, ਪ੍ਰੇਮੀ ਨਾਲ ਵਿਚਰਦੀਆਂ ਹੋਈਆਂ ਵੀ ਜਿਸਮਾਨੀ ਸੰਬੰਧਾਂ ਤੋਂ ਵਾਂਝੇ (ਰਖੇਲ ਵੀ ਨਹੀਂ) ਰਹਿੰਦੀਆਂ ਹਨ ਅਤੇ ਧੋਖਾ ਖਾ ਕੇ ਵੀ ਆਪਣੇ ਸਾਬਕਾ ਪ੍ਰੇਮੀ ਨਾਲ ਨਿਰੋਲ ਪ੍ਰੇਮਿਕਾ ਹੋ ਕੇ ਹੀ (ਜਿਉਂਦੇ ਪਲ ਮੋਏ ਪਲ) ਵਿਚਰਦੀਆਂ ਹਨ "ਇਹਨਾਂ ਵਿਚੋਂ ਕਈਆਂ ਦੀ ਮੁਹੱਬਤ ਬੜੀ ਸੱਚੀ-ਸੁੱਚੀ

ਅਤੇ ਪਾਕਿ ਵੀ ਹੈ ਤੇ ਉਹ ਇਕ ਦੂਜੇ ਲਈ ਮਰ ਮਿਟ ਵੀ ਸਕਦੇ ਹਨ ਪਰ ਹਾਲਾਤ ਦੇ ਹੱਥੋਂ ਮਜ਼ਬੂਰ ਵਿਆਹ ਵਰਗੇ ਬੰਧਨ ਵਿਚ ਬੱਝਣ ਤੋਂ ਅਸਮੱਰਥ ਹਨ ਕਿਉਂਕਿ ਇਹ ਕੁੜੀਆਂ ਆਰਥਿਕ ਤੌਰ 'ਤੇ ਕਿਸੇ ਦੂਜੇ ਉੱਤੇ ਨਿਰਭਰ ਨਹੀਂ ਕਰਦੀਆਂ। ਏਸ ਕਰਕੇ ਐਸਾ ਕੋਈ ਰਾਹ ਅਖ਼ਤਿਆਰ ਕਰਨਾ ਠੀਕ ਨਹੀਂ ਸਮਝਦੀਆਂ ਜਿਸ ਰਾਹ ਉੱਤੇ ਚਲ ਕੇ ਉਹ ਸਮਾਜ ਦੀ ਮੁਖਧਾਰਾ ਨਾਲੋਂ ਅੱਡ ਹੋ ਜਾਣ ਤੇ ਸਮਾਜਿਕ ਨਫ਼ਰਤ ਦੇ ਲੀੜੇ ਨੂੰ ਮੁਹੱਬਤ ਦੇ ਜਾਮੇ ਦੇ ਨਾਲ-ਨਾਲ ਹੰਢਾਉਣ।"[1]




ਵੱਖਰਤਾ ਪੱਖੋਂ ਬਚਿੰਤ ਕੌਰ ਨੇ ਸਰੀਰਕ ਤ੍ਰਿਪਤੀ ਦੀ ਥਾਂ ਔਲਾਦ ਪ੍ਰਾਪਤੀ ਲਈ ਬਾਹਰੀ ਮਰਦ ਕੋਲ ਗਈ ਔਰਤ (ਦੁੱਖ ਸਰੀਰੋ ਪਾਰ ਦੇ) ਅਤੇ ਬਾਹਰੀ ਔਰਤ ਨਾਲ ਪਤੀ ਸੰਬੰਧ ਨੂੰ ਸਬਰ ਨਾਲ ਕਬੂਲ ਕਰਦੀ (ਮਾਲਣ ਦੀ ਝੁੱਗੀ) ਪਾਤਰ ਵੀ ਪੇਸ਼ ਕੀਤੀ ਹੈ ।ਨੌਕਰੀ ਪੇਸ਼ਾ ਔਰਤ ਨੂੰ ਵੀ ਪਤੀ ਮੁਹਰੇ ਬਲਹੀਣ ਦਰਸਾਉਣ ਦਾ ਕਾਰਨ (ਸੌਰੀ ਰੌਂਗ ਨੰਬਰ) ਬਚਿੰਤ ਕੋਲ ਪੰਜਾਬੀ ਸਭਿਆਚਾਰ ਚੌਖਟੇ ਦੀ ਉਹ ਤੀਖਣ ਸਮਝ ਹੈ ਜਿਹੜੀ ਉਸ ਦੇ ਪਾਤਰਾਂ ਨੂੰ ਸੁਪਨ ਸੰਸਾਰ ਵਿਚ ਭੇਜਣ ਦੀ ਥਾਂ (ਵਰਤਮਾਨ) ਵਾਸਤਵਿਕਤਾ ਦੀ ਜ਼ਮੀਨ ਉੱਤੇ ਟਿਕਾਈ ਰੱਖਦੀ ਹੈ ।

ਪਾਤਰ ਸਥਿਤੀ ਵਿਚ ਬਦਲਾਓ ਲਿਆਉਣ ਲਈ (ਰਾਜਨੀਤੀ ਜ਼ਿੰਦਗੀ) ਬਚਿੰਤ ਕੌਰ ਆਧੁਨਿਕ ਚੇਤੰਨਤਾ ਨੂੰ ਇਕ ਰਚਨਾਤਮਕ ਸੰਦ ਵਾਂਗ ਵਰਤਦੀ ਹੈ। ਗਿਆਨ ਦੀ ਭੁੱਖ ਨੂੰ ਤਰਜੀਹ ਦਿੰਦੀ ਉਸ ਦੀ ਲੇਖਕਾ ਪਾਤਰ, ਘਰੇਲੂ ਕੰਮਾਂ ਅਤੇ ਪਤੀ ਦੇ ਅੜਬ ਸੁਭਾਅ ਦੇ ਬਾਵਜੂਦ ਲੇਖਣੀ ਦਾ ਚਾਅ ਪੂਰਾ ਕਰਨ ਵੱਲ ਤਤਪਰ ਰਹਿੰਦੀ ਹੋਈ (ਕਾਤਲ ਕੌਣ) ਉਸ ਦੇ ਆਪੇ ਦੀ ਹੀ ਲਖ਼ਾਇਕ ਹੋ ਨਿਬੜਦੀ ਹੈ ।ਅਤਿ ਪੀੜਾਦਾਇਕ ਜੀਵਨ ਗੁਜ਼ਾਰੀ ਦੇ ਬਾਵਜੂਦ ਬਚਿੰਤ ਦੀ ਆਸ਼ਾਵਾਦੀ ਰੁਚੀ (ਇਕ ਨਵਾਂ ਸਿਰਲੇਖ) ਉਸ ਦੀ ਪਾਤਰ ਨੂੰ ਜਿਊਂਣ ਦੇ ਆਹਰ ਲਗਾ, ਮੌਤ ਦੇ ਮੂੰਹ ਵਿਚ ਜਾਣ ਤੋਂ ਬਚਾ ਲੈਂਦੀ ਹੈ।

ਸਮੇਂ-ਸਥਾਨ ਦੀਆਂ ਸੀਮਾਵਾਂ ਦੇ ਆਰ-ਪਾਰ ਵਿਚਰਦਿਆਂ ਚੇਤਨ ਅਵਸਥਾ ਵਿਚ ਰਹਿੰਦੀਆਂ, ਬਚਿੰਤ ਦੀਆਂ ਪਾਤਰਾਂ ਕੋਈ ਵੀ ਕਾਰਜ ਅਚਾਨਕ ਨਹੀਂ ਕਰਦੀਆਂ (ਪੂਰਤੀ) ਅਤੇ ਚਲਾਕੀ ਕਰਨ (ਭੁਲੇਖਾ) ਤੇ ਚਲਾਕੀ ਨੂੰ ਮਾਤ ਪਾਉਣੀ ਵੀ (ਸਬਲਾ) ਜਾਣਦੀਆਂ ਹਨ। ਕਹਾਣੀਕਾਰਾ ਨੇ ਉੱਚ ਸ਼੍ਰੇਣੀ ਦੇ ਬਦਅਖ਼ਲਾਕੀ ਮਰਦਾਂ ਦੁਆਰਾ, ਨਿਮਨ ਸ਼੍ਰੇਣੀ ਦੀ ਔਰਤ ਨਾਲ ਉਮਰ ਦੇ ਹਰ ਪੜਾਅ ਉੱਤੇ ਹੁੰਦੇ ਸਰੀਰਕ ਹਨਨ (ਕਬਰਿਸਤਾਨ, ਮੁਕਲਾਵੇ ਵਾਲੀ ਰਾਤ, ਇਕ ਸੀ ਬਚਨੀ) ਤੋਂ ਇਲਾਵਾ ਵੀਰਾਗਣਾਂ ਅਤੇ ਕੁਰਬਾਨੀ ਦਾ ਮੁਜੱਸਮਾ ਪਾਤਰਾਂ ਵੀ (ਨਾਚਾਰ, ਕੁੱਕ-ਕੁੱਕ) ਪੇਸ਼ ਕੀਤੀਆਂ ਹਨ।

ਬਲਬੀਰ ਕੌਰ ਤਾਂ ਮੇਰੇ ਮੰਜੇ ਦੀਆਂ ਢਿੱਲੀਆਂ ਬਾਹੀਆਂ ਦੀ ਕਿੜ... ਕਿੜ...ਸੁਣ ਕੇ ਜਾਣੋਂ ਪਹਿਲਾਂ ਹੀ ਸਾਵਧਾਨ ਹੋਈ ਬੈਠੀ ਸੀ ਤੇ ਉਸ ਦੀ ਇਹ ਸ਼ੀਹਣੀ ਵਰਗੀ ਗਰਜ ਦੀ ਆਵਾਜ਼ ਸੁਣ ਮੈਂ ਤਾਂ ਥਾਉਂ ਦੀ ਥਾਉਂ ਮੁੜ ਆਪਣੇ ਮੰਜੇ ਉੱਤੇ ਦੂਹਰਾ ਜਿਹਾ ਹੋ ਕੇ ਡਿੱਗ ਪਿਆ। ਥੋੜ੍ਹੇ ਜਿਹੇ ਚਿਰ ਪਿੱਛੋਂ ਮੈਂ ਮੁੜ ਮਾੜਾ ਜਿਹਾ ਕੱਪੜਾ ਆਪਣੇ ਮੂੰਹ ਤੋਂ ਪਰ੍ਹਾਂ ਕਰਦਿਆਂ ਉਸਦੇ ਮੰਜੇ ਵੱਲ ਝਾਕਿਆ ਤਾਂ ਉਹ ਜਮ੍ਹਾਂ ਹੀ ਖ਼ੂਨਖਾਰ ਹੋਈ ਸ਼ੀਹਣੀ ਵਾਂਗ ਆਪਣੇ ਉਪਰ ਆਪ ਹੀ ਪਹਿਰਾ ਦੇ ਰਹੀ ਸੀ।[2]

ਲਗਾਤਾਰਤਾ ਤੋਂ ਵੱਖਰਤਾ ਪੈਦਾ ਕਰਦਿਆਂ ਮਰਦ ਵਿਰੋਧੀ ਪੈਂਤੜਾ ਅਖ਼ਤਿਆਰ ਕਰਨ ਦੀ ਥਾਂ ਔਰਤ ਵਿਰੋਧੀ ਸੱਚ ਨੂੰ ਉਘਾੜਨ ਦਾ ਸਫ਼ਲ ਯਤਨ ਕਰਦੀ (ਕੁਲੱਛਣੀ, ਖ਼ਾਲੀ ਬੋਤਲ) ਬਚਿੰਤ ਕੌਰ ਦੀ



ਵਿਲੱਖਣਤਾ ਦਾ ਆਧਾਰ ਸਿਰਫ਼ ਔਰਤ ਲਹਿਜ਼ਾ ਪੂਰਨ ਦੀ ਥਾਂ, ਆਪਣੇ ਲਾਭ ਹਿੱਤ ਔਰਤ ਨੂੰ ਵੀ ਜ਼ੁਲਮ ਕਰਦਿਆਂ ਦਿਖਾਉਣਾ ਹੈ ।ਉਸ ਦੀਆਂ ਕਹਾਣੀਆਂ ਵਿਚ (ਕਾਰਿਆਂ ਹੱਥੀਂ) ਦਰਦ ਭਰਪੂਰ ਵੇਦਨਾ ਵੀ ਹੈ ਅਤੇ ਇਕ ਉਚੇਚੇ ਪ੍ਰਕਾਰ ਦਾ ਰੋਸਾ ਵੀ। ਜੀਵਨ ਸੱਚ ਨੂੰ ਸਾਫ਼-ਸਾਫ਼ ਪੇਸ਼ ਕਰਨ ਵਿਚ, ਬਚਿੰਤ ਦੇ ਕਹਾਣੀ ਵਿਕਾਸ ਵਿਚ ਵਧੇਰੇ ਗੁੰਝਲਾਂ ਨਾ ਹੋਣ ਕਾਰਨ, ਰਚਨਾ ਵਿਚੋਂ ਸਹਿਜੇ ਹੀ ਵਿਚਰਿਆ ਜਾ ਸਕਦਾ ਹੈ। ਭਾਰਤੀ ਕਥਾ ਪਰੰਪਰਾ ਨਾਲ ਉਣੀਆਂ ਕਹਾਣੀਕਾਰਾ ਦੀਆਂ ਕਹਾਣੀਆਂ ਵਿਚੋਂ ਪੁਰਾਤਨ ਕਥਾ ਸਾਹਿਤ ਰੂੜ੍ਹੀਆਂ ਦੀ ਮਾਰਕਸੀ ਸੂਝ ਅਨੁਸਾਰ ਨਵੇਂ ਅਰਥਾਂ ਵਿਚ ਅਭਿਵਿਅਕਤੀ ਹੋਈ ਮਿਲਦੀ ਹੈ।

ਸੁਰਿੰਦਰ ਨੀਰ ਦਾ ਕਥਾ ਬਿਰਤਾਂਤ, ਪਰੰਪਰਕ ਕਥਾ ਬਿਰਤਾਂਤ ਨਾਲੋਂ ਵਿੱਥ ਥਾਪ ਕੇ ਔਰਤ ਗੌਰਵ, ਹੋਂਦ ਅਤੇ ਪਛਾਣ ਲਈ ਲੜੀ ਜਾ ਰਹੀ ਲੜਾਈ ਦੀਆਂ ਵਿਭਿੰਨ ਪਰਤਾਂ ਨੂੰ ਉਜਾਗਰ ਕਰਨ ਪ੍ਰਤੀ ਰੁਚਿਤ ਹੋ ਜਾਂਦਾ ਹੈ। "ਨੀਰ ਦੀਆਂ ਕਹਾਣੀਆਂ ਵਿਚ ਔਰਤ ਦਾ ਦੁੱਖ, ਦਰਦ, ਸੰਤਾਪ, ਵੇਦਨਾ ਅਤੇ ਦੁਖਾਂਤ ਵਧੇਰੇ ਰੂਪ ਵਿਚ ਉੱਭਰਦਾ ਹੈ। ਪਰੰਤੂ ਇਸ ਸਭ ਕੁਝ ਨੂੰ ਉਹ ਵਿਅਕਤੀਗਤ ਅਲਾਮਤ ਦੇ ਰੂਪ ਵਿਚ ਉਸਾਰਨ ਦੀ ਥਾਵੇਂ ਸਮਾਜੀ ਕਦਰ ਪ੍ਰਬੰਧ, ਸਭਿਆਚਾਰਕ ਅਵਚੇਤਨ ਦੇ ਰਸਤਿਓਂ ਉਸਾਰ ਕੇ ਔਰਤ ਦੇ ਅਸਤਿਤਵ ਦੀ ਤਲਾਸ਼ ਕਰਦੀ ਹੈ। ਇਉਂ ਕਰਦਿਆਂ ਸੁਰਿੰਦਰ ਨੀਰ ਦਾ ਕਥਾ ਬਿਰਤਾਂਤ ਭਾਵੁਕ ਅਤੇ ਵਿਰੋਧੀ ਉਚਾਰ ਨਹੀਂ ਬਣਦਾ ਸਗੋਂ ਤਰਕ ਸੰਗਤ ਅਤੇ ਸੰਵਾਦੀ ਪ੍ਰਵਚਨ ਬਣਦਾ ਹੈ।"[3]

ਪੜ੍ਹੀ-ਲਿਖੀ ਔਰਤ ਦੇ ਮੁੜ ਓਸੇ ਗੱਧੀ ਗੇੜ (ਰਾਮ ਸਨੇਹੀ) ਦਾ ਜ਼ਿਕਰ ਕਰਦਿਆਂ ਵੀ, ਨੀਰ ਸਮਾਜ ਵਿਚਲੇ ਇਸ ਯਥਾਰਥ ਨੂੰ ਤੱਜ ਨਹੀਂ ਸਕਦੀ ਕਿ ਵਿਆਹ ਹੀ ਪੂਰੇ ਜੀਵਨ ਦੀ ਸੁਰੱਖਿਆ ਹੈ (ਚੜ੍ਹੇ ਚੰਨ ਦੀ ਚਾਨਣੀ) ਫਿਰ ਭਾਵੇਂ ਔਰਤ ਨੂੰ ਹਰ ਪਲ ਹਾਦਸਿਆਂ ਦਾ ਹੀ ਡਰ ਕਿਉਂ ਨਾ ਸਤਾਵੇ ।ਦੂਜਾ ਕੋਣ ਇਹ ਹੈ ਕਿ ਸਮਾਜ ਦੀ ਪ੍ਰਵਾਹ ਕੀਤੇ ਬਗ਼ੈਰ (ਲਵਾਰਿਸ ਲਾਸ਼) ਸਭ ਕੁਝ ਵਾਰ ਦੇਣ ਤੋਂ ਬਾਅਦ ਵੀ ਉਹ ਪਤੀ ਲਈ ਵਸਤ ਹੀ ਬਣੀ ਰਹਿੰਦੀ ਹੈ ।ਸਮੇਂ ਬਦਲਾਵ ਦੇ ਬਾਵਜੂਦ ਸਮਾਜ ਦਾ ਉਸ ਪ੍ਰਤੀ ਆਪਣਾ ਦ੍ਰਿਸ਼ਟੀਕੋਣ ਨਾ ਬਦਲਣਾ (ਜਨਤ) ਔਰਤ ਜਜ਼ਬੇ ਦੇ ਹੁੰਮਸ (ਵੱਟਾ-ਸੱਟਾ) ਅਤੇ ਪੀੜਾ ਦਾ ਕਾਰਨ ਬਣੇ ਹਨ (ਲਾਚੀ) ਅਤੇ ਪੁਰਸ਼ ਦੇ ਬਰਾਬਰ ਕਮਾਉਂਦੀ ਹੋਣ 'ਤੇ ਵੀ (ਟੈਲੀਫ਼ੋਨ) ਉਸ ਨੂੰ ਲੇਖਾ ਦੇਣਾ ਪੈਂਦਾ ਹੈ ।ਮਰਦ ਆਪਣੀਆਂ ਪਸੰਦਾਂ ਹੀ ਔਰਤ ਉੱਪਰ ਨਹੀਂ ਠੋਸਦਾ ਸਗੋਂ ਉਹਨਾਂ ਪਸੰਦਾਂ ਨੂੰ ਆਪਣੇ ਅਨੁਸਾਰ ਢਾਲਣ ਦਾ ਯਤਨ ਵੀ ਕਰਦਾ ਹੈ। ਆਪਣੇ ਆਪ ਵਿਚ ਇਹ ਇਨਸਾਨੀ ਸੰਬੰਧਾਂ ਦੀ ਗੁੰਝਲਦਾਰ ਸਥਿਤੀ ਹੈ ਪਰੰਤੂ ਸਥਿਤੀ ਉਦੋਂ ਦੁਖਾਂਤਰ ਬਣ ਜਾਂਦੀ ਹੈ ਜਦੋਂ ਪਤੀ (ਕਸ਼ਕੌਲ) ਆਪਣੀ ਪਤਨੀ ਦੇ ਅਸਤਿਤਵ ਨੂੰ ਮਰਦਾਵੀਂ ਹਉਮੈਂ ਵਿਚ ਆਇਆ ਚਕਨਾ-ਚੂਰ ਕਰ ਦਿੰਦਾ ਹੈ ।ਨੀਰ ਮਰਦ ਮਨੋਬਚਨੀ ਰਾਹੀਂ (ਖੁੱਲ੍ਹ ਜਾ ਸਿਮ ਸਿਮ) ਮਰਦ ਜਾਤ ਵਲੋਂ ਹੀ ਮਰਦ ਜਾਤ ਉੱਤੇ, ਔਰਤ ਦੇ ਸੰਦਰਭ ਵਿਚ ਕਟਾਖ਼ਸ਼ ਕਰਦੀ ਹੈ ।

ਸੁਰਿੰਦਰ ਨੀਰ, ਪਾਤਰ ਦੀ ਜਟਿਲ ਮਨੋਸਥਿਤੀ ਦਾ (ਮੈਂ, ਪਾਪਾ ਤੇ ਉਹ) ਸਾਧਾਰਨ ਤਰੀਕੇ ਨਾਲ ਮਨੋਵਿਸ਼ਲੇਸ਼ਣ ਪੇਸ਼ ਕਰਦੀ ਹੈ। ਕਹਾਣੀਕਾਰਾ ਪਰਿਸਥਿਤੀਆਂ ਦੀਆਂ ਕਰੂਰਤਾ ਨੂੰ ਸਿਰਜਣਾ ਦਾ ਮਾਧਿਅਮ ਬਣਾਉਣ ਦੀ ਥਾਂ, ਪਰਿਸਥਿਤੀਆਂ ਦੀ ਕਰੂਰਤਾ ਦੇ ਪ੍ਰਭਾਵ ਨੂੰ ਚਿਤਰਦੀ ਹੈ। ਇਸ ਪ੍ਰਭਾਵ ਦਾ ਦੋਹਰਾ ਅਸਰ ਹੁੰਦਾ ਹੋਇਆ, ਪਰਿਸਥਿਤੀਆਂ ਦੀ ਕਰੂਰਤਾ ਦੇ ਨਾਲ-ਨਾਲ ਇਹਨਾਂ ਦੇ ਪ੍ਰਭਾਵ ਸਦਕਾ ਮਨੋਸੰਕਟਾਂ ਦੀ ਹਲਾਲ ਕੀਤੀ (ਸ਼ਰੀਫ ਆਦਮੀ) ਔਰਤ ਦਾ ਬਿੰਬ ਵੀ ਸਾਹਮਣੇ ਆ ਜਾਂਦਾ ਹੈ ।ਸਿੱਟੇ ਵਜੋਂ ਔਰਤ ਪ੍ਰਤੀ ਉਪਭਾਵੁਕ ਹਮਦਰਦੀ ਜਾਂ ਬਹਾਦਰੀ ਨੀਰ ਸਿਰਜਣਾ ਦਾ ਅੰਗ ਬਣਨ ਦੀ ਥਾਂ (ਲਵਾਸੇ) ਔਰਤ ਦਾ ਖਿੰਡਿਆ ਅਸਤਿਤਵ ਰੂਪਮਾਨ ਹੁੰਦਾ ਹੈ ।ਚੁੱਪ ਰਹਿ ਕੇ ਪਤੀ ਫ਼ਰੇਬ ਦਾ ਵਿਦਰੋਹ ਕਰਦੀਆਂ, ਉਸਦੀਆਂ ਪਾਤਰਾਂ ਸਥਿਤੀ ਤੋਂ ਪ੍ਰਭਾਵਿਤ ਹੁੰਦੀਆਂ ਹੋਈਆਂ, ਸਥਿਤੀ ਨੂੰ ਪ੍ਰਭਾਵਿਤ ਕਰਨ




ਦੀ ਸ਼ਮਤਾ ਵੀ ਰੱਖਦੀਆਂ ਹਨ।ਜ਼ੁਬਾਨ-ਦਰਾਜ਼ੀ ਕਰਨ ਦੀ ਥਾਂ ਸੰਵਾਦਹੀਣ ਵਾਤਾਵਰਨ ਸਿਰਜਦੀਆਂ ਨੀਰ ਦੀਆਂ ਪਾਤਰਾਂ (ਡਿਪਰੈਸ਼ਨ) ਪਤੀ ਬੇਵਫ਼ਾਈ ਨੂੰ ਅੰਦਰੂਨੀ ਨਾਬਰੀ ਤਹਿਤ ਮੌਨ ਧਾਰ ਕੇ ਮੂਰਛਿਤ ਕਰਦੀਆਂ ਹਨ ।

ਨੀਰ, ਔਰਤ ਦਾ ਪਤੀ ਜਾਂ ਬਾਹਰੀ ਮਰਦ ਤੋਂ ਹੋਣ ਵਾਲੇ ਮਾਨਸਿਕ-ਸਰੀਰਕ ਸ਼ੋਸ਼ਣ ਦਾ ਹੀ ਨਹੀਂ, ਘਰ ਵਿਚ ਹੁੰਦੇ ਅਜਿਹੇ ਸ਼ੋਸ਼ਣ ਦਾ ਵਿਵਰਣ ਵੀ ਕਰਦੀ ਹੈ (ਮਾਰੂਥਲ ਦੇ ਰਾਹੀ) ਜਿਹੜਾ ਕਿਸੇ ਔਰਤ ਨੂੰ ਮਰਦ ਦੇ ਕਿਸੇ ਵੀ ਸਮਾਜਿਕ, ਪਰਿਵਾਰਿਕ ਰਿਸ਼ਤੇ ਤੋਂ ਵਿਸ਼ਵਾਸ ਹੀਣ ਕਰ ਦਿੰਦਾ ਹੈ ।ਕਾਮ ਪ੍ਰਦਰਸ਼ਨੀ ਤੋਂ ਨਿਰਲੇਪ ਲੇਖਕਾ, ਨੈਤਿਕਤਾ ਦੇ ਨਵੇਂ ਪ੍ਰਤਿਮਾਨਾਂ ਨੂੰ ਦੇਖਦਿਆਂ ਔਰਤ-ਮਰਦ ਸੰਬੰਧਾਂ ਦੇ ਰਿਸ਼ਤਿਆਂ ਵਿਚਲੇ ਰਗੜਾਅ ਅਤੇ ਤਣਾਅ ਨੂੰ ਚਿਤਰਦੀ ਹੈ ਕਿ ਆਧੁਨਿਕ ਮਨੁੱਖ ਕਿਸ ਕਸਤੂਰੀ ਦੀ ਭਾਲ ਵਿਚ ਭਟਕਦਾ ਹੋਇਆ (ਆਪਣਾ ਆਪਣਾ ਯਥਾਰਥ) ਦੰਭੀ ਸੰਬੰਧਾਂ ਨੂੰ ਹੰਢਾ ਰਿਹਾ ਹੈ ।ਔਰਤ ਦਾ ਆਜ਼ਾਦ ਬਿੰਬ ਸਿਰਜਦੀ ਨੀਰ ਉਸਨੂੰ ਤਰਸ ਦਾ ਪਾਤਰ ਬਣਾਉਣ ਦੀ ਥਾਂ ਮਰਦ ਮਾਨਸਿਕਤਾ ਉੱਤੇ ਪ੍ਰਸ਼ਨ-ਚਿੰਨ੍ਹ ਜ਼ਰੂਰ ਲਗਾਉਂਦੀ ਹੈ ਪਰ ਕਿਉਂਕਿ ਉਸਨੇ ਆਪਣੀ ਜ਼ਿੰਦਗੀ ਵਿਚ ਮਰਦ ਜਾਤੀ ਦੇ ਸਹਾਨੁੰਭੂਤੀ ਵਾਲੇ ਰਿਸ਼ਤਿਆਂ ਨੂੰ ਹੰਢਾਇਆ ਹੈ ਜਿਸ ਕਾਰਨ ਉਹ ਆਪਣੀਆਂ ਕਹਾਣੀਆਂ ਵਿਚ ਮਰਦ ਉੱਤੇ ਵਰਦੀ ਪ੍ਰਤੀਤ ਨਹੀਂ ਹੁੰਦੀ।ਅਧਿਕਾਰ ਸਮਝੌਤਿਆਂ ਵਿਚੋਂ ਮਿਲਣ ਦੀ ਆਸ ਛੱਡਾ, ਉਹ ਆਪਣੇ ਪਾਤਰਾਂ ਨੂੰ ਭਵਿੱਖ ਵੱਲ ਤੋਰਦਿਆਂ, ਔਰਤ ਮਨ ਦਾ ਰੁਦਨ ਪੇਸ਼ ਕਰਨ ਦੀ ਥਾਂ ਸੇਧ ਦਿੰਦੀ ਹੈ। ਜਿਸ ਕਾਰਨ ਉਸ ਦੀਆਂ ਪਾਤਰਾਂ ਦੁਖਾਂਤ ਭੋਗਣ ਦੇ ਨਾਲ-ਨਾਲ ਤਰਕ ਵੀ ਦਿੰਦੀਆਂ ਹਨ ਅਤੇ ਮਾਯੂਸ ਹੋਣ ਦੀ ਥਾਂ ਆਪਣੀ ਅਗਲੇਰੀ ਰੌਅ ਪ੍ਰਤੀ (ਮੱਚਦੀ ਅੱਗ ਵਰਗੀ ਕੁੜੀ) ਆਸ਼ਾਵੰਦ ਰਹਿੰਦੀਆਂ ਹਨ। ਨੀਰ ਪਾਤਰ ਆਪਣੇ ਹੱਕਾਂ ਪ੍ਰਤੀ ਸੁਚੇਤ ਹੋਣ ਦੇ ਬਾਵਜੂਦ ਵੀ ਬਰਾਬਰੀ ਦੇ ਹੱਕ ਨਹੀਂ ਮੰਗਦੀ ਪਰ ਇਹ ਪਾਤਰ ਹਾੜਿਆ ਤੇ ਤਰਲਿਆਂ ਨਾਲ ਜਿਉਣ ਦੀ ਥਾਂ (ਆਪਣੇ ਹਿੱਸੇ ਦਾ ਸੱਚ) ਕਾਇਰਤਾ ਦੀ ਬਰਾਬਰੀ ਦਾ ਮੂੰਹ ਤੋੜ ਜਵਾਬ ਜ਼ਰੂਰ ਦਿੰਦੀ ਹੈ ।

"ਜਦੋਂ ਮੈਂ ਸ਼ਰੀਫ਼ ਸਾਂ, ਉਦੋਂ ਕੀ ਕਦਰ ਪਾਈ ਤੂੰ ਮੇਰੀ, ਕਿਹੜੀ ਮਾਨ ਪ੍ਰਤਿਸ਼ਟਾ, ਸਮਾਜਿਕ ਸੁਰੱਖਸ਼ਾ, ਸਰੀਰਕ ਜਾਂ ਮਾਨਸਿਕ ਸਕਿਓਰਿਟੀ ਦਾ ਅਹਿਸਾਸ ਕਰਾਇਆ ਤੂੰ ਮੈਨੂੰ, ਜਿਸ ਤੋਂ ਵੰਚਿਤ ਹੋਣ ਜਾਣ ਦਾ ਡਰ ਮੈਨੂੰ ਸਤਾਏ . . . ਹੁਣ ਤੂੰ ਜੋ ਸਮਝੇਂ ਮੈਂ ਇਹੋ ਜਿਹੀ ਹਾਂ . . ਤਾਂ ਮੈਨੂੰ ਰੱਖਣਾ ਚਾਹੇਂ ਤਾਂ ਰੱਖ ਨਹੀਂ ਤਾਂ . . ।"[4]

ਸਿੱਖ ਰਹਿਤਲ ਦੀ ਪਹੁੰਚ ਵਾਲੀਆਂ ਨੀਰ ਦੀਆਂ ਕਹਾਣੀਆਂ ਫਿਲਮੀ ਅੰਦਾਜ਼ ਵਿਚ ਸ਼ੁਰੂ ਹੋ ਕੇ ਬੂਮਰੈਨ ਦੀ ਵਿਧੀ ਰਾਹੀਂ ਖ਼ਤਮ ਹੁੰਦੀਆਂ ਹਨ।ਬਿਰਤਾਂਤਕ ਚੱਕਰ ਅਸੰਤੁਲਨ ਤੋਂ ਅਸੰਤੁਲਨ ਦੁਆਰਾ ਪੂਰਾ ਕਰਦੀਆਂ ਉਸਦੀਆਂ ਰਚਨਾਵਾਂ ਵਿਚ ਅੰਤ ਤੱਕ ਪਰਿਸਥਿਤੀਆਂ ਬਣੀਆਂ ਰਹਿੰਦੀਆਂ ਹਨ।ਜੰਮੂ ਕਸ਼ਮੀਰ ਦੇ ਭੂਗੋਲਿਕ ਵੇਰਵੇ, ਸਮਾਜਿਕ, ਰਾਜਨੀਤਿਕ ਦਸ਼ਾ ਅਤੇ ਭਾਸ਼ਾਈ ਵਰਤਾਰੇ ਨੂੰ ਪੂਰੀ ਵਾਕਫ਼ੀਅਤ ਨਾਲ ਵਰਤਦੀ ਨੀਰ ਦੇ ਕਹਾਣੀ ਸਿਰਲੇਖ ਸੰਕੇਤਕ ਹੁੰਦੇ ਹਨ।ਇਕਹਿਰੇਪਣ ਦੀ ਥਾਵੇਂ ਜਟਿਲ ਭਾਵ ਬੋਧ ਦਾ ਸਿਰਜਣ ਕਰਨ ਵਾਲੀਆਂ ਨੀਰ ਕਹਾਣੀਆਂ ਵਿਚ ਕਲਾਤਮਕ ਗੋਲਾਈ ਹੋਣ ਕਾਰਨ, ਉਸਦੀ ਫ਼ਲੈਸ਼ ਬੈਕ ਵਿਧੀ ਕਦੇ ਪਿੱਠ-ਭੂਮੀ ਅਤੇ ਕਦੇ ਅਗਰਭੂਮੀ ਵਿਚ ਜਾਂਦੀ ਹੋਈ ਪਾਠਕੀ ਨਿਰੰਤਰਤਾ ਨੂੰ ਝਟਕਾ



ਦਿੰਦੀ ਹੈ ਜਿਹੜਾ ਕਿ ਉਸਦੀ ਕਲਾਤਮਕਤਾ ਵਿਚ ਗੁਣਾਤਮਕ ਵਾਧਾ ਮੰਨੀ ਜਾ ਸਕਦੀ ਹੈ।

ਕਹਾਣੀ ਵਿਚ ਸੱਜਰਾਪਣ ਲਿਆ ਰਵਾਇਤੀ ਵਿਸ਼ਿਆਂ ਨੂੰ ਨਵਾਂ ਰੂਪ ਦਿੰਦਿਆਂ, ਵਿਸ਼ਵ ਜਯੋਤੀ ਧੀਰ ਔਰਤ ਦੀ ਅਖੌਤੀ ਆਜ਼ਾਦੀ ਦੇ ਭਰਮ (ਛਿੰਦਾ ਪੁੱਤ) ਨੂੰ ਤੋੜਦੀ ਹੈ ।ਇਕ ਸਮੇਂ ਇਕ ਪਤੀ ਦੀ ਹੋ ਕੇ ਰਹਿਣਾ ਔਰਤ ਦੀ ਆਪਣੀ ਲੋੜ ਸੀ ਪਰ ਬਾਅਦ ਵਿਚ ਵਿਆਹ ਇਕ ਧਾਰਮਿਕ ਰਸਮ ਬਣ ਜਾਣ ਕਾਰਨ, ਪਤੀ-ਪਤਨੀ ਦਾ ਰਿਸ਼ਤਾ ਦੈਵੀ ਮੰਨਿਆ ਜਾਣ ਲੱਗਾ ਜਿਸਨੂੰ ਜਿਉਂਦੇ ਜੀਅ ਤੋੜਿਆ ਨਹੀਂ ਜਾ ਸਕਦਾ।ਪਰੰਤੂ ਸੰਵੇਦਨਸ਼ੀਲਤਾ ਗਵਾ ਚੁੱਕੇ ਅੱਜ ਦੇ ਦੰਪਤੀ ਰਿਸ਼ਤੇ ਅਜੀਬ ਸਰੂਪ ਅਖ਼ਤਿਆਰ ਕਰ ਰਹੇ ਹਨ।ਹਰ ਰਿਸ਼ਤਾ ਲਾਭ-ਹਾਨ ਦੇ ਤਰਾਜ਼ੂ ਉੱਪਰ ਹੋਣ ਕਾਰਨ, ਸਭ ਕੁਝ ਹੁੰਦਿਆਂ ਵੀ ਖ਼ੌਫ਼ ਦੇ ਆਲਮ ਵਿਚੋਂ ਲੰਘ ਰਹੀ ਅੱਜ ਦੀ ਪੇਚੀਦਾ ਮਾਨਸਿਕਤਾ ਵਿਚ ਫਸੀ ਔਰਤ ਦੇ ਕਿਰਦਾਰ ਸੰਕਲਪ ਦੀ ਧੀਰ ਨੇ (ਦਾਮਨ-ਏ-ਕੋਹ) ਵਿਗਿਆਨਕ ਦ੍ਰਿਸ਼ਟੀ ਸਦਕਾ ਉਸਾਰੀ ਕੀਤੀ ਹੈ ਜਿਹੜੀ ਆਰਥਿਕਤਾ ਨਾਲੋਂ ਸਰੀਰਕ ਅਤੇ ਮਾਨਸਿਕ ਸੰਤੁਸ਼ਟੀ ਨੂੰ ਪਹਿਲ ਦਿੰਦੀ ਹੋਈ (ਇਕ ਮੁੱਠੀ ਆਸਮਾਂ) ਪਤੀ ਅਣਗਹਿਲੀ ਨੂੰ ਝਲ ਨਹੀਂ ਸਕਦੀ।

ਵਿਸ਼ਵ ਜੋਤੀ ਧੀਰ ਦੇ ਪਾਤਰ ਆਪਣੀ ਜਨਣ-ਯੋਗਤਾ ਅਤੇ ਪੁਰਸ਼ ਹੋਂਦ ਤੋਂ ਮੁਨਕਰ ਹੋਣ ਦੀ ਗੱਲ ਕਿਤੇ ਨਹੀਂ ਕਰਦੀਆਂ (ਰਿਲੇਅ ਰੇਸ) ਸਗੋਂ ਇਸ ਦੇ ਉਲ਼ਟ ਆਪਣੇ ਨਾਰੀਤਵ ਰਾਹੀਂ ਪਿੱਤਰਕੀ ਤਾਕੀਦਾਂ ਮੰਨਦੀਆਂ ਹੋਈਆਂ ਵੀ ਸਮਾਜ ਦੀਆਂ ਜਰਜ਼ਰੀਆਂ ਕਦਰਾਂ ਨੂੰ ਵੰਗਾਰਨ ਦਾ ਸਾਹਸ ਕਰਦੀਆਂ ਹਨ । ਜ਼ਿਆਦਾਤਰ ਸਿੱਖਿਅਤ ਔਰਤ ਨੂੰ ਕੇਂਦਰੀ ਪਾਤਰ ਵਜੋਂ ਪੇਸ਼ ਕਰਦੀ ਲੇਖਕਾ, ਕੁੜੀ ਨੂੰ ਕੁੜੀ ਹੋਣ (ਕੜ੍ਹਕੀ) ਅਤੇ ਨੂੰਹ ਨੂੰ ਨੂੰਹ ਹੋਣ (ਐਂਟੀਕ ਪੀਸ) ਦੀ ਇਕ ਸੁਚਾਰੂ ਸੋਚ ਦਿੰਦੀ ਹੈ।ਫ਼ਰਜ਼ੀ ਪਿਆਰ ਦੇ ਨਤੀਜਿਆਂ ਨੂੰ ਬਿਆਨ ਕਰਦੀ ਹੋਈ ਧੀਰ ਪ੍ਰੇਮ ਵਿਆਹ ਦੀ ਥਾਂ ਧਾਰਮਿਕ ਸੋਚਣੀ ਨੂੰ ਮਹੱਤਤਾ ਦਿੰਦਿਆਂ (ਪੁਲਿਸ ਪੈਟਰੋਲ) ਮਰਿਆਦਾ ਅਤੇ ਅਕਾਂਖਿਆਵਾਂ ਦੇ ਦਵੰਦ ਨੂੰ ਭੋਗਦੀ ਔਰਤ ਦੇ (ਅਨੰਤ ਕਥਾ) ਘਰੋਂ ਬਾਹਰ ਜਾਂਦੇ ਪੈਰਾਂ ਨੂੰ ਵਾਪਸੀ ਦਾ ਮੋੜਾ ਦੇ ਦਿੰਦੀ ਹੈ ।

ਵਿਗਿਆਨਕ ਲੇਖਣ ਨੂੰ ਪ੍ਰਥਮ ਆਵਸ਼ਕਤਾ ਦਿੰਦਿਆਂ ਹੋਇਆਂ ਵੀ ਮਾਨਸਿਕ ਬਿਹਲਤਾ ਨੂੰ ਘੱਟ ਬਿਆਨਦੀਆਂ ਧੀਰ ਦੀਆਂ ਕਹਾਣੀਆਂ ਦਾ ਉਦੇਸ਼ ਜੀਵਨ ਗੜਬੜੀ ਤੋਂ ਬਾਅਦ ਸ਼ਾਂਤੀ ਤੇ ਖ਼ੁਸ਼ਹਾਲੀ (ਬੰਦ ਗਲੀ) ਪ੍ਰਾਪਤੀ ਹੈ ।ਸੰਖੇਪ ਵਿਚ ਇਹ ਸਾਡੀਆਂ ਆਸ਼ਾਵਾਂ ਦੇ ਅਨੁਕੂਲ ਹੁੰਦੀ ਹੈ ਪਰ ਸਾਡੇ ਗਿਆਨ ਅਨੁਸਾਰ ਨਹੀਂ।ਯਥਾਰਥਕ ਸਮੱਸਿਆ ਲੈਂਦਿਆਂ ਉਸਦਾ ਹੱਲ ਪੇਸ਼ ਕਰਦੀ ਵਿਸ਼ਵ ਜਯੋਤੀ ਆਪਣੀਆਂ ਪਾਤਰਾਂ ਨੂੰ ਦੁਬਿਧਾ ਦੀ ਹਾਲਤ ਵਿਚ ਛੱਡਣ ਦੀ ਥਾਂ ਰੋਹ ਤੋਂ ਬਾਅਦ ਸਹਿਜ ਦਿਖਾਉਂਦਿਆਂ (ਆਖ਼ਿਰ, ਸਿਕੰਦਰ ਜਿੱਤ ਗਿਆ) ਪਾਤਰਾਂ ਉੱਤੇ ਸਥਿਤੀ-ਸ਼ਕਤੀ ਨੂੰ ਹਾਵੀ ਨਹੀਂ ਹੋਣ ਦਿੰਦੀ।

ਮੇਰੇ ਅੰਦਰ ਵੱਸੇ ਜੰਗਲ ਵਿਚ ਨਿੱਕੇ-ਨਿੱਕੇ ਜੁਗਨੂੰ ਚਮਕ ਪਏ।ਭੋਰਾ ਭੋਰੀ ਖਿੰਡੀ ਲੱਛਮੀ ਦੇ ਟੋਟੇ ਜੁੜਦੇ ਗਏ। ਇਕ ਸਾਬਤ ਤੇ ਅਡੋਲ ਲੱਛਮੀ ਮੇਰੇ ਅੰਦਰ ਉੱਠ ਖਲੋਤੀ। ਜਿਸਦਾ ਕੱਦ ਹੌਲੀ-ਹੌਲੀ ਸਿਕੰਦਰ ਦੇ ਪਹਾੜ ਜਿੱਡੇ ਵਜੂਦ ਵਾਂਗ ਉਸਰਣ ਲੱਗ ਪਿਆ। ਸਵੈ-ਵਿਸ਼ਵਾਸ ਨਾਲ ਭਰਪੂਰ ਇਹ ਲੱਛਮੀ ਕਿਸੇ ਵੀ ਵਾਰ ਨੂੰ ਕੁੰਦਾ ਕਰਨ ਦੀ ਸ਼ਕਤੀ ਨਾਲ ਸਮਰੱਥ।ਨਵੇਂ ਫ਼ੈਸਲੇ ਅੰਦਰ ਧੜਕੇ।ਜੀਵਨ-ਚਿਣਗ ਭੜਕ ਉੱਠੀ।ਮੈਂ ਕੰਮ ਕਰਦੀ ਪੌੜ੍ਹੀਆਂ ਉੱਤਰ ਆਈ।ਉਤਸੁਕਤਾ ਨਾਲ ਅਲਮਾਰੀ ਵਿਚੋਂ ਨਿਯੁਕਤੀ ਪੱਤਰ ਲੱਭ ਕੇ ਆਪਣੇ ਪਰਸ ਵਿਚ ਪਾ ਲਿਆ।[5]

ਸਾਧਾਰਨ ਦਿੱਖ ਪਰ ਬੌਧਿਕਤਾ ਨੂੰ ਅਚੰਭਿਤ ਕਰਨ ਵਾਲੀਆਂ ਧੀਰ ਦੀਆਂ ਪਾਤਰਾਂ (ਹੈ ਕੋਈ ਦਲੀਲ) ਦੀ ਬੁੱਧੀ ਦੀ ਵਿਸ਼ੇਸ਼ਤਾ ਇਹ ਵੀ ਹੈ ਕਿ ਇਹ ਆਪਣੇ ਵਿਕੋਲਿੱਤਰੇ ਸੁਭਾਅ ਅਤੇ ਆਪਣੇ ਜੀਵਨ ਕਾਰਜਾਂ ਸਦਕਾ ਵਿਲੱਖਣ ਤਾਂ ਦਿਖਾਈ ਦਿੰਦੀਆਂ ਹਨ, ਨਾਲ ਹੀ ਨਾਲ ਜ਼ਿੰਦਗੀ ਦੀ

ਵਾਸਤਵਿਕਤਾ ਦੇ ਅਨੁਕੂਲ ਵੀ ਹਨ। ਕਹਾਣੀ ਵਿਚਲੇ ਇਕੋ ਵਿਸ਼ੇ ਨੂੰ ਕਈ ਪਾਤਰਾਂ ਰਾਹੀਂ ਵਿਸਥਾਰਣਾ ਅਤੇ ਕੇਂਦਰੀ ਪਾਤਰ ਦੀ ਇੱਛਾ, ਕਾਇਆ ਕਲਪ ਅਤੇ ਰੂਪਾਂਤਰਨ ਲਈ ਦੂਜਾ ਪਾਤਰ ਉਦਾਹਰਣ ਵਜੋਂ ਵਰਤਣਾ, ਧੀਰ ਕਲਾਤਮਕਤਾ ਦਾ ਵਿਲੱਖਣ ਪੱਖ ਹੈ। ਉਸ ਕੋਲ ਪਾਤਰ ਕਾਰਜ ਅਤੇ ਵਾਤਾਵਰਨ ਇਕਮਿਕਤਾ ਦਾ ਵੱਲ ਹੈ। ਮੁਹਾਵਰੇਦਾਰ ਅਤੇ ਉਲਟਾਊ ਸ਼ੈਲੀ, ਅਗਾਊਂ ਸੂਚਨਾ ਅਤੇ ਵਿਗੋਪਨ, ਬਿੰਬ, ਉਪਮਾ ਅਤੇ ਪ੍ਰਤੀਕ, ਮਿੱਥ ਅਤੇ ਇਤਿਹਾਸਿਕ ਨਾਂ ਵਾਲੇ ਪਾਤਰ ਵਰਤਦਿਆਂ ਧੀਰ ਆਪਣੀਆਂ ਕਹਾਣੀਆਂ ਵਿਚ ਸੱਤ, ਨੌ ਆਦਿ ਸਾਲਾਂ ਦਾ ਨਿਸ਼ਚਿਤ ਸਮਾਂ ਵੀ ਦੱਸਦੀ ਹੈ।

ਅਜੋਕੀ ਔਰਤ ਦਾ ਇਸ ਗੱਲ ਤੋਂ ਜਾਣੂ ਹੋ ਜਾਣਾ ਕਿ ਭਰੂਣ ਦੇ ਨਰ ਜਾਂ ਮਾਦਾ ਹੋਣ ਦਾ ਕਾਰਨ ਪਤੀ ਹੁੰਦਾ ਹੈ, ਸੁਰਿੰਦਰ ਨੀਰ ਅਤੇ ਵਿਸ਼ਵ ਜਯੋਤੀ ਧੀਰ ਕਹਾਣੀਆਂ ਵਿਚ ਕੁੜੀ ਹੋਣ ਦਾ ਉਲਾਮਾ ਕਿਤੇ ਨਹੀਂ ਮਿਲਦਾ ਅਤੇ ਬਚਿੰਤ ਕੌਰ ਦੇ ਮੁਕਾਬਲੇ ਇਹ ਕਹਾਣੀਕਾਰਾਂ ਆਪਣੀਆਂ ਪਾਤਰਾਂ ਦੀ ਸਰੀਰਕ ਬਣਤਰ ਅਤੇ ਪਹਿਰਾਵੇ ਦੀ ਵੀ ਘੱਟ ਗੱਲ ਕਰਦੀਆਂ ਹਨ। ਪਹਿਲਾਂ ਨੌਕਰੀ ਜਾਂ ਵਿਆਹ ਵਿਚੋਂ ਇਕ ਦੀ ਚੋਣ ਕਾਰਨ ਬਚਿੰਤ ਦੀਆਂ ਪਾਤਰਾਂ ਦੋਹਾਂ ਪੁੜਾਂ ਵਿਚ ਪੀਸਦੀਆਂ ਹਨ ਪਰੰਤੂ ਅੱਜ ਦੇ ਸਮੇਂ ਨੌਕਰੀ ਅਤੇ ਵਿਆਹ ਬਰਾਬਰੀ ਉੱਤੇ ਚਲਾਉਣ ਕਾਰਨ, ਨੀਰ ਅਤੇ ਧੀਰ ਦੀਆਂ ਪਾਤਰਾਂ ਖ਼ੁਦ ਨੂੰ ਖਿਨ ਹੋਣ ਲਈ ਇਕ ਸ਼ੀਤ ਯੁੱਧ ਵਿਚ ਪਾਉਂਦੀਆਂ ਹਨ। ਫੋਕਸਕਰਤਾ ਦੀ ਸਥਿਤੀ ਦੇ ਤਹਿਤ ਬਚਿੰਤ ਕੌਰ ਦਾ ਬਿਰਤਾਂਤ ਸਰਬਗਿਆਤਾ ਬਿਰਤਾਂਤਕਾਰ ਵਜੋਂ ਅਨਯਪੁਰਖ 'ਉਹ' ਨਾਲ ਸਿਰਜਿਆ ਹੋਣ ਦੇ ਬਾਵਜੂਦ ਸ੍ਵੈ ਨਾਲ ਜੁੜ ਜਾਂਦਾ ਹੈ ਅਤੇ ਉੱਤਮਪੁਰਖੀ 'ਮੈਂ' ਪਾਤਰ ਦੇ ਤੌਰ 'ਤੇ ਸਥਿਤੀ ਦਾ ਵਿਖਿਆਨ ਕਰਦੀਆਂ ਸੁਰਿੰਦਰ ਨੀਰ ਅਤੇ ਵਿਸ਼ਵ ਜਯੋਤੀ ਧੀਰ ਦੀਆਂ ਕਹਾਣੀਆਂ ਨਿੱਜ ਤੋਂ ਬੇਲਾਗ ਰਹਿੰਦੀਆਂ ਹਨ। ਮੰਨਿਆ ਜਾਂਦਾ ਹੈ ਕਿ ਔਰਤ ਲਈ ਘਰੋਂ ਬਾਹਰ ਝਾਕਣ ਲਈ ਬਾਰੀਆਂ ਜਾਂ ਝਰੋਖੇ ਤਾਂ ਹੋ ਸਕਦੇ ਹਨ ਪਰ ਦਰਵਾਜ਼ੇ ਨਹੀਂ। ਬਚਿੰਤ ਨੇ ਦਰਵਾਜ਼ੇ ਉਲੰਘਣ ਦੀ ਦੁਚਿੱਤੀ, ਨੀਰ ਨੇ ਦਰਵਾਜ਼ੇ ਉਲੰਘਣ ਦੇ ਪਾਰਗਾਮੀ ਨਤੀਜਿਆਂ ਅਤੇ ਧੀਰ ਨੇ ਦਰਵਾਜ਼ੇ ਉਲੰਘਣ ਤੋਂ ਹੋੜਣ ਦੀ ਸਿੱਖਿਆ ਦਿੱਤੀ ਹੈ। ਇੰਜ ਸਮਾਨਤਾ ਦੇ ਪੱਖ ਤੋਂ ਚੌਤਰਫੀ ਖੌਰੂ ਪਾਉਂਦੀ ਨਿੱਜਤਾ ਦੇ ਬਾਵਜੂਦ, ਤਿੰਨਾਂ ਕਹਾਣੀਕਾਰਾਂ ਆਪਣੀਆਂ ਪਾਤਰਾਂ ਨੂੰ ਮਾਪਿਆਂ ਦੀਆਂ ਤਾਬਿਆਦਾਰ ਬਣਾਉਂਦੀਆਂ ਹਨ।


ਕੁਲ ਮਿਲਾ ਕੇ ਇਹਨਾਂ ਕਹਾਣੀਕਾਰਾਂ ਦੀਆਂ ਪਾਤਰਾਂ ਸਮਾਜੀ ਕਦਰਾਂ ਨਾਲੋਂ ਵੱਧ ਕੇ ਆਪਣੇ ਆਤਮ ਪ੍ਰਤੀ ਚਿੰਤਤ ਹਨ। ਆਪਣੇ ਪਾਤਰਾਂ ਦਾ ਆਤਮ-ਵਿਸ਼ਲੇਸ਼ਣ ਕਰਦੀਆਂ ਉਹ ਆਪਣੇ ਸ੍ਵੈ ਦੀ ਸੋਝੀ ਹੀ ਨਹੀਂ ਕਰਵਾਉਂਦੀਆਂ ਬਲਕਿ ਸਮੁੱਚੇ ਯੁੱਗ ਬੋਧ ਨੂੰ ਵੀ ਤੈਅ ਸ਼ੁਦਾ ਧਾਰਨਾਵਾਂ ਰਾਹੀਂ ਉਭਾਰਦੀਆਂ ਹਨ। ਇਹਨਾਂ ਕਹਾਣੀਕਾਰਾਂ ਦਾ ਮੂਲ ਮਨੋਰਥ ਅਸਤਿਤਵੀ ਸੱਚ ਦੀ ਸੋਝੀ ਨੂੰ ਉਘਾੜਦਿਆਂ, ਔਰਤ ਦੇ ਨਾਰੀਤਵ ਨੂੰ ਮਰਦ ਗ਼ਲਬੇ ਤੋਂ ਮੁਕਤੀ ਦਵਾ ਕੇ ਇਕ ਵਿਲੱਖਣ ਵਿਅਕਤਿਤਵ ਨਿਰਧਾਰਿਤ ਕਰਨਾ ਹੈ ਜਿਸ ਵਿਚ ਬਹੁਤ ਹੱਦ ਤੱਕ ਇਹ ਸਫ਼ਲ ਵੀ ਰਹੀਆਂ ਹਨ। (ਖੋਜ ਵਿਦਿਆਰਥੀ, ਜੀ. ਐਨ. ਡੀ. ਯੂ.)

**ਹਵਾਲੇ ਅਤੇ ਟਿੱਪਣੀਆਂ**


1. ਬਚਿੰਤ ਕੌਰ, 'ਰਖੇਲ ਵੀ ਨਹੀਂ', ਸਵੈ ਜੀਵਨੀ, ਪਗਡੰਡੀਆਂ ਅਤੇ ਹੋਰ ਕਹਾਣੀਆਂ, ਪੰਨਾ 335.
2. ਬਚਿੰਤ ਕੌਰ, 'ਕੁੱਕ-ਕੁੱਕ', ਸਵੈ ਜੀਵਨੀ, ਪਗਡੰਡੀਆਂ ਅਤੇ ਹੋਰ ਕਹਾਣੀਆਂ, ਪੰਨਾ 297.
3. ਡਾ. ਸਰਬਜੀਤ ਸਿੰਘ, ਭੂਮਿਕਾ, ਖੁੱਲ੍ਹ ਜਾ ਸਿਮ ਸਿਮ, ਪੰਨਾ 15.
4. ਸੁਰਿੰਦਰ ਨੀਰ, 'ਆਪਣੇ ਹਿੱਸੇ ਦਾ ਸੱਚ', ਦਸਤੱਕ ਦੀ ਉਡੀਕ, ਪੰਨਾ 122.
5. ਵਿਸ਼ਵ ਜਯੋਤੀ ਧੀਰ, 'ਆਖ਼ਿਰ, ਸਿਕੰਦਰ ਜਿੱਤ ਗਿਆ', ਆਖ਼ਿਰ, ਸਿਕੰਦਰ ਜਿੱਤ ਗਿਆ, ਪੰਨਾ 41.




## ਭਵਿਖ ਤਲਾਸ਼ਦੀ ਨੌਜੁਆਨ ਪੀੜ੍ਹੀ ਦੀ ਗਾਥਾ:ਨਾਚਫਰੋਸ਼ /-ਡਾ. ਗੁਰਮੇਲ ਸਿੰਘ




'ਨਾਚਫਰੋਸ਼' ਨੌਜੁਆਨ ਲੇਖਕ ਪਰਗਟ ਸਿੰਘ ਸਤੌਜ ਦਾ ਤੀਜਾ ਨਾਵਲ ਹੈ।ਉਸਦੇ ਪਹਿਲੇ ਨਾਵਲ 'ਭਾਗੂ' ਤੋਂ ਬਾਅਦ ਭਾਰਤੀ ਸਾਹਿਤ ਅਕਾਦਮੀ ਦੁਆਰਾ ਯੁਵਾ ਪੁਰਸਕਾਰ ਜੇਤੂ ਉਸਦਾ ਦੂਜਾ ਨਾਵਲ 'ਤੀਵੀਆਂ'ਸਾਹਮਣੇ ਆਉਂਦਾ ਹੈ। ਇਸੇ ਤਰ੍ਹਾਂ ਤੀਜੇ ਨਾਵਲ 'ਖਬਰ ਇਕ ਪਿੰਡ ਦੀ' ਨੂੰ ਵੀ ਅੰਤਰਰਾਸ਼ਟਰੀ ਢਾਹਾਂ ਸਾਹਿਤ ਪੁਰਸਕਾਰ ਪ੍ਰਾਪਤ ਹੁੰਦਾ ਹੈ। ਸਤੌਜ ਸਮਕਾਲ ਦੇ ਮਸਲਿਆਂ ਨੂੰ ਹੱਥ ਪਾਉਣ ਵਾਲਾ ਨਵਾਂ ਨਾਵਲਕਾਰ ਹੈ। ਉਸ ਕੋਲ ਤੇਜ਼ੀ ਨਾਲ ਬਦਲ ਰਹੇ ਸਮਾਜ ਸਭਿਆਚਾਰ, ਲੋਕਾਂ ਦੀਆਂ ਰੁਚੀਆਂ ਤੇ ਵਿਸ਼ਵਾਸਾਂ ਨੂੰ ਫੜਨ ਦੀ ਸੂਝ ਹੈ। ਖਾਸ ਕਰਕੇ ਆਧੁਨਿਕ ਸਰਮਾਏਦਾਰੀ ਜੀਵਨ ਜਾਚ ਨੇ ਪੰਜਾਬੀ ਮਨੁੱਖ ਤੇ ਖਾਸ ਤੌਰ ਤੇ ਪੇਂਡੂ ਨੌਜੁਆਨ ਪੀੜ੍ਹੀ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ;ਉਸਨੂੰ ਚਿਤਰਤ ਕਰਨ ਵਿਚ ਉਹ ਆਪਣੀ ਨਾਵਲ ਨਿਗਾਰੀ ਦੀ ਦਿਸ਼ਾ ਨਿਰਧਾਰਤ ਕਰਦਾ ਜਾਪਦਾ ਹੈ। ਇਹੀ ਉਸਦੀ ਪ੍ਰਸਿੱਧੀ ਤੇ ਸਫਲਤਾ ਦਾ ਰਾਜ਼ ਹੈ।

**'ਨਾਚਫਰੋਸ਼' ਨਾਵਲ (ਪ੍ਰਕਾਸ਼ਕ: ਕੈਲੀਬਰ ਪਬਲੀਕੇਸ਼ਨ, ਪਟਿਆਲਾ,2018, ਮੁੱਲ 220 ਰੁਪਏ)** ਸਵੈ ਰੁਜ਼ਗਾਰ ਦੀ ਤਲਾਸ਼ ਲਈ ਯਤਨਸ਼ੀਲ ਨੌਜੁਆਨ ਪੀੜ੍ਹੀ ਦੀ ਦੁਖਾਂਤਕ ਗਾਥਾ ਨੂੰ ਪ੍ਰਸਤੁਤ ਕਰਦਾ ਹੈ। ਅਜੋਕੇ ਸਰਮਾਏਦਾਰੀ ਤੇ ਖਪਤਵਾਦੀ ਸਭਿਆਚਾਰ ਨੇ ਜਿਥੇ ਰਵਾਇਤੀ ਨੌਕਰੀ ਪੇਸ਼ੇ ਨੂੰ ਬੁਰੀ ਤਰ੍ਹਾਂ ਖੋਰਾ ਲਾਇਆ ਉਥੇ ਸਵੈ ਰੁਜ਼ਗਾਰ ਦੇ ਸ਼ਗੂਫ਼ੇ ਨੂੰ ਪ੍ਰਚਾਰ ਕੇ ਸਟੇਟ ਨੇ ਰੁਜ਼ਗਾਰ ਮੁਹੱਈਆ ਕਰਵਾਉਣ ਦੀ ਜ਼ਿੰਮੇਵਾਰੀ ਤੋਂ ਸਹਿਜੇ ਹੀ ਨਿਜ਼ਾਤ ਪਾ ਲਈ। ਦੂਜੇ ਪਾਸੇ ਸਰਮਾਏਦਾਰਾਨਾ ਖਾਸੇ ਵਿਚੋਂ ਨਵੇਂ ਨਵੇਂ ਕੰਮ ਧੰਦਿਆਂ ਦਾ ਪ੍ਰਚਲਨ ਹੋਇਆ ਜਿਸ ਨੂੰ ਅਪਨਾਉਣ ਤੋਂ ਸਿਵਾਏ ਅਣਹੋਈ ਬੇਰੁਜ਼ਗਾਰ ਧਿਰ ਕੋਲ ਹੋਰ ਕੋਈ ਰਾਹ ਨਹੀਂ ਹੈ।

ਨਾਚਫਰੋਸ਼ ਸ਼ਬਦ ਉਸ ਕਿੱਤਾ-ਪ੍ਰਬੰਧਨ ਦਾ ਲਖਾਇਕ ਬਣਦਾ ਹੈ ਜੋ ਕਿਸੇ ਵੇਲੇ ਨਾਚ-ਮੁਜਰਿਆਂ ਦੇ ਰਾਹੀਂ ਰਜਵਾੜਿਆਂ ਦੀ ਐਸ਼ਪ੍ਰਸਤੀ ਦਾ ਬੰਦੋਬਸਤ ਕਰਨ ਤੱਕ ਸੀਮਤ ਸੀ। ਇਹ ਬੰਦ ਕਮਰੇ ਵਿਚ ਸਜਿੰਦਿਆਂ ਤੇ ਨਾਚੀਆਂ ਦੁਆਰਾ ਕੀਤੇ ਨਾਚ, ਗਾਇਨ ਦਾ ਪੇਸ਼ਾ ਸੀ। ਜਿਹੜਾ ਰਿਆਜ਼, ਸਾਧਨਾ ਤੇ ਹੁਸਨ ਅਦਾ ਦੀ ਮੰਗ ਕਰਦਾ ਸੀ। ਰਜਵਾੜਾਸ਼ਾਹੀ ਦੇ ਟੁੱਟਣ ਨਾਲ ਸ਼ਹਿਰੀ ਜੀਵਨ ਵਿਚ ਫਿਲਮਾਂ ਦੇ ਰਾਹੀਂ ਔਰਤਾਂ ਦੇ ਨਾਚ ਤੇ ਅਦਾਵਾਂ ਨੂੰ ਮਾਨਣ ਦਾ ਭਰਪੂਰ ਹੁੰਗਾਰਾ ਮਿਲਿਆ। ਪੇਂਡੂ ਜੀਵਨ ਵਿਚ ਔਰਤਾਂ ਦੇ ਨਾਚ ਤੇ ਅਦਾਵਾਂ ਦੀ ਭੁੱਖ ਨੂੰ ਤ੍ਰਿਪਤ ਕਰਨ ਵਿਚ ਨਚਾਰਾਂ ਨੇ ਲੰਮਾ ਸਮਾਂ ਪਿੜ ਮੱਲੀਂ ਰੱਖਿਆ। ਹੌਲੀ ਹੌਲੀ ਸਰਮਾਏਦਾਰੀ ਦੇ ਮੂੰਹ ਜ਼ੋਰ ਪਸਾਰੇ ਨੇ ਇਸ ਭੁੱਖ ਨੂੰ ਨਵੇਂ ਨਵੇਂ ਰੂਪ ਰੰਗਾਂ ਵਿਚ ਤਬਦੀਲ ਕਰ ਦਿੱਤਾ। ਸਰਮਾਏਦਾਰੀ ਨੇ ਪੇਂਡੂ ਸਭਿਆਚਾਰ ਅੰਦਰ ਘੁਸਪੈਠ ਕਰਕੇ ਲੋਕਾਂ ਦੀ ਸੁਹਜ ਚੇਤਨਾ ਨੂੰ ਆਪਣੇ ਵਸ ਕਰਨ ਦੀ ਪ੍ਰਕਿਰਿਆ ਵਿਚੋਂ ਵਿਆਹਾਂ ਸ਼ਾਦੀਆਂ ਨੂੰ ਖਾਸ ਤੌਰ ਤੇ ਫੋਕਸ ਕੀਤਾ। ਕਿਉਂਕਿ ਵਿਆਹ ਸਾਡੇ ਸਮਾਜਿਕ ਜੀਵਨ ਦਾ ਸਭ ਤੋਂ ਵੱਧ ਉਮਾਹ ਤੇ ਜੋਸ਼ ਭਰਪੂਰ ਸਮੂਹਕ ਕਾਰਜ ਹੈ। ਜਿਸਦਾ ਪੈਸੇ ਦੇ ਵਰਤ ਵਿਹਾਰ ਨਾਲ ਵੀ ਵੱਡਾ ਸਬੰਧ ਹੈ। ਨਵੇਂ ਕਦਰ ਪ੍ਰਬੰਧ ਵਿਚ ਵਿਆਹ ਦਾ ਜਸ਼ਨ

ਸਿਮਟਦਾ ਸਿਮਟਦਾ ਇਕ ਰੋਜ਼ਾ ਜਾਂ ਕੁਝ ਘੰਟਿਆਂ ਤੱਕ ਸੀਮਤ ਹੋ ਗਿਆ। ਇਸਨੇ ਮੈਰਿਜ ਪੈਲੇਸ ਤੇ ਡੀ. ਜੇ. ਕਲਚਰ ਦਾ ਚਲਨ ਪੈਦਾ ਕੀਤਾ। ਡੀ.ਜੇ.ਉੱਤੇ ਕੇਵਲ ਸਕੇ ਸਬੰਧੀਆਂ ਦਾ ਨੱਚਣਾ ਵੀ ਬਹੁਤੀ ਦੇਰ ਨਹੀਂ ਟਿਕਿਆ। ਕੁਝ ਘੰਟਿਆਂ ਵਾਲੇ ਵਿਆਹ ਦੇ ਜਸ਼ਨ ਨੂੰ ਵੱਧ ਆਕਰਸ਼ਿਤ ਬਣਾਉਣ ਲਈ ਨੌਜੁਆਨ ਕੁੜੀਆਂ ਮੁੰਡਿਆਂ ਦਾ ਨਾਚ ਖਾਸ ਕਰਕੇ ਪੇਂਡੂ ਲੋਕਾਂ ਦੀ ਖਿੱਚ ਦਾ ਕੇਂਦਰ ਬਣ ਗਿਆ। ਇਸ ਨੇ ਅਣਹੋਏ ਘਰਾਂ ਦੇ ਮੁੰਡੇ ਕੁੜੀਆਂ ਲਈ ਸਵੈ ਰੁਜ਼ਗਾਰ ਦਾ ਇਕ ਲੁਭਾਵਣਾ ਮੌਕਾ ਪ੍ਰਦਾਨ ਕੀਤਾ। ਨਾਚਫਰੋਸ਼ ਨਾਵਲ ਵਿਆਹ ਸਮਾਗਮਾਂ ਤੇ ਮੈਰਿਜ ਪੈਲੇਸਾਂ ਵਿਚ ਡੀ.ਜੇ.ਉਤੇ ਨੱਚਣ ਵਾਲੇ ਮੁੰਡੇ ਕੁੜੀਆਂ ਦੇ ਧੰਦੇ ਦੀ ਤਲਖ ਗਾਥਾ ਨੂੰ ਦਰਸਾਉਂਦਾ ਹੈ।

ਇਸ ਨਾਵਲ ਦੀ ਬਣਤਰ ਕਿਸੇ ਇਕਹਿਰੇ ਜਾਂ ਜਟਿਲ ਬਿਰਤਾਂਤ ਦੀ ਧਾਰਨੀ ਨਹੀਂ ਹੈ। ਇਹ ਇਕ ਸਮੱਸਿਆ ਕੇਂਦ੍ਰਿਤ ਬਹੁ ਪਾਤਰੀ ਜੀਵਨ ਬਿਰਤਾਂਤਕ ਪੇਸ਼ਕਾਰੀ ਉਤੇ ਆਧਾਰਿਤ ਨਾਵਲ ਹੈ। ਇਸ ਵਿਚ ਸਾਰੇ ਪਾਤਰ ਲਗਭਗ ਇਕੋ ਜਿਹੀ ਜੀਵਨ ਸਥਿਤੀ ਵਿਚੋਂ ਇਸ ਪੇਸ਼ੇ ਵਿਚ ਆ ਕੇ ਇਕੋ ਜਿਹੀ ਹੋਣੀ ਭੋਗਦੇ ਨਜ਼ਰ ਆਉਂਦੇ ਹਨ। ਇਨ੍ਹਾਂ ਪਾਤਰਾਂ ਵਿਚ ਖਾਸ ਤੌਰ ਤੇ ਕੇਂਦਰ ਵਿਚ ਰਹਿਣ ਵਾਲੀਆਂ ਕੁੜੀਆਂ ਸੰਦੀਪ ਉਰਫ ਸੈਂਡੀ, ਸੋਨਮ, ਬਲਵਿੰਦਰ ਉਰਫ ਬਿੰਦੀਆ, ਪਾਇਲ, ਪਰੀ, ਚੈਰੀ ਆਦਿ ਹਨ ਜਿਹੜੀਆਂ ਹਾਲਾਤ ਦੇ ਵਸ ਪੈ ਕੇ ਇਸ ਪੇਸ਼ੇ ਵਿਚੋਂ ਆਪਣਾ ਭਵਿੱਖ ਤਲਾਸ਼ਦੀਆਂ ਹਨ। ਇਸਦੇ ਨਾਲ ਨਾਲ ਕੁਝ ਭੰਗੜੇ ਦਾ ਸ਼ੌਕ ਰੱਖਣ ਵਾਲੇ ਮੁੰਡੇ ਵੀ ਹਨ ਜੋ ਆਪੋ ਆਪਣੇ ਗਰੁੱਪਾਂ ਵਿਚ ਇਨ੍ਹਾਂ ਕੁੜੀਆਂ ਨੂੰ ਲੈ ਕੇ ਵਿਆਹਾਂ ਦੇ ਪ੍ਰੋਗਰਾਮ ਕਰਕੇ ਸਮਾਜਿਕ ਤੇ ਆਰਥਿਕ ਤੌਰ ਤੇ ਸਵੀਕਾਰੇ ਜਾਣ ਲਈ ਸੰਘਰਸ਼ ਕਰਦੇ ਹਨ। ਨਾਵਲ ਵਿਚ ਪਹਿਲੀ ਜੀਵਨ ਗਾਥਾ ਸੰਦੀਪ ਉਰਫ ਸੈਂਡੀ ਦੀ ਸਾਹਮਣੇ ਆਉਂਦੀ ਹੈ। ਪਿਓ ਦੀ ਮੌਤ ਤੋਂ ਬਾਅਦ ਆਪਣੇ ਘਰ ਵਿਚ ਹੀ ਪਰਾਏ ਮਰਦ ਨਾਲ ਆਪਣੀ ਮਾਂ ਦੀ ਖੁੱਲ੍ਹ-ਖੇਡ ਦੇਖਦੀ ਦੇਖਦੀ ਸੰਦੀਪ ਪਿੰਡ ਦੇ ਕਈ ਮੁੰਡਿਆਂ ਨਾਲ ਸੈਕਸ ਸਬੰਧ ਮਾਨਣ ਲੱਗ ਪੈਂਦੀ ਹੈ। ਕਾਲਜੀਏਟ ਮੁੰਡੇ ਦੇ ਸੰਪਰਕ ਵਿਚ ਆ ਕੇ ਉਸਦੇ ਮਨ ਵਿਚ ਮਾਡਲ ਬਣਨ ਦਾ ਸੁਪਨਾ ਅੰਗੜਾਈਆਂ ਲੈਣ ਲੱਗਦਾ ਹੈ। ਇਥੋਂ ਹੀ ਆਰਕੈਸਟ੍ਰਾ ਵਿਚ ਕੰਮ ਕਰਨ ਦਾ ਰਾਹ ਸ਼ੁਰੂ ਹੁੰਦਾ ਹੈ। ਹੈਰੀ ਤੇ ਪਰਮ ਨਾਂ ਦੇ ਮੁੰਡਿਆਂ ਨਾਲ ਕੰਮ ਕਰਨਾ ਤੇ ਪੱਕੇ ਤੌਰ ਤੇ ਇਨ੍ਹਾਂ ਮੁੰਡਿਆਂ ਨਾਲ ਸ਼ਹਿਰ ਵਿਚ ਟਿਕਾਣਾ ਕਰਕੇ ਦਿਨ ਰਾਤ ਕੰਮ ਕਰਨਾ ਤੇ ਥਕਾਵਟ ਲਾਹੁਣ ਲਈ ਦਾਰੂ ਦਾ ਆਸਰਾ ਲੈਣਾ ਤੇ ਉਪਰੋਂ ਕਾਮ ਖੁੱਲ੍ਹ ਮਾਨਣੀ, ਇਹ ਸਭ ਕੁਝ ਉਸਨੂੰ ਮਾਂ ਤੇ ਘਰ ਤੋਂ ਤੋੜ ਦਿੰਦਾ ਹੈ। ਇਹ ਪੇਸ਼ਾ ਉਸਦੇ ਸਰੀਰ ਨੂੰ ਨੋਚ ਲੈਂਦਾ ਹੈ। ਨਸ਼ੇ ਦੀ ਆਦੀ ਹੋਣ ਤੇ ਉਪਰੋਂ ਆਫ ਸੀਜ਼ਨ ਵਿਚ ਘਟਦੇ ਕੰਮ ਕਾਰਨ ਉਹ ਘਰ ਆਕੇ ਮੁੜ ਤੋਂ ਪਹਿਲਾਂ ਵਾਲੀ ਜ਼ਿੰਦਗੀ ਜੀਣਾ ਚਾਹੁੰਦੀ ਹੈ। ਇਸ ਲਈ ਉਹ ਅੜੇ ਥੁੜੇ ਬਾਂਗਰੂ ਮੁੰਡੇ ਨਾਲ ਵਿਆਹ ਕਰਵਾਉਣਾ ਵੀ ਮੰਨ ਜਾਂਦੀ ਹੈ। ਪਰ ਉਸਦੀਆਂ ਮਾੜੀਆਂ ਆਦਤਾਂ ਬੰਦਨ ਵਾਲੀ ਜ਼ਿੰਦਗੀ ਨੂੰ ਮੰਨਣ ਤੋਂ ਇਨਕਾਰ ਕਰ ਦਿੰਦੀਆਂ ਹਨ। ਮੁੰਡੇ ਉਤੇ ਮਾਰ ਕੁੱਟ ਦਾ ਝੂਠਾ ਕੇਸ ਪਾਕੇ ਉਹ ਕੁਝ ਪੈਸੇ ਮਿਲਣ ਤੇ ਸਮਝੌਤਾ ਕਰਕੇ ਤਲਾਕ ਲੈ ਲੈਂਦੀ ਹੈ। ਨਸ਼ਾ ਮੁਕਤੀ ਕੇਂਦਰ ਵਿਚ ਭਰਤੀ ਹੋ ਕੇ ਦਾਰੂ ਤੋਂ ਖਹਿੜਾ ਛੁਡਾਉਣਾ ਤੇ ਇਕ ਸਾਵੀ ਪੱਧਰੀ ਜ਼ਿੰਦਗੀ ਜੀਣ ਦੀ ਉਹ ਇਕ ਵਾਰ ਫਿਰ ਕੋਸ਼ਿਸ਼ ਕਰਦੀ ਹੈ। ਉਹ ਦ੍ਰਿੜ ਇਰਾਦੇ ਨਾਲ ਦਾਰੂ ਛੱਡ ਕੇ ਜਸਬੀਰ ਨਾਂ ਦੇ ਮੁੰਡੇ ਨਾਲ ਵਿਆਹ ਕਰਵਾ ਲੈਂਦੀ ਹੈ। ਪ੍ਰੈਗਨੈਂਸੀ ਟੈਸਟਾਂ ਰਾਹੀਂ ਉਸਨੂੰ ਏਡਜ਼ ਹੋਣ ਦਾ ਪਤਾ ਚੱਲ ਜਾਂਦਾ ਹੈ। ਇਸ ਨਮੋਸ਼ੀ ਤੋਂ ਛੁਟਕਾਰਾ ਪਾਉਣ ਲਈ ਉਹ ਆਤਮ ਹੱਤਿਆ ਦਾ ਰਾਹ ਚੁਣ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲੈਂਦੀ ਹੈ।

ਦੂਜੀ ਜੀਵਨ ਗਾਥਾ ਬੰਗਾਲ ਤੋਂ ਪੰਜਾਬ ਆਈ ਸੋਨਮ ਨਾਂ ਦੀ ਲੜਕੀ ਦੀ ਹੈ। ਗਰੀਬ ਪਰਿਵਾਰ ਦੀ ਇਹ ਕੁੜੀ ਛੋਟੀ ਹੁੰਦੀ ਆਪਣੇ ਪਿਤਾ ਦੇ ਨਾਲ ਸਰਕਸ ਵਿਚ ਕੰਮ ਕਰਦੀ ਸੀ। ਕਿਸੇ ਸਟੰਟ ਕਰਕੇ ਉਹ ਸਦਾ ਲਈ ਮੰਜੇ ਤੇ ਆ ਜਾਂਦਾ ਹੈ। ਉਧਰ ਪੰਜਾਬ ਵਿਚ ਆਰਕੈਸਟ੍ਰਾ ਲਈ ਕੁੜੀਆਂ ਦੀ ਵਧਦੀ ਮੰਗ ਬੰਗਾਲ ਤੱਕ ਦੀਆਂ ਕੁੜੀਆਂ ਨੂੰ ਭਰਮਾਉਣ ਤੱਕ ਪਹੁੰਚ ਜਾਂਦੀ ਹੈ। ਪਰਮ ਨਾਂ ਦੇ ਮੁੰਡੇ ਨਾਲ ਬੰਗਾਲ ਤੋਂ



ਆਈ ਇਹ ਕੁੜੀ ਸਟੇਜ ਦਾ ਸ਼ਿੰਗਾਰ ਬਣ ਕੇ ਉਭਰਦੀ ਹੈ। ਗਲੈਮਰ, ਪੈਸਾ, ਸੈਕਸ, ਸ਼ਰਾਬ ਤੇ ਧੱਕੇਸ਼ਾਹੀ ਦਾ ਇਹ ਮਾਰਗ ਉਸ ਨੂੰ ਆਰਥਿਕ ਰਾਹਤ ਤਾਂ ਪ੍ਰਦਾਨ ਕਰਦਾ ਹੈ ਪਰ ਉਸਨੂੰ ਸੈਕਸ ਵਰਕਰ ਬਣਨ ਲਈ ਮਜਬੂਰ ਕਰ ਦਿੰਦਾ ਹੈ। ਇਕ ਪਾਸੇ ਉਹ ਆਪਣੇ ਤੇ ਘਰ ਦੀ ਹਾਲਤ ਸੁਧਾਰਨ ਲਈ ਆਪਣਾ ਸਭ ਕੁਝ ਦਾਅ ਤੇ ਲਾ ਦਿੰਦੀ ਹੈ ਦੂਜੇ ਪਾਸੇ ਗਰੀਬੀ ਤੇ ਮੰਦਹਾਲੀ ਉਸਦੇ ਘਰ ਘਾਟ ਤੇ ਰਿਸ਼ਤਿਆਂ ਨੂੰ ਉਜਾੜ ਦਿੰਦੀ ਹੈ। ਬਿਮਾਰੀ ਕਰਕੇ ਉਸਦਾ ਪਿਓ ਮਰ ਜਾਂਦਾ ਹੈ, ਭਰਾ ਕਿਸੇ ਕੁੜੀ ਨਾਲ ਵਿਆਹ ਕਰਵਾ ਕੇ ਜੁਦਾ ਹੋ ਜਾਂਦਾ ਹੈ, ਮਾਂ ਘਰ ਨੂੰ ਵੇਚ ਵੱਟ ਕਿਸੇ ਨਾਲ ਉਧਲ ਜਾਂਦੀ ਹੈ। ਜ਼ਿੰਦਗੀ ਤੋਂ ਹਾਰੀ ਹੁੱਟੀ ਉਹ ਇਸੇ ਪੇਸ਼ੇ ਨੂੰ ਆਪਣੀ ਠਾਹਰ ਬਣਾ ਲੈਂਦੀ ਹੈ ਤੇ ਬਠਿੰਡੇ ਕੋਈ ਕੋਠੀ ਖਰੀਦ ਕੇ ਪੱਕਾ ਟਿਕਾਣਾ ਕਰ ਲੈਂਦੀ ਹੈ। ਅੱਜ ਕੱਲ੍ਹ ਉਹ ਖੁੱਲ੍ਹ ਕੇ ਧੰਦਾ ਕਰਦੀ ਹੈ ਤੇ ਆਫ ਸੀਜ਼ਨ ਵਿਚ ਥਾਈਲੈਂਡ ਜਾ ਕੇ ਵੀ ਪੈਸਾ ਕਮਾ ਲਿਆਉਂਦੀ ਹੈ।

ਤੀਜੀ ਗਾਥਾ ਬਲਵਿੰਦਰ ਤੋਂ ਬਿੰਦੀਆ ਬਣੀ ਔਰਤ ਦੀ ਹੈ। ਗਰੀਬ ਘਰ ਦੀ ਇਹ ਕੁੜੀ ਦਾ ਛੋਟੀ ਹੁੰਦੀ ਦਾ ਵਿਆਹ ਹੋ ਜਾਂਦਾ ਹੈ। ਘਰ ਤੋਂ ਦੂਰ ਕੰਮ ਕਰਦੇ ਮਜ਼ਦੂਰ ਪਤੀ ਦੀ ਅਣਹੋਂਦ ਵਿਚ ਉਹ ਪਰਾਏ ਮਰਦ ਨਾਲ ਸਬੰਧ ਬਣਾ ਬਹਿੰਦੀ ਹੈ। ਪਤਾ ਲੱਗਣ ਤੇ ਸਹੁਰੇ ਘਰ ਤੋਂ ਕੱਢੀ ਜਾਂਦੀ ਹੈ। ਦੋ ਬੱਚਿਆਂ ਸਮੇਤ ਗਰੀਬ ਪੇਕੇ ਘਰ ਵਿਚ ਉਹ ਕਿੰਨੀ ਕੁ ਦੇਰ ਟਿਕ ਸਕਦੀ ਸੀ ਆਖਿਰ ਭਰਾ ਦੇ ਦੋਸਤ ਨਾਲ ਨਿਕਲ ਜਾਂਦੀ ਹੈ। ਪਰ ਸ਼ਹਿਰ ਵਿਚ ਘਰ ਦੇ ਤੋਰੀ ਫੁਲਕੇ ਦੀ ਮਜਬੂਰੀ ਉਸਨੂੰ ਆਰਕੈਸਟ੍ਰੇ ਨਾਲ ਜੋੜ ਦਿੰਦੀ ਹੈ। ਪਤੀ ਤੋਂ ਚੋਰੀ ਕੀਤੇ ਇਸ ਕੰਮ ਕਰਕੇ ਉਹ ਫਿਰ ਘਰੋਂ ਕੱਢੀ ਜਾਂਦੀ ਹੈ। ਸਿਵਾਏ ਇਸ ਪੇਸ਼ੇ ਦੇ ਹੁਣ ਉਸ ਕੋਲ ਕੋਈ ਵਿਕਲਪ ਨਹੀਂ ਬਚਦਾ। ਇਹ ਪੇਸ਼ਾ ਜਿਥੇ ਉਸਨੂੰ ਆਜ਼ਾਦ ਜ਼ਿੰਦਗੀ ਜੀਣ ਦਾ ਮੌਕਾ ਦਿੰਦਾ ਹੈ ਉਥੇ ਸੈਕਸ ਸਬੰਧ ਬਣਾ ਕੇ ਪੈਸਾ ਕਮਾਉਣਾ ਵੀ ਸਿਖਾ ਦਿੰਦਾ ਹੈ। ਇਹੀ ਕਿੱਤਾ ਹੁਣ ਉਸਦੀ ਜ਼ਿੰਦਗੀ ਦਾ ਲਕਸ਼ ਬਣ ਜਾਂਦਾ ਹੈ,ਉਹ ਆਪਣੇ ਬੱਚਿਆਂ ਨੂੰ ਹੋਸਟਲ ਰੱਖ ਕੇ ਆਪਣੇ ਘਰ ਵਿਚ ਇਸ ਪੇਸ਼ੇ ਵਿਚ ਆਉਣ ਵਾਲੀਆਂ ਹੋਰਨਾਂ ਕੁੜੀਆਂ ਨੂੰ ਠਾਹਰ ਦੇ ਕੇ ਚੰਗਾ ਪੈਸਾ ਕਮਾਉਣ ਲਗਦੀ ਹੈ।

ਚੌਥੀ ਗਾਥਾ ਪਾਇਲ ਨਾਂ ਦੀ ਕੁੜੀ ਦੀ ਹੈ ਜੋ ਆਰਕੈਸਟ੍ਰਾ ਗਰੁੱਪਾਂ ਦੀ ਆਪਸੀ ਖਹਿਬਾਜ਼ੀ ਕਾਰਨ ਕੁੱਟ ਮਾਰ ਸਹਿੰਦੀ ਹੈ। ਕੁਝ ਸਮੇਂ ਬਾਅਦ ਉਹ ਇਸ ਕੰਮ ਤੋਂ ਅੱਕ ਕੇ ਬਰਾੜ ਨਾਂ ਦੇ ਉਸ ਗਰੀਬ ਮੁੰਡੇ ਨਾਲ ਵਿਆਹ ਕਰਵਾ ਲੈਂਦੀ ਹੈ ਜਿਹੜਾ ਉਨ੍ਹਾਂ ਦੇ ਗਰੁੱਪ ਨੂੰ ਆਪਣੀ ਸੂੱਮੋ ਗੱਡੀ ਤੇ ਲੈ ਕੇ ਜਾਂਦਾ ਸੀ। ਪਰ ਘਰ ਦੇ ਗੁਜ਼ਾਰੇ ਦਾ ਬੰਦੋਬਸਤ ਕਰਨ ਦੇ ਲਈ ਬਰਾੜ ਉਸਨੂੰ ਫਿਰ ਕੰਮ ਕਰਨ ਲਈ ਮਨਾ ਲੈਂਦਾ ਹੈ। ਆਖਰ ਉਹ ਇਕ ਵਿਆਹ ਦੇ ਚਲਦੇ ਪ੍ਰੋਗਰਾਮ ਵਿਚ ਕਿਸੇ ਬਰਾਤੀ ਵੱਲੋਂ ਚਲਾਈ ਗੋਲੀ ਨਾਲ ਮਾਰੀ ਜਾਂਦੀ ਹੈ। ਬਰਾੜ ਦਾ ਘਰ ਉਜੜ ਜਾਂਦਾ ਹੈ। ਉਹ ਸਮਝੌਤਾ ਛੱਡ ਕੇ ਕਤਲ ਦੇ ਕੇਸ ਦੀ ਡਟ ਕੇ ਕਾਨੂੰਨੀ ਪੈਰਵੀ ਕਰਨਾ ਚਾਹੁੰਦਾ ਹੈ ਪਰ ਡਾਹਢਿਆਂ ਦੇ ਜ਼ੋਰ ਅੱਗੇ ਉਸਦੀ ਇਕ ਨਹੀਂ ਚੱਲਦੀ।

ਪੰਜਵੀਂ ਗਾਥਾ ਧੱਕਾ ਬਸਤੀ ਵਾਲੀ ਪਰੀ ਨਾਂ ਦੀ ਲੜਕੀ ਦੀ ਹੈ। ਅੱਤ ਗਰੀਬ ਘਰ ਦੀ ਇਹ ਸੁਨੱਖੀ ਕੁੜੀ ਛੇਤੀ ਹੀ ਇਸ ਪੇਸ਼ੇ ਦੇ ਸ਼ਿਕੰਜੇ ਵਿਚ ਆ ਫਸਦੀ ਹੈ। ਕੁਲਚਿਆਂ ਦੀ ਰੇਹੜੀ ਲਾ ਕੇ ਘਰ ਚਲਾਉਂਦਾ ਉਸਦਾ ਪਿਓ ਕਿਸੇ ਚੋਰੀ ਦੇ ਕੇਸ ਵਿਚ ਜੇਲ੍ਹ ਚਲਾ ਜਾਂਦਾ ਹੈ। ਬਿਮਾਰ ਭਰਾ, ਮਾਂ ਤੇ ਛੋਟੀਆਂ ਭੈਣਾਂ ਵਾਲੇ ਇਸ ਘਰ ਦੀ ਜ਼ਿੰਮੇਵਾਰੀ ਉਸ ਤੇ ਆ ਪੈਂਦੀ ਹੈ। ਇਕ ਪਾਸੇ ਸਟੇਜ ਦੀ ਭਰਮਾਊ ਜ਼ਿੰਦਗੀ ਤੇ ਦੂਜੇ ਪਾਸੇ ਘਰ ਦੀ ਹਕੀਕਤ ਉਸਨੂੰ ਨਸ਼ੇ ਦਾ ਆਦੀ ਬਣਾ ਦਿੰਦੀ ਹੈ। ਇਸੇ ਮਜਬੂਰੀ ਵਿਚ ਉਹ ਪੈਸਾ ਕਮਾਉਣ ਲਈ ਸਰੀਰ ਵੇਚਣ ਦੇ ਰਾਹ ਤੁਰ ਪੈਂਦੀ ਹੈ।

ਇਸੇ ਤਰ੍ਹਾਂ ਹੋਰ ਕਈ ਕੁੜੀਆਂ ਜਿਨ੍ਹਾਂ ਵਿਚ ਚੈਰੀ ਨਾਂ ਦੀ ਕੁੜੀ ਦਾ ਵੇਰਵਾ ਵੀ ਇਸੇ ਲੜੀ ਦਾ ਹਿੱਸਾ ਬਣਦਾ ਹੈ। ਇਹ ਸੋਹਣੀ ਕੁੜੀ ਸੁਨਾਮ ਰੇਲਵੇ ਰੋਡ ਤੇ ਪੁਰਾਣੇ ਕੱਪੜੇ ਵੇਚਦੀ ਵੇਚਦੀ ਇਸ ਕਿੱਤੇ ਵਿਚ ਆ ਫਸਦੀ ਹੈ। ਘਰ ਤੋਂ ਆਜ਼ਾਦੀ, ਪੈਸਾ ਤੇ ਖੁੱਲ੍ਹੇ ਕਾਮ ਸਬੰਧ ਉਸਨੂੰ ਛੇਤੀ ਹੀ ਭਰਮਾ ਲੈਂਦੇ ਹਨ।

ਇਸੇ ਤਰ੍ਹਾਂ ਕਈ ਗਰੀਬ ਘਰਾਂ ਦੀਆਂ ਹੋਰ ਕੁੜੀਆਂ ਜਿਵੇਂ ਤਾਨੀਆ, ਸੋਨਮ, ਪੂਨਮ ਵਗੈਰਾ ਦੇ ਨਿੱਕੇ ਵੇਰਵੇ ਇਸ ਪੇਸ਼ੇ ਦੇ ਕਰੂਪ ਚਿਹਰੇ ਦਾ ਪਰਤੌ ਬਣਦੇ ਹਨ।

ਇਨ੍ਹਾਂ ਕੁੜੀਆਂ ਦੇ ਨਾਲ ਨਾਲ ਆਰਕੈਸਟਰਾ ਗਰੁੱਪ ਚਲਾਉਣ ਦੇ ਕਾਰੋਬਾਰ ਵਿਚ ਆਏ ਕੁਝ ਮੁੰਡਿਆਂ ਦੀ ਗਾਥਾ ਵੀ ਨਾਵਲੀ ਕਥਾਨਕ ਵਿਚ ਅਹਿਮ ਬਣਦੀ ਹੈ। ਇਨ੍ਹਾਂ ਵਿਚ ਸਿੱਧੂ ਨਾਂ ਦੇ ਪਾਤਰ ਦਾ ਕਿਰਦਾਰ ਧਿਆਨ ਦੀ ਮੰਗ ਕਰਦਾ ਹੈ। ਸਿੱਧੂ ਕਾਲਜ ਪੜ੍ਹਦਿਆਂ ਭੰਗੜੇ ਦਾ ਸਿਰਕੱਢ ਕਲਾਕਾਰ ਬਣ ਜਾਂਦਾ ਹੈ ਪਰ ਗਲਤ ਆਦਤਾਂ ਦੇ ਵਸ ਪੈਣ ਨਾਲ ਉਹ ਘਰ ਬਾਰ ਦੇ ਫਿਕਰ ਤੋਂ ਮੂੰਹ ਮੋੜ ਲੈਂਦਾ ਹੈ। ਘਰਦੇ ਸੁਧਰ ਜਾਣ ਦੀ ਬਿਨਾ ਤੇ ਵਿਆਹ ਕਰ ਦਿੰਦੇ ਹਨ ਪਰ ਸ਼ਹਿਰ ਘੰਮਣ ਤੇ ਨਸ਼ੇ ਪੱਤੇ ਦਾ ਆਦੀ ਉਹ ਇਸ ਧੰਦੇ ਵਿਚ ਆ ਆਪਣੇ ਜ਼ਿੰਦਗੀ ਦਾ ਆਨੰਦ ਮਾਣਦਾ ਹੋਇਆ ਭਵਿੱਖ ਨੂੰ ਠੁੰਮਣਾਂ ਦੇਣ ਦੀ ਕੋਸ਼ਿਸ਼ ਕਰਦਾ ਹੈ। ਪਰ ਪਿੱਛੇ ਉਸਦੀ ਘਰਵਾਲੀ ਰਾਜ ਪਤੀ ਦੀ ਅਲਗਾਓਵਾਦੀ ਬਿਰਤੀ ਕਰਕੇ ਪਿੰਡ ਦੇ ਮੁੰਡੇ ਨਾਲ ਸਬੰਧ ਬਣਾ ਲੈਂਦੀ ਹੈ। ਸੱਸ ਨੂੰ ਪਤਾ ਲੱਗਣ ਤੇ ਉਹ ਸ਼ਰਮ-ਲਾਜ ਦਾ ਪੱਲਾ ਚੁੱਕ ਕੇ ਆਪਣੇ ਪਿਆਰ ਸਬੰਧਾਂ ਨੂੰ ਖੁੱਲ੍ਹ ਕੇ ਜ਼ਾਹਰ ਕਰ ਦਿੰਦੀ ਹੈ। ਮੌਕਾ ਪਾ ਕੇ ਉਹ ਆਪਣੇ ਪ੍ਰੇਮੀ ਨਾਲ ਘਰੋਂ ਨਿਕਲ ਜਾਂਦੀ ਹੈ। ਸਥਿਤੀ ਦੀ ਵਿਡੰਬਨਾ ਹੈ ਕਿ ਜਦੋਂ ਸਿੱਧੂ ਨੂੰ ਪਤਾ ਲੱਗਦਾ ਹੈ ਉਹ ਪੰਚਾਇਤ ਵਿਚ ਆ ਕੇ ਇਸ ਸਭ ਕੁਝ ਨਾਲ ਸਹਿਜੇ ਹੀ ਸਮਝੌਤਾ ਕਰ ਲੈਂਦਾ ਹੈ। ਆਪਣੇ ਕਾਰੋਬਾਰ ਦੀ ਸਿਰਦਰਦੀ ਤੇ ਸ਼ਹਿਰ ਵਿਚ ਕੁੜੀਆਂ ਨਾਲ ਖੁੱਲ੍ਹ ਖੇਡ ਤੇ ਪੈਸਾ ਕਮਾਉਣ ਦੀ ਲਾਲਸਾ ਉਸਨੂੰ ਨਸ਼ਾ ਪੱਤਾ ਵੇਚਣ ਦੇ ਰਾਹ ਵੀ ਤੋਰ ਲੈਂਦੀ ਹੈ। ਇਕ ਦਿਨ ਨਸ਼ਾ ਲਿਜਾਂਦਾ ਉਹ ਪੁਲਿਸ ਦੇ ਧੱਕੇ ਚੜ੍ਹ ਜਾਂਦਾ ਹੈ। ਜੇਲ੍ਹ ਕੱਟ ਕੇ ਜਦੋਂ ਉਹ ਆਪਣੇ ਘਰ ਆਉਂਦਾ ਹੈ ਤਾਂ ਉਸਦੀ ਘਰਵਾਲੀ ਆਪਣੇ ਪ੍ਰੇਮੀ ਦੇ ਨਾਲ ਉਸਦੇ ਘਰ ਵਿਚ ਰਹਿ ਕੇ ਸੁਖਾਵੀਂ ਜ਼ਿੰਦਗੀ ਤੋਰ ਲੈਂਦੀ ਹੈ। ਇਹ ਸਭ ਦੇਖਕੇ ਉਸਦਾ ਜਿਉਣ ਦਾ ਮਕਸਦ ਖਤਮ ਹੋ ਜਾਂਦਾ ਹੈ। ਨਾਵਲ ਦੇ ਅੰਤ ਵਿਚ ਘਰੋਂ ਨਿਕਲ ਕੇ ਉਹ ਨਹਿਰ ਦੇ ਕਿਨਾਰੇ ਕਿਨਾਰੇ ਤੁਰਦਾ ਦਿਖਾਇਆ ਗਿਆ ਹੈ। ਜਿਥੇ ਇਕ ਥਾਂ ਪਹੁੰਚ ਕੇ ਉਸਦੀ ਪੈੜ ਦੇ ਨਿਸ਼ਾਨ ਖਤਮ ਹੋ ਜਾਂਦੇ ਹਨ। ਇੰਜ ਨਾਵਲਕਾਰ ਇਸ ਪਾਤਰ ਦੇ ਦੁਖਦਾਈ ਅੰਤ ਦਾ ਜੀਵਨ ਬਿਰਤਾਂਤ ਸਿਰਜਦਾ ਹੈ।

ਨਾਵਲੀ ਕਥਾਨਕ ਵਿਚ ਪ੍ਰਸਤੁਤ ਉਪਰੋਕਤ ਜੀਵਨ ਬਿਰਤਾਂਤਾਂ ਨੂੰ ਸਮਾਜਿਕ, ਆਰਥਿਕ, ਸਭਿਆਚਾਰਕ ਤੇ ਇਤਿਹਾਸਕ ਸੰਦਰਭ ਵਿਚ ਰੱਖ ਕੇ ਦੇਖਿਆਂ ਹੀ ਇਸ ਵਿਸ਼ੇ ਦੀ ਗੰਭੀਰਤਾ ਨੂੰ ਜਾਣਿਆ ਜਾ ਸਕਦਾ ਹੈ। ਕਿਉਂਕਿ ਸਾਡੇ ਸਮਕਾਲ ਦੀਆਂ ਸਮੱਸਿਆਵਾਂ ਆਧਾਰਿਤ ਇਹ ਨਾਵਲ ਕਈ ਜਟਿਲ ਮਸਲਿਆਂ ਨੂੰ ਮੁਖਾਤਿਬ ਹੋ ਰਿਹਾ ਹੈ। ਇਨ੍ਹਾਂ ਮਸਲਿਆਂ ਦੇ ਸੰਕੇਤ ਸਾਨੂੰ ਨੌਜੁਆਨਾਂ ਵਿਚ ਵਧਦੀ ਬੇਚੈਨੀ ਦੇ ਰੂਪ ਵਿਚ ਸਾਫ ਦਿਖਾਈ ਦਿੰਦੇ ਹਨ। ਇਹ ਬੇਚੈਨੀ ਨਸ਼ੇ ਦੀ ਸਮੱਸਿਆ, ਪਰਿਵਾਰਕ ਰਿਸ਼ਤਿਆਂ ਵਿਚ ਟੁੱਟ ਭੱਜ ਦੇ ਨਾਲ ਨਾਲ ਸਮਾਜਿਕ, ਸਭਿਆਚਾਰਕ ਤੇ ਨੈਤਿਕ ਮੁੱਲਾਂ ਦੀ ਗਿਰਾਵਟ, ਜ਼ਿੰਮੇਵਾਰੀਆਂ ਤੋਂ ਭਾਂਜਵਾਦੀ ਰੁਚੀਆਂ ਦੇ ਪਸਰਨ ਅਤੇ ਵਿਕਰਤ ਮਨੁੱਖ ਦੀ ਉਸਾਰੀ ਦੇ ਰੂਪ ਵਿਚ ਦੇਖੀ ਜਾ ਸਕਦੀ ਹੈ। ਨਾਵਲ ਵਿਚ ਪ੍ਰਸਤੁਤ ਆਰੰਭਲਾ ਵਾਕਿਆ ਸੂਚਨਾ ਕ੍ਰਾਂਤੀ ਦੇ ਵਰਤਾਰੇ ਦੀ ਪੇਂਡੂ ਜੀਵਨ ਵਿਚ ਕਿਸ ਰੂਪ ਵਿਚ ਘੁਸਪੈਠ ਹੋ ਰਹੀ ਹੈ,ਦੇ ਸੰਦਰਭ ਵਿਚ ਦੇਖਿਆ ਜਾ ਸਕਦਾ ਹੈ। ਮੋਬਾਇਲ ਫ਼ੋਨ ਤੇ ਕੀਤੀ ਸੈਟਿੰਗ ਦੇ ਆਧਾਰ ਤੇ ਪਿੰਡ ਦੇ ਦੋ ਮੁੰਡੇ ਅੱਧੀ ਰਾਤ ਨੂੰ ਪਿੰਡ ਦੀ ਕੁੜੀ ਨੂੰ ਮੋਟਰਸਾਈਕਿਲ ਤੇ ਬਿਠਾ ਕੇ ਮੋਟਰ ਤੇ ਲਿਜਾ ਕੇ ਦਾਰੂ ਪੀਂਦੇ ਹੋਏ ਰਲ ਕੇ ਰੰਗਰਲੀਆਂ ਮਨਾਉਂਦੇ ਦਿਖਾਏ ਗਏ ਹਨ। ਇਥੇ ਨਾ ਮੁਹੱਬਤ ਦਾ ਭਾਵੁਕ ਸਬੰਧ ਹੈ ਤੇ ਨਾ ਹੀ ਪਿਆਰ ਦੇ ਕਬਜ਼ੇ ਦਾ। ਭਾਵ ਕਿ ਪੇਂਡੂ ਜੀਵਨ ਵਿਚ ਪ੍ਰੋ.ਪੂਰਨ ਸਿੰਘ ਦਾ ਪੰਜਾਬ ਦੇ ਨੌਜੁਆਨਾਂ ਦੇ ਕਿਰਦਾਰ ਦਾ ਇਹ ਵਰਨਣ ਕਿ 'ਪਿਆਰ ਨਾਲ ਇਹ ਕਰਨ ਗੁਲਾਮੀ, ਜਾਨ ਕੋਹ ਆਪਣੀ ਵਾਰ ਦੇਂਦੇ'ਬੀਤੇ ਦੀ ਬਾਤ ਬਣ ਗਈ ਹੈ। ਪਿਆਰ ਨੂੰ ਲੈ ਕੇ ਨੌਜੁਆਨੀ ਵਿਚ ਆ ਰਿਹਾ ਇਹੋ ਜਿਹਾ ਵੇਗ ਤੇ ਪ੍ਰਵਿਰਤੀ ਕਿਥੋਂ ਦਿਸ਼ਾ ਲੈ ਰਹੀ ਹੈ ਕਿ ਇਕ ਕੁੜੀ ਲਈ ਪਿਆਰ ਸਬੰਧਾਂ ਦੇ ਮਾਅਨੇ



ਇਸ ਕਦਰ ਬਦਲ ਗਏ ਹਨ ਕਿ ਕਿਸੇ ਵੇਲੇ ਮਰਦ ਭੋਗੀ ਬਣਿਆ ਆ ਰਿਹਾ ਸੀ ਤੇ ਹੁਣ ਔਰਤ ਮਰਦ ਨੂੰ ਭੋਗਣ ਵਾਲੀ ਬਿਰਤੀ ਦੀ ਗ੍ਰਿਫਤ ਵਿਚ ਆ ਗਈ ਹੈ। ਨਿਰਸੰਦੇਹ ਇਹ ਪ੍ਰਵਿਰਤੀ ਸ਼ੋਸ਼ਿਲ ਨੈਟਵਰਕਿੰਗ ਦੇ ਮਾਨਵ ਹਿਤੈਸ਼ੀ ਕਾਰੋਬਾਰ ਦੇ ਨਾਂ ਤੇ ਸਾਡੇ ਸੁਹਜ ਸਵਾਦ ਨੂੰ ਵਰਗਲਾਉਣ ਦੀ ਇਕ ਵੱਡੀ ਸਾਜਿਸ਼ ਦੀ ਪੈਦਾਇਸ਼ ਹੈ। ਕਿਉਂਕਿ ਸੂਚਨਾ ਤਕਨਾਲੋਜੀ ਦਾ ਇਨਕਲਾਬ ਮਾਨਵ-ਹਿੱਤ ਵਾਲੇ ਗਿਆਨ ਵਿਗਿਆਨ ਤੋਂ ਜ਼ਿਆਦਾ ਖਪਤਵਾਦ ਦੀਆਂ ਨੀਤੀਆਂ ਦਾ ਸਹਾਈ ਸਿੱਧ ਹੋ ਰਿਹਾ ਹੈ। ਇਸਨੇ ਪੇਂਡੂ ਜੀਵਨ ਵਿਚ ਦਿਨੋ ਦਿਨ ਵੱਧ ਰਹੀ ਵਾਫਰ ਕਿਰਤ ਸ਼ਕਤੀ ਨੂੰ ਸਾਹ ਸੱਤ ਹੀਣ ਕਰਨ ਵਿਚ ਵੱਡੀ ਭੂਮਿਕਾ ਨਿਭਾਈ ਹੈ ਤੇ ਇਹ ਅਮਲ ਲਗਾਤਾਰ ਚੱਲ ਰਿਹਾ ਹੈ।

ਦੂਜਾ ਅਮਲ ਪੇਂਡੂ ਜੀਵਨ ਵਿਚ ਵਿਆਹ ਦੇ ਸਭਿਆਚਾਰਕ ਵਰਤਾਰੇ ਨੂੰ ਤਬਦੀਲ ਕਰਕੇ ਮੈਰਿਜ ਪੈਲੇਸ ਤੇ ਡੀ. ਜੇ. ਕਲਚਰ ਤੱਕ ਘਟਾ ਦੇਣ ਦੀ ਵੱਧ ਰਹੀ ਪ੍ਰਵਿਰਤੀ ਦੇ ਰੂਪ ਵਿਚ ਸਮਝਿਆ ਜਾ ਸਕਦਾ ਹੈ। ਅੱਜ ਇਸ ਕਲਚਰ ਨੇ ਪੇਂਡੂ ਨਿਮਨ ਮੱਧ ਵਰਗੀ ਮਨੁੱਖ ਤੱਕ ਆਪਣੀ ਪਹੁੰਚ ਬਣਾ ਲਈ ਹੈ। ਕਿਉਂਕਿ ਨਾਵਲੀ ਬਿਰਤਾਂਤ ਵਿਚ ਪ੍ਰਮੁੱਖ ਤੌਰ ਤੇ ਇਸ ਵਰਤਾਰੇ ਦੇ ਆਲੇ ਦੁਆਲੇ ਜੀਵੰਤ ਰੂਪ ਵਿਚ ਵਾਪਰਦੀਆਂ ਘਟਨਾਵਾਂ ਉਤੇ ਕੇਂਦ੍ਰਿਤ ਕੀਤਾ ਗਿਆ ਹੈ। ਇਸ ਲਈ ਨਾਵਲ ਵਿਚ ਇਕਹਿਰੇ ਰੂਪ ਵਿਚ ਨਜ਼ਰ ਆਉਣ ਵਾਲੀਆਂ ਇਨ੍ਹਾਂ ਘਟਨਾਵਾਂ ਦੇ ਆਰ ਪਾਰ ਕਈ ਗੁੰਝਲਦਾਰ ਮਸਲਿਆਂ ਨੂੰ ਫੜਿਆ, ਸਮਝਿਆ ਜਾ ਸਕਦਾ ਹੈ। ਮੂਲ ਰੂਪ ਵਿਚ ਸਰਮਾਏਦਾਰੀ ਮੁਨਾਫੇ ਦੀ ਮੰਡੀ ਇਸ ਵਰਤਾਰੇ ਦੀ ਜੜ੍ਹ ਵਿਚ ਪਈ ਹੈ। ਕਿਉਂਕਿ ਸਰਮਾਏਦਾਰਾਨਾ ਮੰਡੀ ਦੀ ਵੱਡੀ ਜ਼ਰੂਰਤ ਭੋਗੀ ਤੇ ਖਪਤਵਾਦੀ ਰੂਪ ਵਿਚ ਮਨੁੱਖ ਨੂੰ ਢਾਲਣ ਦੇ ਵਿਚ ਨਿਹਿਤ ਹੈ। ਇਸ ਕਰਕੇ ਮੈਰਿਜ ਪੈਲੇਸ ਵਿਚ ਅਸੀਂ ਵਿਆਹ ਦੇ ਕਾਰੋਬਾਰ ਵਿਚ ਸ਼ਰੀਕ ਹੋ ਕੇ ਆਪਣੀ ਜ਼ਿੰਮੇਵਾਰੀ ਅਦਾ ਕਰਨ ਨਹੀਂ ਜਾਂਦੇ ਸਗੋਂ ਭੋਗੀ ਬਿਰਤੀ ਨੂੰ ਪੱਠੇ ਪਾਉਣ ਦਾ ਕਾਰਜ ਅਦਾ ਕਰਨ ਜਾਂਦੇ ਹਾਂ। ਕਿਉਂਕਿ ਉਥੇ ਤੁਹਾਡੀ ਹਰ ਜ਼ਿੰਮੇਵਾਰੀ ਨੂੰ ਨਿਭਾਉਣ ਵਾਲੇ ਪੇਡ ਵਰਕਰ ਹੁੰਦੇ ਹਨ। ਉਥੇ ਤੁਸੀਂ ਸਿਰਫ ਇੰਜੁਆਏ ਕਰਨਾ ਹੁੰਦਾ ਹੈ। ਮਰਦ ਪ੍ਰਧਾਨਗੀ ਵਾਲੇ ਸਾਡੇ ਸਮਾਜ ਵਿਚ ਇਹ ਇੰਜੁਆਏ ਸ਼ਰਾਬ ਤੇ ਸ਼ਬਾਬ ਤੋਂ ਕਿਵੇਂ ਵਿਰਵਾ ਰਹਿ ਸਕਦਾ ਹੈ? ਇਸੇ ਵਿਚੋਂ ਮੈਰਿਜ ਪੈਲੇਸ ਵਿਚ ਵਿਆਹ ਉਤੇ ਆਰਕੈਸਟ੍ਰਾ ਗਰੁੱਪਾਂ ਦਾ ਕਾਰੋਬਾਰ ਹੋਂਦ ਵਿਚ ਆਉਂਦਾ ਹੈ। ਜਿਸ ਵਿਚ ਆਪੋ-ਆਪਣੀ ਪੁੱਜਤ ਦੇ ਆਧਾਰ ਤੇ ਸੋਹਣੀਆਂ ਕੁੜੀਆਂ ਦੀ ਮੰਗ ਵਧਦੀ ਹੈ। ਇਸ ਮੰਗ ਦੀ ਪੂਰਤੀ ਨੇ ਸੂਬੇ ਤੋਂ ਬਾਹਰਲੀਆਂ ਕੁੜੀਆਂ ਨੂੰ ਵੀ ਪ੍ਰਭਾਵਿਤ ਕੀਤਾ ਉਥੇ ਤੇਜ਼ੀ ਨਾਲ ਪੇਂਡੂ ਤੇ ਸ਼ਹਿਰੀ ਨਿਮਨ ਵਰਗ ਦੀਆਂ ਕੁੜੀਆਂ ਨੂੰ ਚੰਗਾ ਰੁਜ਼ਗਾਰ ਮਿਲਣ ਦੇ ਬਹਿਕਾਵੇ ਵਿਚ ਲੈ ਆਂਦਾ। ਇਸ ਨਾਵਲ ਵਿਚ ਆਰਕੈਸਟ੍ਰਾ ਗਰੁੱਪਾਂ ਵਿਚ ਸੋਹਣੀਆਂ ਕੁੜੀਆਂ ਦੀ ਵਧਦੀ ਮੰਗ ਦੀ ਪੂਰਤੀ ਕਰਨ ਲਈ ਭਟਕਦੇ ਨੌਜੁਆਨਾਂ ਦੇ ਤਣਾਓ ਤੇ ਟਕਰਾਓ ਨੂੰ ਬਾਰੀਕੀ ਨਾਲ ਸਮਝਣ ਦੀ ਜ਼ਰੂਰਤ ਬਣਦੀ ਹੈ। ਇਸ ਨਾਵਲ ਵਿਚ ਇਸ ਸਥਿਤੀ ਦੇ ਬਿਰਤਾਂਤਕ ਵੇਰਵੇ ਭਰਵੇਂ ਰੂਪ ਵਿਚ ਆਏ ਹਨ। ਇਕ ਵੇਰਵਾ ਦੇਖੋ:

"ਪ੍ਰੋਗਰਾਮ ਬੰਦ ਕਰਦੇ ਬਾਈ।" ਉਹਨਾਂ ਨੇ ਸਟੇਜ ਸੰਚਾਲਨ ਕਰਦੇ ਸਿੱਧੂ ਨੂੰ ਘੇਰ ਲਿਆ।

"ਜਿਹੜੀਆਂ ਕਹੀਆਂ ਸੀ ਉਨ੍ਹਾਂ ਤੋਂ ਬਿਨਾਂ ਅਸੀਂ ਕਿਸੇ ਨੂੰ ਸਟੇਜ 'ਤੇ ਨਹੀਂ ਚੜ੍ਹਨ ਦਿੰਦੇ। ਤੈਂ ਸਾਲਿਆ ਇਹ ਤੋਕੜ ਜਿਹੀਆਂ ਮਜਬਣਾਂ ਲਿਆ ਕੇ ਚਾੜ੍ਹਤੀਆਂ ਇਥੇ।" ਇਕ ਮੁੰਡਾ ਉਸ ਨੂੰ ਖਾਣ ਤੱਕ ਆਇਆ।

"ਬਾਈ ਤੂੰ ਗਾਲ੍ਹ ਕਿਉਂ ਕੱਢਦੈਂ, ਸਿੱਧੇ ਮੂੰਹ ਗੱਲ ਕਰ।" ਸਿੱਧੂ ਦੀ ਜਾਨ ਕੁੜਿੱਕੀ ਵਿਚ ਆ ਗਈ ਸੀ।

"ਗਾਲ੍ਹ ਕਿਉਂ ਨਾ ਕੱਢੀਏ? ਤੈਂ ਸਾਲਿਆ ਸਾਡੇ ਵਿਆਹ ਦੀ ਪੱਟੀ ਮੇਸ ਕਰਤੀ।" ਲਾੜੇ ਦੇ ਚਾਚੇ ਨੇ ਸਿੱਧੂ ਦੀ ਹਿੱਕ ਵਿਚ ਧੱਫਾ ਮਾਰਿਆ। ਸਿੱਧੂ ਡਿੱਗਦਾ ਡਿੱਗਦਾ ਮਸਾਂ ਬਚਿਆ।

ਇਸ ਗਲਪੀ ਸੰਵਾਦ ਵਿਚ ਪੰਜਾਬੀ ਬੰਦੇ ਦੀ ਸੋਹਣੀ ਔਰਤ ਨੂੰ ਭੋਗਣ ਦੀ ਬਜ਼ਾਰੂ ਪ੍ਰਵਿਰਤੀ ਖ਼ੂੰਖਾਰ ਰੂਪ ਵਿਚ ਦਿਖਾਈ ਦਿੰਦੀ ਹੈ। ਜਿਸ ਵਿਚ ਜਾਗੀਰੂ ਦਾਬੇ ਦਾ ਰਲਾ ਵੀ ਹੈ ਤੇ ਜਾਤੀ ਹਉਂਮੇ ਦੀ ਚੜ੍ਹਤ ਵੀ। ਪਰੰਤੂ ਇਥੇ ਦੋ ਤੰਦਾਂ ਨੂੰ ਫੜਨਾ ਹੀ ਵਾਜਵ ਲੱਗਦਾ ਹੈ। ਪਹਿਲੀ ਪ੍ਰੋਗਰਾਮ ਸੰਚਾਲਕ ਤੇ ਸੰਸਥਾਪਕ ਸਿੱਧੂ ਦਾ ਤਣਾਓ ਜਿਹੜਾ ਮੰਗ ਦੇ ਮੁਤਾਬਿਕ ਸੋਹਣੀਆਂ ਕੁੜੀਆਂ ਨੂੰ ਅਰੇਂਜ ਨਹੀਂ ਕਰ ਸਕਿਆ। ਦੂਜੀ ਬਰਾਤੀਆਂ ਦੀ ਸਵਾਦ ਖਰਾਬ ਕਰਨ ਦੀ ਤਲਖੀ ਜਿਸਨੇ ਉਨ੍ਹਾਂ ਦੇ ਮਾਨ ਸਨਮਾਨ ਉੱਤੇ ਗਹਿਰੀ ਸੱਟ ਮਾਰੀ ਸੀ। ਸਿੱਧੂ ਦੇ ਤਣਾਓਗ੍ਰਸਤ ਹੋਣ ਪਿੱਛੇ ਇਹੀ ਘਟਨਾ ਨਹੀਂ ਕਿ ਹੁਣ ਉਸ ਨਾਲ ਕੁਝ ਵੀ ਵਾਪਰ ਸਕਦਾ ਹੈ;ਮਸਲਨ ਉਸ ਦੇ ਪੈਸੇ ਮਾਰੇ ਜਾ ਸਕਦੇ ਹਨ ਜਾਂ ਉਸ ਦੀ ਮਾਰ ਕੁਟਾਈ ਹੋ ਸਕਦੀ ਹੈ ਸਗੋਂ ਇਹ ਵੀ ਵੱਡਾ ਫਿਕਰ ਹੈ ਕਿ ਇਸ ਕਾਰੋਬਾਰ ਵਿਚ ਉਸਦੀ ਸ਼ਾਖ ਨੂੰ ਧੱਬਾ ਲੱਗਦਾ ਹੈ ਜਿਸ ਨਾਲ ਉਸ ਦਾ ਭਵਿੱਖ ਮਾਰਿਆ ਜਾ ਸਕਦਾ ਹੈ। ਦੂਜੇ ਪਾਸੇ ਸਥਿਤੀ ਦੀ ਵਿਡੰਬਨਾ ਦੇਖੋ ਕਿ ਵਿਆਹ ਦਾ ਇਹ ਪ੍ਰੋਗਰਾਮ ਖੜ੍ਹਿਆ ਹੀ ਸੋਹਣੀਆਂ ਕੁੜੀਆਂ ਦੀ ਸ਼ਬਾਬ ਰੱਤੀ ਪੇਸ਼ਕਾਰੀ ਦੇ ਸਿਰ ਤੇ ਹੈ। ਜਿਸ ਦੀ ਮੰਗ ਏਨੀ ਵਧ ਗਈ ਹੈ ਕਿ ਸਿੱਧੂ ਵਰਗੇ ਸਧਾਰਨ ਕਾਰੋਬਾਰੀ ਨੌਜੁਆਨ ਦੇ ਵਸ ਤੋਂ ਬਾਹਰੀ ਗੱਲ ਹੋ ਗਈ ਹੈ। ਕਿਉਂ ਜੋ ਪੈਸਾ ਕੀਮਤਾਂ ਨੂੰ ਪ੍ਰਣਾਏ ਇਸ ਧੰਦੇ ਵਿਚ ਆਮ ਬੰਦਾ ਟਿਕ ਨਹੀਂ ਸਕਦਾ। ਜਿਸ ਕਾਰੋਬਾਰ ਰਾਹੀਂ ਸਿੱਧੂ ਵਰਗੇ ਨੌਜੁਆਨ ਆਪਣਾ ਭਵਿੱਖ ਤਲਾਸ਼ਦੇ ਹਨ ਇਸ ਯੁੱਗ ਵਿਚ ਉਨ੍ਹਾਂ ਦੇ ਅੱਗੇ ਵੱਡੇ ਚੈਲੰਜ ਆਉਣੇ ਸੁਭਾਵਿਕ ਹਨ ਕਿਉਂ ਜੋ ਇਸਦਾ ਮੁਕਾਬਲਾ ਕਰਨ ਦੀ ਸ਼ਕਤੀ ਉਨ੍ਹਾਂ ਵਿਚ ਨਹੀਂ ਹੈ। ਇਸਦੇ ਮਾਰੂ ਨਤੀਜੇ ਇਸ ਨਾਵਲੀ ਬਿਰਤਾਂਤ ਵਿਚ ਪਏ ਹਨ।

ਦੂਜਾ ਸੰਦਰਭ ਇਸ ਮੰਗ ਦੇ ਉਪਭੋਗਤਾ ਮਨੁੱਖ ਦੀ ਪ੍ਰਵਿਰਤੀ ਨੂੰ ਸਮਝਣ ਦਾ ਹੈ। ਉਸਦੇ ਲਈ ਵਿਆਹ ਦੇ ਸਮਾਗਮ ਦੀ ਸ਼ਾਨ ਪੈਸੇ ਦੇ ਜ਼ੋਰ ਦੇ ਨਾਲ ਸੋਹਣੀਆਂ ਕੁੜੀਆਂ ਨੂੰ ਸਟੇਜ ਤੇ ਨਚਾ ਕੇ ਆਪਣੀ ਤੇ ਆਪਣੇ ਵਰਗੇ ਪੰਜਾਬੀ ਬੰਦੇ ਦੀ ਕਾਮ ਹਵਸ ਨੂੰ ਤ੍ਰਿਪਤ ਕਰਨ ਵਿਚ ਪਈ ਹੈ। ਇਸ ਪ੍ਰਵਿਰਤੀ ਦਾ ਸੰਚਾਲਨ ਕਿਥੋਂ ਹੋ ਰਿਹਾ ਹੈ? ਸਾਡੀ ਜਾਚੇ ਇਥੇ ਵੀ ਪੈਸਾ ਕੀਮਤਾਂ ਨੂੰ ਪ੍ਰਣਾਈ ਸਰਮਾਏਦਾਰਾਨਾ ਉਪਭੋਗੀ ਬਿਰਤੀ ਆਪਣਾ ਜਲਵਾ ਦਿਖਾ ਰਹੀ ਹੈ। ਇਸਦਾ ਇਕ ਵੱਡਾ ਪੱਖ ਪੈਸੇ ਦੇ ਸਿਰ ਤੇ ਔਰਤ ਨੂੰ ਕਿਸੇ ਨਾ ਕਿਸੇ ਰੂਪ ਵਿਚ ਆਪਣੀ ਕਾਮ ਭੁੱਖ ਦੀ ਪੂਰਤੀ ਦਾ ਮਾਧਿਅਮ ਸਮਝ ਲੈਣਾ ਹੈ ਜਿਸਨੂੰ ਅੱਜ ਬਾਜ਼ਾਰ ਕਈ ਤਰੀਕਿਆਂ ਨਾਲ ਪਰੋਸ ਰਿਹਾ ਹੈ। ਇਥੇ ਇਸ ਗੱਲ ਤੇ ਵੀ ਨਜ਼ਰਸਾਨੀ ਕਰਨੀ ਬਣਦੀ ਹੈ ਕਿ ਇਸ ਦਾ ਉਪਭੋਗੀ ਹੁਣ ਧਨਾਡ ਬੰਦਾ ਹੀ ਨਹੀਂ ਰਿਹਾ ਸਗੋਂ ਮੱਧਵਰਗੀ ਮਨੁੱਖ ਵੀ ਬਣ ਗਿਆ ਹੈ। ਇਸ ਲਈ ਆਮ ਪੰਜਾਬੀ ਬੰਦੇ ਦੇ ਸੁਭਾਅ ਵਿਚ ਆਉਣ ਵਾਲੀ ਇਸ ਪ੍ਰਵਿਰਤੀ ਦੀਆਂ ਜੜ੍ਹਾਂ ਡੂੰਘੀਆਂ ਤੇ ਜਟਿਲ ਹਨ ਪਰ ਪੰਜਾਬੀ ਸਭਿਆਚਾਰ ਵਿਚ ਵਿਆਹ ਦੀ ਰੀਤ ਦੇ ਹੁਲਾਸਮਈ ਮੌਕੇ ਨੂੰ ਉਪਭੋਗੀ ਬਿਰਤੀ ਨੇ ਕਿਵੇਂ ਕਾਬੂ ਕਰ ਲਿਆ ਹੈ ਇਹ ਆਪਣੇ ਆਪ ਵਿਚ ਗੰਭੀਰ ਮਸਲਾ ਬਣ ਜਾਂਦਾ ਹੈ। ਕਿਉਂਕਿ ਇਥੇ ਆ ਕੇ ਵਿਆਹ ਦਾ ਰਿਸ਼ਤਾ, ਇਸ ਨਾਲ ਬਣਨ ਵਾਲੇ ਨਵੇਂ ਰਿਸ਼ਤੇ ਅਤੇ ਰੀਤਾਂ ਰਸਮਾਂ ਬੇਮਾਅਨੇ ਹੋ ਗਈਆਂ ਹਨ। ਸਾਡੀ ਨਜ਼ਰੇ ਪੰਜਾਬੀ ਬੰਦੇ ਦੇ ਮਾਨਸਿਕ ਵਿਗਠਨ ਦਾ ਇਸ ਤੋਂ ਵੱਧ ਹੋਰ ਨਿਘਾਰ ਕੀ ਹੋ ਸਕਦਾ ਹੈ? ਇਸ ਮਸਲੇ ਪ੍ਰਤੀ ਸੰਕੇਤ ਕਰਨ ਵਿਚ ਨਾਵਲਕਾਰ ਦੀ ਕਲਾਤਮਕ ਪ੍ਰਾਪਤੀ ਦੇਖੀ ਜਾ ਸਕਦੀ ਹੈ।

ਇਸ ਨਾਵਲ ਦੇ ਵਸਤੂ-ਯਥਾਰਥ ਵਿਚ ਔਰਤ ਪਾਤਰਾਂ ਦੇ ਜੀਵਨ ਵੇਰਵਿਆਂ ਦਾ ਚਿਤਰਣ ਭਰਵੇਂ ਰੂਪ ਵਿਚ ਹੁੰਦਾ ਹੈ। ਇਨ੍ਹਾਂ ਕੁੜੀਆਂ/ ਔਰਤਾਂ ਦੇ ਪੇਸ਼ੇ ਵਿਚ ਆਉਣ ਤੋਂ ਪਹਿਲਾਂ ਦਾ ਜੀਵਨ ਤੇ ਪੇਸ਼ੇ ਦੌਰਾਨ ਅੰਦਰਲੀਆਂ ਸਥਿਤੀਆਂ ਤੇ ਆਖਰ ਨੂੰ ਇਹ ਪੇਸ਼ਾ ਇਨ੍ਹਾਂ ਦੀ ਜੀਵਨ ਪੂੰਜੀ ਲਈ ਕੀ ਛੱਡ ਕੇ ਜਾਂਦਾ ਹੈ, ਸਮੁੱਚਾ ਗਲਪੀ ਬਿਰਤਾਂਤ ਇਸ ਦੇ ਆਲੇ ਦੁਆਲੇ ਫੈਲਦਾ ਹੈ। ਇਹ ਪੇਸ਼ਾ ਕਿਸ ਤਬਕੇ ਦੀਆਂ ਔਰਤਾਂ ਨੂੰ ਆਕਰਸ਼ਿਤ ਕਰਦਾ ਹੈ? ਇਨ੍ਹਾਂ ਦੀ ਪਰਿਵਾਰਕ ਤੇ ਆਰਥਿਕ ਸਥਿਤੀ ਕੀ ਹੈ? ਇਸ ਪੇਸ਼ੇ ਵਿਚ ਇਨ੍ਹਾਂ ਔਰਤਾਂ ਦਾ ਭਵਿਖ ਕੀ ਹੈ? ਇਨ੍ਹਾਂ ਸਾਰੇ ਸਵਾਲਾਂ ਤੇ ਨਜ਼ਰਸਾਨੀ ਕਰਨੀ ਜ਼ਰੂਰੀ ਬਣਦੀ



ਹੈ। ਇਨ੍ਹਾਂ ਕਿਰਦਾਰਾਂ ਦੀ ਜਾਤੀਗਤ ਪਹਿਚਾਣ ਨੂੰ ਨਾਵਲਕਾਰ ਕਈ ਥਾਵਾਂ ਤੇ ਸਪਸ਼ਟ ਕਰ ਜਾਂਦਾ ਹੈ ਤੇ ਕਈ ਥਾਵਾਂ ਤੇ ਪਰਿਵਾਰਕ ਸਥਿਤੀ ਵੀ ਇਨ੍ਹਾਂ ਦੀ ਜਾਤੀਗਤ ਪਛਾਣ ਦੀ ਜ਼ਾਮਨ ਬਣ ਜਾਂਦੀ ਹੈ। ਇਸ ਸਭ ਔਰਤ ਪਾਤਰ ਨਿਮਨ ਜਾਤੀਆਂ ਵਿਚੋਂ ਹਨ। ਇਹ ਨਹੀਂ ਕਿ ਇਨ੍ਹਾਂ ਸਭਨਾਂ ਨੇ ਆਰਥਿਕ ਮਜਬੂਰੀ ਕਰਕੇ ਇਸ ਪੇਸ਼ੇ ਨੂੰ ਚੁਣਿਆ ਹੈ। ਭਾਵੇਂ ਇਕਾ ਦੁੱਕਾ ਕੁੜੀਆਂ ਲਈ ਆਰਥਿਕ ਮਜਬੂਰੀ ਵੱਡਾ ਕਾਰਨ ਬਣਦਾ ਹੈ। ਪਰ ਵਿਚਲੀ ਗੱਲ ਸਭਿਆਚਾਰਕ ਪੁਜੀਸ਼ਨ ਦੀ ਹੈ। ਨਿਮਨ ਜਾਤੀਆਂ ਵਿਚੋਂ ਆਉਣ ਵਾਲੀਆਂ ਕੁੜੀਆਂ/ ਔਰਤਾਂ ਦੀ ਸਮਾਜ-ਸਭਿਆਚਾਰਕ ਪੁਜੀਸ਼ਨ ਹੀ ਇਸ ਪੇਸ਼ੇ ਵਿਚ ਜਾਣ ਦੀ ਆਜ਼ਾਦੀ ਦਿੰਦੀ ਹੈ। ਕਿਉਂਕਿ ਸਾਡੇ ਸਮਾਜ ਵਿਚ ਪੇਸ਼ੇ ਦੀ ਵੀ ਇਕ ਪੁਜੀਸ਼ਨ ਹੈ। ਇਸੇ ਕਰਕੇ ਇਸ ਪੇਸ਼ੇ ਵਿਚ ਆਉਣ ਵਾਲੀ ਹਰ ਔਰਤ ਜਗੀਰੂ ਮਾਨਸਿਕਤਾ ਨੂੰ ਭੋਗਣ ਵਾਲੀ ਵਸਤ ਇਸੇ ਕਰਕੇ ਜਾਪਦੀ ਹੈ ਕਿਉਂਕਿ ਉਸਦੀ ਸਮਾਜਿਕ ਹੈਸੀਅਤ ਹੀਣਤਾ ਵਾਲੀ ਹੈ ਤੇ ਜਿਸਨੂੰ ਭੋਗਣ ਲਈ ਜਗੀਰੂ ਸੰਸਕ੍ਰਿਤੀ ਮਰਦ ਨੂੰ ਪੂਰਾ ਸਹਿਯੋਗ ਵੀ ਦਿੰਦੀ ਹੈ। ਨਾਵਲ ਵਿਚ ਇਸ ਸਥਿਤੀ ਦਾ ਮਾਰਮਿਕ ਚਿਤਰਣ ਮਿਲਦਾ ਹੈ ਜਦੋਂ ਇਕ ਬਰਾਤੀ ਆ ਕੇ ਨੱਚਦੀ ਕੁੜੀ ਦੀ ਬਾਂਹ ਫੜ ਲੈਂਦਾ ਹੈ ਤਾਂ ਕੁੜੀ ਉਸਦੇ ਚਪੇੜ ਮਾਰ ਬਹਿੰਦੀ ਹੈ। ਸੰਵਾਦ ਦੇਖੋ:

ਉਹ ਭਖਿਆ-ਭਖਾਇਆ ਪਰਮ (ਪ੍ਰੋਗਰਾਮ ਸੰਚਾਲਕ) ਕੋਲ ਗਿਆ, "ਕੁੜੀਆਂ ਲੈ ਜਾ ਬੱਸ। ਪ੍ਰੋਗਰਾਮ ਨੀ ਲੱਗਣਾ।"

"ਆਹ ਮਾਂ ਚੋ...ਦੋ ਆਨਿਆਂ ਦੀ ਤੀਵੀਂ ਨੀ, ਮੇਰੇ ਸਾਰਿਆਂ ਦੇ ਸਾਹਮਣੇ ਥੱਪੜ ਮਾਰ ਗੀ।"

"ਜਿਵੇਂ ਤੂੰ ਕਹੇਂਗਾ, ਉਵੇਂ ਕਰਲਾਂਗੇ। ਤੂੰ ਦੱਸ।" ਪਰਮ ਨੇ ਕੇਵਲ ਨੂੰ ਹਰ ਹਾਲ ਮਨਾਉਣਾ ਚਾਹਿਆ।

"ਉਰੇ ਆ।" ਪਰਮ ਨੂੰ ਕੇਵਲ ਨੇ ਇਸ਼ਾਰੇ ਨਾਲ ਇਕ ਪਾਸੇ ਕਰ ਲਿਆ, "ਮੇਰੀ ਇਹਦੇ ਨਾਲ ਨਾਈਟ ਲਵਾ। ਮਾ ਚੋ... ਨਾਲ। ਫੇਰ ਦੇਖਦਾਂ ਕਿਹਦੇ 'ਚ ਕਿੰਨਾ ਦਮ ਐ।"


ਇਸ ਗਰੀਬ ਘਰ ਦੀ ਕੁੜੀ ਦਾ ਨਾਂ ਸੋਨਮ ਹੈ ਜੋ ਕਲਕੱਤੇ ਤੋਂ ਆ ਕੇ ਇਸ ਪੇਸ਼ੇ ਰਾਹੀਂ ਆਪਣੇ ਘਰ ਦਾ ਗੁਜ਼ਾਰਾ ਚਲਾਉਂਦੀ ਹੈ। ਇਥੇ ਉਸਦਾ ਆਪਣਾ ਕੋਈ ਨਹੀਂ। ਮਜਬੂਰੀ ਵਿਚ ਉਸਨੂੰ ਆਪਣੇ ਇੰਪਲਾਇਰ ਦੀ ਗੱਲ ਮੰਨਣੀ ਪੈਂਦੀ ਹੈ। ਇਥੇ ਅਸੀਂ ਸਾਡੇ ਅਰਥਚਾਰੇ ਵਿਚ ਤੇਜ਼ੀ ਨਾਲ ਪੈਰ ਪਾਸਾਰ ਰਹੇ ਗੈਰ ਸੰਗਠਿਤ ( Unorganised ) ਖੇਤਰ ਵਿਚ ਮਨੁੱਖ ਤੇ ਖਾਸ ਕਰਕੇ ਨਿਮਨ ਜਾਤੀ ਦੀ ਔਰਤ ਦੇ ਸ਼ੋਸ਼ਣ ਨੂੰ ਬਾਖੂਬੀ ਦੇਖ ਸਕਦੇ ਹਾਂ। ਦੂਜੇ ਪਾਸੇ ਜਾਗੀਰੂ ਹਉਂ ਦੀ ਚੜ੍ਹਤ ਦੇਖੋ ਜਿਸਨੇ ਅੱਜ ਇੱਜ਼ਤ ਨੂੰ ਮਰਦਾਵੀਂ ਹੈਂਕੜ ਤੱਕ ਘਟਾ ਕੇ ਪੰਜਾਬੀ ਮਨੁੱਖ ਨੂੰ ਸੰਵੇਦਨਹੀਣ ਬਣਾ ਦਿੱਤਾ ਹੈ। ਜਿਥੇ ਉਸ ਅੰਦਰੋਂ ਸਮਾਜਿਕ ਨੈਤਿਕਤਾ ਦਾ ਪਤਨ ਹੋ ਰਿਹਾ ਹੈ ਉਥੇ ਕਿਰਤ ਤੇ ਕਲਾ ਦੇ ਪ੍ਰਤੀ ਉਸਦੀ ਸਮਝ ਵੀ ਉਜੱਡਪੁਣੇ ਵਾਲੀ ਬਣਦੀ ਜਾ ਰਹੀ ਹੈ। ਕਿਰਤ ਤੇ ਕਲਾ ਦੀ ਪਛਾਣ ਤੇ ਉਸਦੇ ਸਤਿਕਾਰ ਪ੍ਰਤੀ ਇਹੋ ਜਿਹੀ ਪਹੁੰਚ ਬਿਹਤਰ ਸਮਾਜ ਸਿਰਜਣਾ ਲਈ ਵੱਡਾ ਅੜਿੱਕਾ ਬਣਦੀ ਰਹੇਗੀ। ਇਹ ਇਕ ਡਾਢੀ ਫਿਕਰਮੰਦੀ ਦਾ ਸਵਾਲ ਹੈ।

ਨਾਵਲੀ ਬਿਰਤਾਂਤ ਵਿਚ ਇਸ ਪੇਸ਼ੇ ਵਿਚ ਆਉਣ ਵਾਲੀਆਂ ਕੁੜੀਆਂ ਨਾਲ ਸਬੰਧਿਤ ਵੇਰਵੇ ਰੌਚਿਕ ਹੋਣ ਦੇ ਨਾਲ ਨਾਲ ਗੰਭੀਰਤਾ ਵਾਲੇ ਵੀ ਹਨ। ਮਸਲਨ ਇਹ ਜਿਥੇ ਆਪਣੇ ਪਰਿਵਾਰਾਂ ਦੀ ਆਰਥਿਕ ਜ਼ਿੰਮੇਵਾਰੀ ਉਠਾਉਣ ਵਾਲੀਆਂ ਉੱਦਮੀ ਔਰਤਾਂ ਦੇ ਰੂਪ ਵਿਚ ਪੇਸ਼ ਹੁੰਦੀਆਂ ਹਨ ਉਥੇ ਆਪਣੀ ਨਿੱਜੀ ਜ਼ਿੰਦਗੀ ਨੂੰ ਰੱਜ ਕੇ ਜਿਊਣ ਲਈ ਜੂਝਦੀਆਂ ਵੀ ਦਿਖਾਈ ਦਿੰਦੀਆਂ ਹਨ। ਭਾਵੇਂ ਰੱਜ ਕੇ ਜੀਵਨ ਜਿਊਣ ਦਾ ਮਾਧਿਅਮ ਸਹੀ ਨਹੀਂ ਹੈ ਪਰ ਇਨ੍ਹਾਂ ਪਾਤਰਾਂ ਦੀਆਂ ਜੀਵਨ ਪਰਿਸਥਿਤੀਆਂ ਹੀ ਇਹੋ ਜਿਹੀਆਂ ਹਨ ਕਿ ਉਹ ਇਸ ਅੰਨ੍ਹੀ ਗਲੀ ਦੇ ਅੰਦਰੋਂ ਨਿਕਲ ਨਹੀਂ ਸਕਦੀਆਂ। ਲੇਖਕ ਨੇ ਇਸ ਗੱਲ ਦਾ ਖਿਆਲ ਰੱਖਿਆ ਹੈ, ਇਨ੍ਹਾਂ ਕੁੜੀਆਂ ਦੇ ਘਰਾਂ ਦੀ ਸਥਿਤੀ ਅਤੇ ਕੰਮ ਦੀਆਂ ਹਾਲਤਾਂ ਦੋਵੇਂ ਰਲਕੇ

ਉਨ੍ਹਾਂ ਦੇ ਨਾਖੁਸ਼ਗਵਾਰ ਭਵਿੱਖ ਦੀ ਗਵਾਹੀ ਭਰਦੀਆਂ ਹਨ। ਧੱਕਾ ਬਸਤੀ ਵਾਲੀ ਪਰੀ ਨਾਂ ਦੀ ਕੁੜੀ ਘਰ ਦੀ ਗਰੀਬੀ ਦੇ ਬੋਝ ਤੇ ਉਪਰੋਂ ਕੰਮ ਦੀ ਲੋੜ ਕਰਕੇ ਨਸ਼ੱਈ ਹੋ ਜਾਂਦੀ ਹੈ। ਨਤੀਜੇ ਵੱਜੋਂ ਆਪਣੇ ਸਰੀਰ ਦਾ ਮੁੱਲ ਪਾ ਕੇ ਪੈਸਾ ਕਮਾਉਣ ਵੀ ਉਸਦੀ ਉਪਜੀਵਕਾ ਦੀ ਲੋੜ ਬਣ ਜਾਂਦਾ ਹੈ। ਸੈਂਡੀ ਜੋ ਪਿਛਲੇ ਨੂੰ ਭੁੱਲ ਕੇ ਵਿਆਹੁਤਾ ਜੀਵਨ ਜੀਣਾ ਚਾਹੁੰਦੀ ਸੀ,ਉਸਨੂੰ ਏਡਜ਼ ਹੋ ਜਾਂਦੀ ਹੈ। ਪਤਾ ਲੱਗਣ ਤੇ ਉਹ ਆਤਮ ਹੱਤਿਆ ਕਰ ਲੈਂਦੀ ਹੈ। ਚੈਰੀ ਨੂੰ ਪੇਟ ਦਾ ਅਲਸਰ ਹੋ ਜਾਂਦਾ ਹੈ। ਸੋਨਮ ਵੀ ਇਸ ਕੰਮ ਦੇ ਨਾਲ ਨਾਲ ਦੇਹ ਵਪਾਰ ਦਾ ਧੰਦਾ ਕਰਨਾ ਸ਼ੁਰੂ ਕਰ ਲੈਂਦੀ ਹੈ। ਇਹੀ ਇਨ੍ਹਾਂ ਔਰਤਾਂ ਦਾ ਭਵਿੱਖ ਬਣਦਾ ਹੈ। ਕਿਉਂਕਿ ਸਾਡਾ ਸਮਾਜਿਕ ਤੇ ਆਰਥਿਕ ਢਾਂਚਾ ਸਰਮਾਏਦਾਰੀ ਮੁੱਲਾਂ ਤੇ ਖੜ੍ਹਾ ਹੈ ਇਸ ਕਰਕੇ ਉਸਨੇ ਹਮੇਸ਼ਾ ਮਨੁੱਖੀ ਕਿਰਤ ਕਾਨੂੰਨਾਂ ਨੂੰ ਕਿਰਤੀ ਦੇ ਹੱਥਾਂ ਤੋਂ ਲਾਭੇਂ ਰੱਖਣ ਵਿਚ ਆਪਣੀ ਭੂਮਿਕਾ ਅਦਾ ਕੀਤੀ ਹੈ। ਇਸੇ ਕਰਕੇ ਸਾਡੇ ਮੁਲਕ ਵਿਚ ਅਨੇਕਾਂ ਕੰਮ ਧੰਦੇ ਸਵੈ ਰੁਜ਼ਗਾਰ ਦੇ ਨਾਂ ਥੱਲੇ ਚਲ ਰਹੇ ਹਨ। ਪਰ ਇਨ੍ਹਾਂ ਦੀ ਸਾਰ ਲੈਣ ਵਾਲਾ ਕੋਈ ਨਹੀਂ। ਇਥੇ ਤੁਹਾਡਾ ਕੋਈ ਨੁਕਸਾਨ ਹੋ ਜਾਵੇ ਜਾਂ ਕੋਈ ਤੁਹਾਡੇ ਪੈਸੇ ਮਾਰ ਲਵੇ ਤੇ ਜਾਂ ਕੰਮ ਦੀ ਥਾਂ ਤੇ ਕੋਈ ਤੁਹਾਡੇ ਨਾਲ ਜ਼ਿਆਦਤੀ ਕਰ ਜਾਵੇ, ਇਸਦੀ ਕੋਈ ਸੁਰੱਖਿਆ ਨਹੀਂ ਹੈ। ਨਾਵਲੀ ਬਿਰਤਾਂਤ ਵਿਚ ਅਨੇਕਾਂ ਥਾਈਂ ਅਜਿਹੀਆਂ ਸਥਿਤੀਆਂ ਵਿਚ ਘਿਰੇ ਪਾਤਰ ਦਿਖਾਈ ਦਿੰਦੇ ਹਨ।


ਨਾਵਲੀ ਕਥਾਨਕ ਵਿਚ ਉਪਰੋਕਤ ਵਸਤੂ-ਯਥਾਰਥ ਦੇ ਰੂਪਾਂਤਰਣ ਨੂੰ ਨਾਵਲਕਾਰ ਦੀ ਰਚਨਾ-ਦ੍ਰਿਸ਼ਟੀ ਦੇ ਸੰਦਰਭ ਵਿਚ ਵਿਚਾਰਨ ਲੱਗਿਆਂ ਇਸ ਗੱਲ ਦਾ ਤਿੱਖਾ ਅਹਿਸਾਸ ਹੁੰਦਾ ਹੈ ਕਿ ਪਰਗਟ ਸਿੰਘ ਸਤੌਜ ਨੇ ਆਧੁਨਿਕ ਸਮਿਆਂ ਵਿਚ ਸਾਡੇ ਸਮਾਜਿਕ,ਆਰਥਿਕ ਤੇ ਸਭਿਆਚਾਰਕ ਧਰਾਤਲ ਤੇ ਕਿਸ ਕਿਸਮ ਦੇ ਬਦਲਾਅ ਹੋ ਰਹੇ ਹਨ ਤੇ ਇਨ੍ਹਾਂ ਬਦਲਾਵਾਂ ਰਾਹੀਂ ਕਿਹੋ ਜਿਹੇ ਮਨੁੱਖ ਤੇ ਉਸ ਦੀ ਹੋਣੀ ਦਾ ਮੰਜ਼ਰ ਦਿਖਾਈ ਦਿੰਦਾ ਹੈ। ਇਸਨੂੰ ਬਾਰੀਕੀ ਨਾਲ ਫੜਨ ਦੀ ਕੋਸ਼ਿਸ਼ ਕੀਤੀ ਹੈ। ਪਰ ਦੂਜੇ ਪਾਸੇ ਜਦੋਂ ਉਹ ਇਸ ਸਭ ਕਾਸੇ ਦਾ ਟ੍ਰੀਟਮੈਂਟ ਕਰਦਾ ਹੈ ਤਾਂ ਉਸਦਾ ਸਾਰਾ ਧਿਆਨ ਇਸ ਸਥਿਤੀ ਦੇ ਦੁਖਾਂਤ ਸਿਰਜਣ ਦੇ ਨਾਲੋਂ ਇਸਦੇ ਕਰੁਣਾਮਈ ਚਿਤਰਣ ਤੇ ਲੱਗ ਜਾਂਦਾ ਹੈ। ਇਹ ਕਰੁਣਾਮਈ ਚਿਰਤਣ ਪਾਠਕ ਨੂੰ ਟੁੰਬਦਾ ਤਾਂ ਹੈ ਪਰ ਸਥਿਤੀ ਨੂੰ ਟਕਰਾਵੇਂ ਰੂਪ ਵਿਚ ਲੈਣ ਵਾਲੇ ਕਿਸੇ ਪਾਤਰ ਦਾ ਬਿੰਬ ਸਿਰਜਣ ਤੋਂ ਖੁੰਝ ਜਾਂਦਾ ਹੈ। ਇਸ ਤਰ੍ਹਾਂ ਦੀ ਵੇਦਨਾ ਦਾ ਆਪਣਾ ਮੁੱਲ ਹੈ ਪਰ ਪਾਠਕ ਵੇਦਨਾ ਤੋਂ ਪਾਰ ਜਾਣ ਵਿਚ ਬੇਵਸ ਹੋ ਜਾਂਦਾ ਹੈ। ਇਸੇ ਕਰਕੇ ਇਸ ਨਾਵਲ ਦਾ ਕੋਈ ਵੀ ਪਾਤਰ ਮਿਸਾਲੀ ਬਣਕੇ ਪਾਠਕ ਦੇ ਮਨ ਮਸਤਕ ਵਿਚ ਨਹੀਂ ਠਹਿਰਦਾ। ਕਿਉਂਕਿ ਸਾਹਿਤ ਦਾ ਕਰਤੱਵ ਸਮਾਜ ਦੀ ਰੋਗੀ ਦਸ਼ਾ ਨੂੰ ਚਿਤਰਨਾ ਹੀ ਨਹੀਂ ਸਗੋਂ ਉਸ ਵਿਰੁਧ ਜੂਝਦੀਆਂ ਜਮਾਤਾਂ, ਵਿਅਕਤੀਆਂ ਦੀ ਘਾਲਣਾ ਨੂੰ ਉਭਾਰਨਾ ਵੀ ਹੈ। ਫਿਰ ਵੀ ਨੌਜੁਆਨ ਲੇਖਕ ਦਾ ਇਹ ਨਾਵਲ ਸਾਡੇ ਬਦਲਦੇ ਜ਼ਮਾਨੇ ਦੀ ਫਿਕਰਮੰਦੀ ਦੀ ਗਾਥਾ ਕਹਿੰਦਾ ਹੈ। ਜਿਸਨੇ ਖਾਸ ਕਰਕੇ ਨੌਜੁਆਨਾਂ ਦੇ ਭਵਿੱਖ ਅੱਗੇ ਆ ਰਹੇ ਵੱਡੇ ਮਸਲਿਆਂ ਨੂੰ ਜਾਨਣ ਸਮਝਣ ਦਾ ਉੱਦਮ ਵਾਲਾ ਕਾਰਜ ਕੀਤਾ ਹੈ।

**ਸੰਪਰਕ-97817-82474**






# ਸਮਾਜਿਕ ਸੰਰਚਨਾ ਵਿਚਲੇ ਦੁੱਖ ਤੇ ਸੰਘਰਸ਼ ਦੀ ਕਥਾ : ਜੰਡਾ ਵੇ ਜੰਡੋਰਿਆ/-ਡਾ. ਸੰਤੋਖ ਸਿੰਘ ਸੁੱਖੀ




ਭਾਰਤ ਦੀ ਆਜ਼ਾਦੀ ਦੇ ਅਰਥ ਉਹਨਾਂ ਲਈ ਹੀ ਸਨ ਜਿਹੜੇ ਆਜ਼ਾਦੀ ਸ਼ਬਦ ਨੂੰ ਜਾਣਦੇ ਸਨ। ਸਮਾਜ ਦੀਆਂ ਉਪਰਲੀਆਂ ਤਹਿਆਂ ਵਿਚੋਂ ਉਭਰੇ ਆਜ਼ਾਦੀ ਸੰਘਰਸ਼ ਨੇ ਉਪਰਲੇ ਲੋਕਾਂ ਨੂੰ ਹੀ ਆਜ਼ਾਦੀ ਦਿੱਤੀ। ਸਮਾਜ ਦਾ ਹੇਠਲਾ ਖੇਤਰ ਫਿਰ ਵੀ ਗੁਲਾਮ ਹੀ ਰਿਹਾ। ਉਪਰਲੀਆਂ ਜਾਤੀਆਂ ਆਰਥਿਕ ਤੇ ਸਮਾਜਿਕ ਆਜ਼ਾਦੀ ਅੰਗਰੇਜ਼ਾਂ ਕੋਲੋਂ ਤਾਂ ਲੈਣਾ ਚਾਹੁੰਦੀਆਂ ਸਨ ਪਰ ਆਪਣੇ ਤੋਂ ਹੇਠਲੇ ਲੋਕਾਂ ਨੂੰ ਦੇਣਾ ਨਹੀਂ ਚਾਹੁੰਦੀਆਂ ਸਨ। ਇਸ ਲਈ ਉਹਨਾਂ ਨੇ ਆਪਣੀ ਆਜ਼ਾਦੀ ਤੇ ਹੇਠਲਿਆਂ ਦੀ ਗੁਲਾਮੀ ਲਈ ਹਮੇਸ਼ਾਂ ਹੀ ਰਾਜਨੀਤੀ ਤਿਆਰ ਰੱਖੀ। ਇਸੇ ਕਰਕੇ ਭਾਰਤ ਦੀ ਰਾਜਨੀਤਿਕ ਆਜ਼ਾਦੀ ਤੋਂ ਬਾਅਦ ਉਭਰੇ ਭਾਰਤ ਦੀਆਂ ਵਿਭਿੰਨ ਪਰਤਾਂ ਵਿਚੋਂ ਰਾਜਸੀ ਰੂਪਾਂਤਰਣ ਨੂੰ ਦੇਖਿਆ ਜਾ ਸਕਦਾ ਹੈ।

ਦੇਸ਼ ਦੀ ਆਜ਼ਾਦੀ ਤੋਂ ਬਾਅਦ ਰਾਸ਼ਟਰ ਦੀ ਆਰਥਿਕਤਾ ਮੋਟੇ ਤੌਰ 'ਤੇ ਤਿੰਨ ਖੇਤਰਾਂ ਵਿਚ ਵੰਡੀ ਗਈ ਜਿਹੜੀ ਮੂਲ ਰੂਪ ਵਿਚ ਸਮਾਜਿਕ ਖੇਤਰ ਦੀਆਂ ਤਾਕਤਾਂ ਦਾ ਹੀ ਰੂਪਾਂਤਰਣ ਸੀ। ਇਸ ਵਿਚ ਪਹਿਲਾਂ ਖੇਤਰ ਖੇਤੀ ਬਣਿਆ ਜਿਸ ਉਪਰ ਉਪਰਲੀਆਂ ਜਾਤੀਆਂ ਦਾ ਕਬਜ਼ਾ ਰਿਹਾ ਤੇ ਛੋਟੀਆਂ ਜਾਤੀਆਂ ਕੁਲ ਉਤਪਾਦਨ ਵਿਚੋਂ ਬਿਲਕੁਲ ਥੋੜ੍ਹਾ ਹਿੱਸਾ ਲੈ ਸਕਦੀਆਂ ਸਨ ਪਰ ਸਮਾਜਿਕ ਸਨਮਾਨ ਦੀ ਕੋਈ ਬਹਾਲੀ ਨਹੀਂ ਸੀ। ਦੂਸਰਾ ਹਿੱਸਾ ਉਦਯੋਗ/ਵਪਾਰ ਦਾ ਆਇਆ ਜਿਸ ਉਪਰ ਉਚ ਜਾਤੀਆਂ ਦਾ ਹੀ ਕਬਜ਼ਾ ਰਿਹਾ। ਰਾਜਸੀ ਤਾਕਤ ਨਾਲ ਕੀਤੇ ਸਮਝੌਤਿਆਂ ਰਾਹੀਂ ਇਕ ਦੂਜੇ ਨੂੰ ਲਾਭ ਪਹੁੰਚਾਉਣ ਦੀ ਰਾਜਨੀਤੀ ਸਰਗਰਮ ਰਹੀ। ਤੀਜਾ ਹਿੱਸਾ ਸਟੇਟ ਸੈਕਟਰ ਦਾ ਸੀ ਜਿਸ ਵਿਚ ਨੌਕਰੀਆਂ ਦੇ ਪੱਧਰ ਅਨੁਸਾਰ ਰਾਖਵਾਂਕਰਨ ਤਹਿ ਕਰਕੇ ਲਗਭਗ ਚੌਥੇ ਹਿੱਸੇ 'ਤੇ ਕੇਂਦਰਤ ਕੀਤਾ ਗਿਆ। ਇਸ ਤਰ੍ਹਾਂ ਇਕ ਤਿਹਾਈ ਹਿੱਸੇ ਦੀ ਆਰਥਿਕਤਾ ਉਪਰ ਉੱਚ ਜਾਤ ਜਮਾਤ ਦਾ ਕਬਜ਼ਾ ਸਿੱਧੇ ਤੌਰ 'ਤੇ ਰਿਹਾ ਤੇ ਬਾਕੀ ਰਹਿੰਦੀ ਦੋ ਤਿਹਾਈ ਆਰਥਿਕਤਾ ਵਿਚੋਂ ਚੌਥਾ ਹਿੱਸਾ ਪ੍ਰਾਪਤ ਹੋਇਆ। ਇਸ ਨਗੂਣੀ ਪ੍ਰਾਪਤ ਆਰਥਿਕਤਾ ਦੇ ਗਰੀਬ ਲੋਕਾਂ ਲਈ ਸੰਕਟ ਖੜਾ ਕੀਤਾ। ਰਾਖਵੇਂਕਰਨ ਨੇ ਨਿਮਨ ਜਾਤੀਆਂ ਅੰਦਰ ਵੀ ਵਰਗਾਂ ਦਾ ਨਿਰਮਾਣ ਕੀਤਾ ਜਿਸ ਦੇ ਭਾਰਤੀ ਰਾਜਨੀਤੀ ਵਿਚ ਅਨੰਤ ਤਰ੍ਹਾਂ ਦੇ ਅਸਰ ਹਨ।

**'ਜੰਡਾ ਵੇ ਜੰਡੋਰਿਆ'** ਨਾਵਲ (**ਭੂਰਾ ਸਿੰਘ ਕਲੇਰ, ਲੋਕ ਰੰਗ ਪ੍ਰਕਾਸ਼ਨ, ਬਰਨਾਲਾ, ਮੁੱਲ 200 ਰੁਪਏ**) ਭਾਰਤ ਦੀ ਰਾਜਨੀਤੀ ਦੀ ਖੇਡੀ ਖੇਡ ਦਾ ਇਕ ਬਿਰਤਾਂਤ ਹੈ ਜਿਸ ਸਾਧਨ ਵਿਹੂਣੇ ਲੋਕ ਜੀਣ ਦੇ ਨਾਂ 'ਤੇ ਕਿੰਨੇ ਵਾਰ ਮਰਦੇ ਹਨ। ਇਹਨਾਂ ਦੇ ਇਸ ਅਭਿਆਸ ਵਿਚੋਂ ਦੇਸ਼ ਨੂੰ ਸਮਝਣਾ ਬਹੁਤ ਜ਼ਰੂਰੀ ਹੈ ਕਿਉਂਕਿ ਰਾਜਸੀ ਤਾਕਤ ਭੁਲੇਖਿਆਂ ਨੂੰ ਸਿਰਜ ਕੇ ਵਖਰੇ ਉਲਝਾ ਪਾਉਂਦੀ ਹੈ ਜਦਕਿ ਮਾਨਸਿਕ ਦੁੱਖ ਰਾਜਸੀ ਦ੍ਰਿਸ਼ਾਂ ਦਾ ਅਸਲੀ ਵਿਸ਼ਲੇਸ਼ਣ ਹੁੰਦਾ ਹੈ। ਇਸ ਨਾਵਲ ਅੰਦਰਲੇ

ਪਾਤਰ ਜਾਗਰ ਵਿਚੋਂ ਦੇਖਿਆ ਜਾ ਸਕਦਾ ਹੈ ਕਿ ਉਹ ਕਿਵੇਂ ਆਪਣੇ ਕਿਰਤੀ ਮਨੁੱਖ ਹੋਣ ਦੇ ਸੰਤਾਪ ਨੂੰ ਭੋਗਦਾ ਹੈ। ਉਸਦਾ ਜੀਵਨ ਥੋੜ੍ਹੀ ਖੁਸ਼ਹਾਲੀ ਤੋਂ ਮੰਦਹਾਲੀ ਵੱਲ ਫੈਲਦਾ ਹੈ। ਗਠੀਏ ਦਾ ਰੋਗ ਉਸਦਾ ਸਾਰਾ ਜੀਵਨ ਸੁੱਖ ਖੋਹ ਲੈਂਦਾ ਹੈ। ਪਿਤਾ ਦੀ ਮੌਤ, ਮਾਂ ਦੀ ਮੌਤ ਤੇ ਪਤਨੀ ਦਾ ਛੱਡ ਜਾਣਾ ਉਸਦੇ ਅਜਿਹੇ ਘਟਨਾਕ੍ਰਮ ਹਨ ਜਿਸ ਤੋਂ ਸਾਬਤ ਹੁੰਦਾ ਹੈ ਕਿ ਜਿਸ ਵਿਅਕਤੀ ਕੋਲ ਕਿਸੇ ਕਿਸਮ ਦੀ ਪੂੰਜੀ ਨਹੀਂ ਉਹ ਕਿਸੇ ਵੀ ਜ਼ਿੰਮੇਵਾਰੀ ਨੂੰ ਸੰਭਾਲ ਨਹੀਂ ਸਕਦਾ, ਕੁਦਰਤੀ ਕਰੋਪੀਆਂ ਦਾ ਸਾਹਮਣਾ ਨਹੀਂ ਕਰ ਸਕਦਾ। ਜੇਕਰ ਉਸਨੂੰ ਸਹੀ ਸਿਹਤ ਸੁਵਿਧਾਵਾਂ ਮਿਲੀਆਂ ਹੁੰਦੀਆਂ ਤਾਂ ਸ਼ਾਇਦ ਅਜਿਹੇ ਵਰਤਾਰਿਆਂ ਨੇ ਨਹੀਂ ਵਾਪਰਨਾ ਨਹੀਂ ਸੀ। ਇਸ ਸਭ ਦਾ ਕਾਰਨ ਸਰਕਾਰਾਂ ਦੀ ਲੋਕਾਂ ਪ੍ਰਤੀ ਬੇਰੁੱਖੀ ਦੀ ਸਭ ਤੋਂ ਵੱਡੀ ਉਦਾਹਰਨ ਹੈ। ਜੇ ਉਸ ਦਾ ਇਲਾਜ ਨਹੀਂ ਹੋ ਸਕਦਾ ਤਾਂ ਉਸਨੂੰ ਕੋਈ ਪੈਨਸ਼ਨ ਦਿੱਤੀ ਜਾਣੀ ਚਾਹੀਦੀ ਸੀ। ਕੋਈ ਬੈਠ ਕੇ ਕਰਨ ਵਾਲਾ ਕੰਮ ਮਿਲਣਾ ਚਾਹੀਦਾ ਸੀ। ਪਰੰਤੂ ਸਰਕਾਰਾਂ ਦੇ ਇਕ ਵਿਅਕਤੀ ਦੀ ਸਥਿਤੀ ਡੇਗ ਦੇਣ ਤੋਂ ਬਾਅਦ ਪੂਰੇ ਪਰਿਵਾਰਾਂ ਨੂੰ ਹੇਠਾਂ ਸੁਟਣ ਦੀ ਕੋਸ਼ਿਸ਼ ਕਰਦੀ ਹੈ। ਉਹ ਜਿੰਨਾ ਮਜ਼ਬੂਰ ਰਹੇਗਾ ਉਹ ਉਨਾ ਹੀ ਉਹਨਾਂ ਦਾ ਵੋਟ ਬੈਂਕ ਬਣਿਆ ਰਹੇ। ਇਸ ਦੇ ਉਲਟ ਜਾਗਰ ਦੇ ਇਲਾਜ ਲਈ ਟੂਣੇ ਕੀਤੇ ਜਾਂਦੇ ਹਨ, ਬਲੀਆਂ ਦਿੱਤੀਆਂ ਜਾ ਰਹੀਆਂ ਹਨ। ਅਗਿਆਨਤਾ ਜੀਵਨ ਦੀ ਵਾਹਕ ਬਣਦੀ ਹੈ। ਇਸ ਅਗਿਆਨਤਾ ਵਿਚ ਹੀ ਦੁਖ ਹੈ।

ਇਹਨਾਂ ਦੁੱਖਾਂ ਨੂੰ ਝੱਲਣ ਦੀ ਸਮਰਥਾ ਬਹੁਤ ਲੋਕਾਂ ਵਿਚ ਘੱਟ ਹੁੰਦੀ ਹੈ। ਜਾਗਰ ਦੀ ਪਤਨੀ ਪ੍ਰੀਤੋ ਇਸ ਦੁੱਖ ਨੂੰ ਝੱਲ ਨਾ ਸਕਣ ਦੀ ਸੂਰਤ ਵਿਚ ਆਪਣੇ ਭੂਆ ਦੇ ਜੁਆਈ ਧਨ ਸਿੰਘ ਨਾਲ ਉਧਲ ਜਾਂਦੀ ਹੈ। ਇਹ ਉਧਲ ਜਾਣਾ ਮੂਲ ਰੂਪ ਵਿਚ ਅਸਥਾਈ ਹੱਲ ਹੈ। ਉਲਟ ਜਾਣਾ ਕੋਈ ਸਥਾਈ ਹੱਲ ਨਹੀਂ ਹੁੰਦਾ ਸਗੋਂ ਇਕ ਥੋੜ੍ਹੇ ਸਮੇਂ ਦਾ ਸੁਖ ਹੁੰਦਾ ਹੈ। ਮੂਲ ਸਮੱਸਿਆਵਾਂ ਨੇ ਫਿਰ ਕਿਸੇ ਨਾ ਕਿਸੇ ਰੂਪ ਵਿਚ ਉਭਰ ਜਾਣਾ ਹੁੰਦਾ ਹੈ। ਜਾਗਰ ਪ੍ਰੀਤੋ ਨੂੰ ਯਾਦ ਰਖਦਾ ਹੈ। ਉਸ ਨਾਲ ਬਿਤਾਏ ਸੁਖ ਦੇ ਪਲ ਉਸਦੀ ਜ਼ਿੰਦਗੀ ਦੇ ਪ੍ਰਤਿਮਾਨ ਬਣਦੇ ਹਨ। ਉਹ ਵਾਰੀ-ਵਾਰੀ ਇਹਨਾਂ ਪਲਾਂ ਨੂੰ ਕਿਆਸਦਾ ਹੈ। ਇਹ ਕਿਆਸਣਾ ਹੀ ਸੁਖ ਦੀ ਤਾਂਘ ਨੂੰ ਪ੍ਰਗਟ ਕਰਦਾ ਹੈ। ਆਖਰ ਨੂੰ ਜਾਗਰ ਪ੍ਰੀਤੋ ਦੀਆਂ ਨਿਸ਼ਾਨੀਆਂ ਨਾਲ ਰੋਦਿਆਂ ਮੌਤ ਨੂੰ ਪ੍ਰਾਪਤ ਕਰਦਾ ਹੈ, ਭਾਵੇਂ ਉਸ ਕੋਲ ਬਹੁਤ ਸਾਰੇ ਸੁਖ ਦੇ 'ਕਾਫੀ' ਸਾਧਨ ਆ ਚੁੱਕੇ ਹੁੰਦੇ ਹਨ।

ਦੂਸਰੇ ਪਾਸੇ ਲਹਿੰਬਰ ਦੀ ਜ਼ਿੰਦਗੀ ਰਿਣਾਤਮਕਤਾ ਤੋਂ ਧਨਾਤਮਕਤਾ ਵੱਲ ਜਾਂਦੀ ਹੈ। ਉਹ ਉਹ ਵਿਅਕਤੀ ਹੈ ਜੋ ਪਿਤਾ ਨਾਲ ਕਲੇਸ਼ ਤੋਂ ਬਾਅਦ ਮਰਨਾ ਲੋਚਦਾ ਹੈ। ਪਰ ਇਕ ਮਾਰਕਸਵਾਦੀ ਵਿਚਾਰਧਾਰਾ ਦਾ ਹਾਮੀ ਬਲਵੀਰ ਉਸਨੂੰ ਬਚਾਉਂਦਾ ਹੀ ਨਹੀਂ ਸਗੋਂ ਉਸਦੇ ਜੀਵਨ ਨੂੰ ਨਵੀਂ ਦਿਸ਼ਾ ਦਿੰਦਾ ਹੈ। ਸਾਹਿਤ ਪੜ੍ਹਨ ਦੀ ਚੇਟਕ ਦੇ ਨਾਲ-ਨਾਲ ਸੁਚੇਤ ਹੋਇਆ ਲਹਿੰਬਰ ਨੌਕਰੀ ਤੱਕ ਹੀ ਨਹੀਂ ਪਹੁੰਚਦਾ ਸਗੋਂ ਆਪਣੇ ਸਬੰਧਾਂ ਦਾ ਵਿਸਥਾਰ ਕਰਕੇ ਸੁੱਖ ਤੇ ਸੁਵਿਧਾ ਦੇ ਨੇੜੇ ਪਹੁੰਚਦਾ ਹੈ। ਮਰਨ ਦੀ ਤਾਂਘ ਤੋਂ ਜੀਣ ਦੀ ਤਾਂਘ ਦਾ ਰੂਪਾਂਤਰਣ ਸਾਹਿਤ ਦੀ ਸਮਝ ਰਾਹੀਂ ਹੁੰਦਾ ਹੈ। ਇਸ ਵਿਚੋਂ ਹੀ ਸੰਘਰਸ਼ ਦੀ ਲਗਾਤਾਰਤਾ ਤੇ ਸਹਿਜਤਾ ਦਾ ਜਨਮ ਹੁੰਦਾ ਹੈ। ਸੰਘਰਸ਼ ਤੇ ਸਹਿਜਤਾ ਅਜਿਹੇ ਮਨੁੱਖੀ ਗੁਣ ਹਨ ਜਿਹੜੇ ਆਪਣੀ ਮੰਜ਼ਿਲ ਵੱਲ ਜਾਣ ਦਾ ਹੌਸਲਾ ਦਿੰਦੇ ਹਨ। ਭਾਵੇਂ ਲਹਿੰਬਰ ਨੌਕਰੀ ਹਾਸਿਲ ਕਰਨ ਲਈ ਸਿਫਾਰਸ਼ ਦੀ ਵਰਤੋਂ ਕਰਦਾ ਹੈ, ਫਿਰ ਵੀ ਕਿਰਤ ਪ੍ਰਤੀ ਉਦਾਸੀਨਤਾ ਨਹੀਂ ਦਿਖਾਉਂਦਾ। ਉਹ ਆਪਣੇ ਰਿਸ਼ਤੇਦਾਰਾਂ ਨਾਲ ਚੰਗੇ, ਸਬੰਧ ਬਣਾਉਂਦਾ ਹੈ। ਮਾਰਕਸੀ ਤੇ ਅੰਬੇਦਕਰਵਾਦੀ ਮਿੱਤਰਾਂ ਨਾਲ ਚੰਗੇ ਸਬੰਧ ਬਣਾਈ ਰੱਖਦਾ ਹੈ। ਇਹ



ਸਮਾਯੋਜਨ ਉਸਦੀ ਚੇਤਨਾ ਤੋਂ ਆਉਂਦਾ ਹੈ ਜਿਸਦੇ ਆਧਾਰ 'ਤੇ ਸਿੱਖਿਆ ਤੇ ਵਿਚਾਰਧਾਰਾ ਕੰਮ ਕਰਦੀ ਹੈ। ਭਾਵੇਂ ਉਹ ਕਿਸੇ ਵਿਚਾਰਧਾਰਾ ਨਾਲ ਜੁੜਦਾ ਪ੍ਰਤੀਤ ਨਹੀਂ ਹੁੰਦਾ ਪਰ ਸੁਚੇਤਨਾ ਉਸਦਾ ਹਿੱਸਾ ਜ਼ਰੂਰ ਬਣਦੀ ਹੈ। ਸੁਚੇਤਨਾ ਤੇ ਸੰਵੇਦਨਾ ਉਸ ਦੀ ਸ਼ਖ਼ਸੀਅਤ ਦਾ ਇਕ ਮਹੱਤਵਪੂਰਨ ਹਿੱਸਾ ਹੈ। ਲਹਿੰਬਰ ਦਾ ਬੁੱਧੀ, ਸੀਮਤ ਸਾਧਨਾਂ, ਹਿੰਮਤ, ਸੰਘਰਸ਼ ਰਾਹੀਂ ਇਕ ਮਿਹਨਤੀ ਤੇ ਸੁਘੜ ਵਿਅਕਤੀ ਦਾ ਬਿੰਬ ਉਭਰਦਾ ਹੈ ਜਿਸ ਤੋਂ ਇਹ ਨਾਵਲ ਸਵੈਜੀਵਨੀ ਮੂਲਕ ਹੋਣ ਦਾ ਭੁਲੇਖਾ ਵੀ ਪਾਉਂਦਾ ਹੈ।

ਲਹਿੰਬਰ ਰਾਹੀਂ ਉਸ ਸਮੇਂ ਦੀਆਂ ਸਮਾਜਿਕ-ਰਾਜਨੀਤਿਕ ਲਹਿਰਾਂ ਬਾਰੇ ਵੀ ਜਾਣਕਾਰੀ ਮਿਲਦੀ ਹੈ। ਸੀ.ਪੀ.ਆਈ., ਸੀ.ਪੀ.ਐੱਮ., ਨਕਸਲੀ ਧੜੇ ਜਿਥੇ ਸਰਗਰਮ ਹਨ, ਉਥੇ ਅੰਬੇਦਕਰਵਾਦੀ ਚਿੰਤਨ ਵੀ ਆਪਣੇ ਸ਼ੁਰੂਆਤੀ ਦੌਰ ਵਿਚ ਹੈ। ਲਹਿੰਬਰ ਇਹਨਾਂ ਸਾਰੇ ਚਿੰਤਨ ਸਿਧਾਂਤਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ ਪਰ ਕਿਸੇ ਇਕ ਧਿਰ ਨਾਲ ਨਹੀਂ ਜੁੜਦਾ। ਪਹਿਲੀ ਨਜ਼ਰੇ ਇਹ ਬੁਜਦਿਲੀ ਨਜ਼ਰ ਆਉਂਦੀ ਹੈ ਪਰੰਤੂ ਦਲਿਤ ਵਿਅਕਤੀ ਦਾ ਦੁਖਾਂਤ ਵੀ ਹੈ ਕਿ ਜਿੰਨਾ ਚਿਰ ਉਹ ਤੇ ਉਸਦਾ ਪਰਿਵਾਰ ਸੁਰੱਖਿਅਤ ਨਹੀਂ ਹੁੰਦਾ ਉਨ੍ਹਾਂ ਚਿਰ ਉਹ ਕਿਸੇ 'ਗਰਮ ਸੰਘਰਸ਼' ਵਿਚ ਨਹੀਂ ਕੁੱਦਦਾ। ਇਸ ਪਿੱਛੇ ਸਮਾਜਿਕ-ਰਾਜਨੀਤਿਕ ਸੰਘਰਸ਼ ਦੇ ਇਤਿਹਾਸ ਦੇ ਸਮਾਜ-ਸ਼ਾਸ਼ਤਰੀ ਅਧਿਐਨ ਤੋਂ ਨਿਕਲੇ ਸਿੱਟਿਆ ਦਾ ਅਸਰ ਨਜ਼ਰ ਆਉਂਦਾ ਹੈ। ਨਾਵਲ ਦੇ ਪਾਤਰ ਜੋਗਾ ਸਿੰਘ ਤੇ ਕ੍ਰਿਸ਼ਨ ਇਸ ਬਾਰੇ ਸੁਚੇਤ ਕਰਦੇ ਨਜ਼ਰ ਆਉਂਦੇ ਹਨ ਕਿ ਇਕ ਆਮ ਕਿਰਤੀ ਮਨੁੱਖ ਨੂੰ ਗਰਮ ਰਾਜਨੀਤੀ ਵਿਚ ਹਿੱਸਾ ਨਹੀਂ ਲੈਣਾ ਚਾਹੀਦਾ। ਇਹ ਪੰਜਾਬ ਦੇ ਸੰਘਰਸ਼ ਦਾ ਦੁਖਾਂਤ ਵੀ ਰਿਹਾ ਹੈ ਕਿ ਪੰਜਾਬ ਕੋਲੋਂ ਇਹ ਤਹਿ ਹੀ ਨਹੀਂ ਹੋਇਆ ਕਿ ਸੰਘਰਸ਼ ਦੀਆਂ ਪੱਧਤੀਆਂ ਕੀ ਹੋਣ? ਉਹਨਾਂ ਨੇ ਫੈਸਲਾ ਹੀ ਨਹੀਂ ਕੀਤਾ ਕਿ ਦਬਾਓ ਸਮੂਹਾਂ ਰਾਹੀਂ ਸਿਸਟਮ ਨੂੰ ਬਦਲਣ ਦੀ ਲੜਾਈ ਲੜਨੀ ਹੈ ਜਾਂ ਹਥਿਆਰਬੰਦ, ਜਿਹੜੀ ਤੇਜ਼ੀ ਨਾਲ ਤਬਦੀਲੀ ਲਿਆ ਸਕਦੀ ਹੈ। ਪੰਜਾਬ ਦੀ ਇਸ ਦੁਵਿਧਾ ਨੇ ਪੰਜਾਬ ਨੂੰ ਕਿਸੇ ਸੰਘਰਸ਼ ਦੇ ਰਾਹ ਨਹੀਂ ਪੈਣ ਦਿੱਤਾ। ਇਸੇ ਕਰਕੇ ਲੜਨ ਦੀ ਤਾਂਘ ਰਖਦਾ ਕੋਈ ਵੀ ਆਦਮੀ ਇਸ ਉਲਝਣ ਕਾਰਨ ਸੰਘਰਸ਼ ਦੇ ਮੈਦਾਨ ਵਿਚ ਨਹੀਂ ਆਇਆ। ਜੇ ਆਇਆ ਤਾਂ ਥੋੜ੍ਹੇ-ਬਹੁਤੇ ਫਾਇਦੇ ਲੈਕੇ ਸੰਘਰਸ਼ ਤੋਂ ਪਰ੍ਹਾਂ ਹੋ ਗਿਆ। ਗਠਬੰਧਨ ਦੇ ਸੰਘਰਸ਼ ਦੀ ਗੈਰਹਾਜ਼ਰੀ ਨੇ ਜਿੱਥੇ ਆਦਮੀ ਅੰਦਰ ਅਸੁਰੱਖਿਆ ਲਿਆਂਦੀ ਉੱਥੇ ਸਰਮਾਏਦਾਰ ਤੇ ਜਗੀਰਦਾਰੀ ਦੇ ਗਠਜੋੜ ਨੂੰ ਲਾਭ ਪਹੁੰਚਾਇਆ।

ਲਹਿੰਬਰ ਬਲਵੀਰ ਸਿੰਘ ਤੇ ਸ਼ੇਰ ਸਿੰਘ ਸ਼ੇਰ ਦੇ ਸੰਪਰਕ ਵਿਚ ਆਉਂਦਾ ਹੈ। ਆਪਣੀ ਲਿਆਕਤ ਤੇ ਸ਼ਾਇਰੀ ਦੇ ਹੁਨਰ ਕਾਰਨ ਨੇੜਤਾ ਹਾਸਿਲ ਕਰਦਾ ਹੈ। ਇਸ ਲਈ ਇਹ ਸਿੱਟਾ ਵੀ ਨਿਕਲਦਾ ਹੈ ਕਿ ਪੰਜਾਬ ਅੰਦਰ ਭਾਵੇਂ ਰਾਜਨੀਤਿਕ ਖੱਬੇ ਪੱਖੀ ਲਹਿਰਾਂ ਨੇ ਵਿਅਕਤੀਆਂ ਦੇ ਹੁਨਰ ਦੀ ਪਛਾਣ ਜ਼ਰੂਰ ਕੀਤੀ ਹੈ। ਇਸ ਪਛਾਣ ਦੇ ਨਾਲ ਹੀ ਸਪੇਸ ਉਪਲਬਧ ਹੋਈ ਹੈ। ਇਸ ਕਰਕੇ ਲਹਿੰਬਰ ਡੋਲਦਾ ਘੱਟ ਹੈ। ਇਹ ਉਸ ਅੰਦਰਲਾ ਸਵੈ ਭਰੋਸਾ ਹੈ ਤੇ ਮਿੱਤਰਾਂ ਉਪਰ ਮਾਣ ਹੈ।

ਨਾਵਲ ਵਿਚਲਾ ਜੀਵਨ ਸੰਘਰਸ਼ ਦਾ ਰਾਹ ਕਦੇ ਨਹੀਂ ਛੱਡਦਾ ਕਿਉਂਕਿ ਦਲਿਤ ਜੀਵਨ ਵਿਚੋਂ ਨਿਕਲੇ ਬਿਰਤਾਂਤ ਵਿਚ ਜੇਕਰ ਸੰਘਰਸ਼ ਗਾਇਬ ਹੁੰਦਾ ਹੈ ਤਾਂ ਉਸਦੀ ਸਾਰਥਿਕਤਾ ਹੀ ਨਹੀਂ ਰਹਿੰਦੀ। ਦਲਿਤ ਨਾਵਲ ਦੀ ਖੂਬਸੂਰਤੀ ਵੀ ਇਹੀ ਹੈ ਕਿ ਉਹ ਜਿੱਥੇ ਉਹ ਸਮਾਜਿਕ ਵਿਵਸਥਾ ਉਪਰ ਉਂਗਲ ਕਰ ਰਿਹਾ ਹੁੰਦਾ ਹੈ ਉਥੇ ਆਪਣੀ ਉਪਜੀਵਕਾ ਲਈ ਵੀ ਸੰਘਰਸ਼ਸ਼ੀਲ ਹੁੰਦਾ ਹੈ। ਉਪਜੀਵਕਾ ਦਾ ਸੰਘਰਸ਼ ਸਮਾਜਿਕ ਸੰਘਰਸ਼ ਦਾ ਡੂੰਘੇਰਾ ਰੂਪ ਵੀ ਹੈ। ਸਮਾਜਿਕ ਸੰਘਰਸ਼

ਉਪਜੀਵਕਾ ਲਈ ਜਮਾਤੀ ਸਮੀਕਰਨਾਂ ਵੀ ਤਿਆਰ ਕਰਦਾ ਹੈ। ਭਾਵ ਅੰਨ ਦੀ ਭਾਲ ਨਾਲ ਸਨਮਾਨ ਦੀ ਭਾਲ ਵੀ ਲਗਾਤਾਰ ਹੁੰਦੀ ਹੈ। ਇਹ ਨਿਰੰਤਰਤਾ ਦਲਿਤ ਜੀਵਨ ਅੰਦਰਲੀ ਗਤੀ ਨੂੰ ਸਾਬਤ ਕਰਦੀ ਹੈ। ਜਾਗਰ, ਜਾਗਰ ਦਾ ਪਿਤਾ, ਮਾਂ, ਪਤਨੀ, ਲਹਿੰਬਰ, ਲਹਿੰਬਰ ਦੀ ਮਾਂ, ਪਤਨੀ, ਉਸਦੇ ਰਿਸ਼ਤੇਦਾਰ ਸਾਰੇ ਜੂਝਦੇ ਨਜ਼ਰ ਆਉਂਦੇ ਹਨ। ਉਹ ਜੀਣ ਥੀਣ ਦੇ ਸ੍ਰੋਤਾਂ ਦੀ ਭਾਲ ਕਰਦੇ ਹਨ। ਉਹਨਾਂ ਨੇ ਭਾਵੇਂ ਕਿਤੇ ਵੀ ਕੋਈ ਝੰਡਾ ਨਹੀਂ ਪ੍ਰਵਾਨਿਆ ਪਰ ਉਹਨਾਂ ਦੀ ਜੀਣ ਦੀ ਜ਼ਿੱਦ ਉਹਨਾਂ ਅੰਦਰਲੇ ਝੰਡਿਆਂ ਨੂੰ ਲਹਿਰਾਉਂਦੀ ਹੈ।

ਇਸ ਨਵਾਲ ਦਾ ਵਿਸ਼ੇਸ਼ ਪੱਖ ਇਹ ਵੀ ਹੈ ਕਿ ਇਹ ਨਾਵਲ ਨਿਮਨ ਜਾਤੀਆਂ ਦੇ ਅੰਦਰਲੇ ਪ੍ਰਬੰਧ ਨੂੰ ਵਿਭਿੰਨ ਪਾਸਾਰਾਂ ਤੋਂ ਦਿਖਾਉਂਦਾ ਹੈ। ਨਾਵਲ ਦਾ ਇਕ ਆਧਾਰ ਇਹ ਬਣਦਾ ਹੈ ਕਿ ਨਿਮਨ ਆਰਥਿਕਤਾ ਵਿਚ ਘਰੇਲੂ ਕਲੇਸ਼ ਦੀ ਬਹੁਤਾਤ ਹੁੰਦੀ ਹੈ। ਇਹ ਕਲੇਸ਼ ਮਨੁੱਖੀ ਮਨ ਵਿਚ ਫੈਲਦੇ ਜੀਵਨ ਨੂੰ ਖ਼ਤਮ ਕਰਨ ਤੱਕ ਜਾਂਦਾ ਹੈ। ਪਹਿਲਾਂ ਲਹਿੰਬਰ ਮਰਨ ਲਈ ਜਾਂਦਾ ਹੈ। ਫਿਰ ਲਹਿੰਬਰ ਦਾ ਪਿਤਾ ਰੂੜ ਸਿੰਘ ਐਕਸੀਡੈਂਟ ਵਿਚ ਮਾਰਿਆ ਜਾਂਦਾ ਹੈ। ਜਾਗਰ ਦੇ ਘਰ ਦਾ ਕਲੇਸ਼ ਜਾਗਰ ਨੂੰ ਬੁਰੀ ਤਰ੍ਹਾਂ ਉਤਪੀੜਤ ਕਰਦਾ ਹੈ। ਉਸਦੀ ਘਰ ਵਾਲੀ ਤੰਗੀਆਂ ਨੂੰ ਨਾ ਝੱਲ ਸਕਣ ਦੀ ਹਾਲਤ ਵਿਚ ਜਾਗਰ ਨੂੰ ਛੱਡ ਜਾਂਦੀ ਹੈ। ਜਾਗਰ ਦੀ ਜ਼ਿੰਦਗੀ ਵਿਚ ਉਦਾਸੀ ਤੇ ਉਜਾੜ ਆ ਜਾਂਦਾ ਹੈ। ਉਹ ਜੀਣ ਦੀ ਤਾਂਘ ਨੂੰ ਛੱਡਦਾ ਹੈ। ਪਰ ਉਹ ਨਵੇਂ ਆਸਰਿਆਂ ਨਾਲ ਆਪਣੇ ਜੀਵਨ ਨੂੰ ਬਚਾ ਲੈਂਦਾ ਹੈ। ਸਾਰੇ ਪਾਤਰ ਇਕ ਸੰਕਟ ਵਿਚ ਚਲਦੇ ਹਨ, ਜੂਝਦੇ ਹਨ ਤੇ ਅਰਧ ਸਫ਼ਲ ਹੁੰਦੇ ਹਨ। ਇਸਦੇ ਉਲਟ ਉਹ ਪਾਤਰ ਹਨ ਜਿਹੜੇ ਜਾਗਰ ਦਾ ਸਹਾਰਾ ਲਹਿੰਬਰ, ਚੂੜ੍ਹ, ਗਗਨਾ, ਤੇਜੂ, ਖੇਤਾ ਮਹਿਰਾ ਆਦਿ ਆਉਂਦੇ ਹਨ। ਦੂਜੇ ਪਾਸੇ ਲਹਿੰਬਰ ਨੂੰ ਸਹਿਯੋਗ ਦੇਣ ਵਾਲੇ ਪਾਤਰ ਬਲਵੀਰ, ਲਹਿੰਬਰ ਦੀ ਮਾਂ, ਪਤਨੀ, ਕ੍ਰਿਸ਼ਨ, ਜੋਗਾ ਸਿੰਘ, ਲਹਿੰਬਰ ਸਿੰਘ ਦੇ ਸਹੁਰੇ, ਡੀ.ਈ.ਓ. ਦਫ਼ਤਰ ਦਾ ਕਲਰਕ, ਰੁਜ਼ਗਾਰ ਦਫ਼ਤਰ ਦਾ ਕਲਰਕ, ਸ਼ੇਰ ਸਿੰਘ ਸ਼ੇਰ, ਮੁੱਖ ਅਧਿਆਪਕਾ ਇੰਦਰਜੀਤ ਕੌਰ ਸਾਹਨੀ ਆਦਿ ਹਨ ਜਿਹਨਾਂ ਕਰਕੇ ਉਸਦੇ ਜੀਵਨ ਨੂੰ ਸੌਖ ਮਿਲੀ ਹੈ। ਇਹ ਸਹਿਯੋਗੀ ਪਾਤਰਾਂ ਦੇ ਕਿਸੇ ਬਣਾਉਟੀ ਤਰੀਕੇ ਨਾਲ ਲਹਿੰਬਰ ਦੀ ਮੱਦਦ ਨਹੀਂ ਕੀਤੀ ਸਗੋਂ ਆਪਣੇ ਨੈਤਿਕ ਵਿਧਾਨਾਂ ਦੇ ਅੰਤਰਗਤ ਕੀਤੀ ਹੈ। ਨਾਵਲਕਾਰ ਦੀ ਇਹ ਖ਼ੂਬਸੂਰਤੀ ਹੈ ਕਿ ਉਸਨੇ ਕਿਸੇ ਪਾਤਰ ਨੂੰ ਅਸਾਧਾਰਨ ਨਹੀਂ ਬਣਾਇਆ ਸਗੋਂ ਉਸਦੇ ਕੁਦਰਤੀ ਸੁਭਾਅ ਵਜੋਂ ਹੀ ਪੇਸ਼ ਕੀਤਾ ਹੈ।


ਲਹਿੰਬਰ ਨੂੰ ਜੀਵਨ ਦੇ ਵਿਚ ਲੰਬੇ ਸੰਘਰਸ਼ ਤੋਂ ਸਫ਼ਲਤਾ ਇਕ ਸਰਕਾਰੀ ਸਕੂਲ ਵਿਚ ਮਾਲੀ ਲੱਗਣ ਵਿਚ ਮਿਲਦੀ ਹੈ। ਪਰ ਸਕੂਲ ਦਾ ਮੁੱਖ ਅਧਿਆਪਕ ਦੁਰਗਾ ਦਾਸ ਲਹਿੰਬਰ ਨੂੰ ਉਸਦੀ ਜਾਤੀ 'ਤੇ ਕੇਂਦਰਤ ਹੋ ਕੇ ਉਸਦਾ ਅਪਮਾਨ ਕਰਦਾ ਹੈ। ਉਸ ਨੂੰ ਚੰਗਾ ਨਹੀਂ ਬੋਲਦਾ, ਅਧਿਆਪਕਾਂ ਨਾਲ ਕਿਸੇ ਕਿਸਮ ਦੇ ਸੰਵਾਦ ਤੋਂ ਰੋਚਦਾ ਹੈ, ਧਮਕੀਆਂ ਦਿੰਦਾ ਹੈ ਜਿਸ ਨਾਲ ਲਹਿੰਬਰ ਮਾਨਸਿਕ ਕਸ਼ਟ ਭੋਗਦਾ ਹੈ। ਜਾਤ ਉਸ ਦੀ ਸੀਮਾ ਬਣਾ ਦਿੱਤੀ ਜਾਂਦੀ ਹੈ। ਦੁਰਗਾ ਦਾਸ ਇਤਿਹਾਸ ਦੀ ਜ਼ੁਬਾਨ ਨਾਲ ਬੋਲਦਾ ਵਰਤਮਾਨ ਨੂੰ ਅਪਮਾਨਿਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਨੀਵੇਂ ਰਹਿਣ ਵਾਲੇ ਲੋਕਾਂ ਨੂੰ ਉੱਪਰ ਉੱਠਦੇ ਦੇਖ ਉਸ ਨੂੰ ਤਕਲੀਫ ਹੁੰਦੀ ਹੈ। ਇਹ ਉਸ ਦੀ ਜੜ੍ਹਤਾ ਹੈ। ਲਹਿੰਬਰ ਉਸ ਅਪਮਾਨ ਨੂੰ ਝੱਲਦਾ ਹੈ, ਸਬਰ ਬਣਾਈ ਰੱਖਦਾ ਹੈ। ਭਾਵੇਂ ਉਸ ਦੀ ਜ਼ਿੰਮੇਵਾਰੀ ਸੀ ਕਿ ਉਹ ਦੁਰਗਾ ਦਾਸ ਨਾਲ ਜਾਤ ਦੇ ਵਿਸ਼ੇ 'ਤੇ ਸੰਵਾਦ ਕਰਦਾ ਪਰੰਤੂ ਨੌਕਰੀ ਖੁਸ਼ ਜਾਣ ਦੇ ਡਰ ਕਾਰਨ ਬੋਲਦਾ ਨਹੀਂ ਹੈ। ਇਹ ਸਵਾਰਥ ਵੀ ਲਗਦਾ ਹੈ ਪਰ ਅਸੁਰੱਖਿਆ ਬੋਲਾਂ




ਨੂੰ ਰੋਕਦੀ ਹੈ। ਲਹਿੰਬਰ ਇਸ ਦਾ ਹੱਲ ਉਥੋਂ ਬਦਲੀ ਕਰਾਉਣ ਵਿਚ ਲੱਭਦਾ ਹੈ। ਸ਼ੇਰ ਸਿੰਘ ਸ਼ੇਰ ਦੀ ਮੱਦਦ ਨਾਲ ਉਹ ਕਰਵਾ ਵੀ ਲੈਂਦਾ ਹੈ ਪਰੰਤੂ ਉਸ ਅੰਦਰ ਜਾਤ ਅਪਮਾਨ ਧੁਖਦਾ ਰਹਿੰਦਾ ਹੈ।

ਨਾਵਲ ਲਹਿੰਬਰ ਦੇ ਦੁੱਖਾਂ ਤੋਂ ਸ਼ੁਰੂ ਹੁੰਦਾ ਹੈ ਤੇ ਉਸਦੀ ਸੌਖੀ ਜ਼ਿੰਦਗੀ 'ਤੇ ਆ ਕੇ ਖ਼ਤਮ ਹੁੰਦਾ ਹੈ ਤੇ ਜਾਗਰ ਦੇ ਸੁੱਖਾਂ ਨਾਲ ਸ਼ੁਰੂ ਹੁੰਦਾ ਹੈ। ਲਹਿੰਬਰ ਕੋਲ ਪਿਤਾ ਦੀ ਮੌਤ ਤੇ ਕਲੇਸ਼ ਦਾ ਅਵਚੇਤਨ ਹੈ ਤੇ ਜਾਗਰ ਕੋਲ ਪ੍ਰੀਤੋ ਦੀ ਜਵਾਨੀ ਤੇ ਗਜ਼ਰਿਆਂ ਦਾ ਹੈ। ਦੋਵੇਂ ਬਿਹਤਰ ਜ਼ਿੰਦਗੀ ਲਈ ਲੜਦੇ ਹਨ। ਪਰ ਇਕ ਜਿੱਤ ਜਾਂਦਾ ਹੈ ਦੂਸਰਾ ਹਾਰ ਜਾਂਦਾ ਹੈ। ਜਿਸ ਕੋਲ ਸਿੱਖਿਆ ਤੇ ਚੇਤਨਾ ਹੈ ਉਹ ਆਪਣਾ ਪ੍ਰਬੰਧ ਚੰਗਾ ਸਿਰਜ ਲੈਂਦਾ ਹੈ ਦੂਜਾ ਜੀਵਨ ਅੰਦਰਲੀਆਂ ਦੁਸ਼ਵਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਵਿਚ ਜੰਡ ਇਕ ਅਜਿਹਾ ਪ੍ਰਤੀਕ ਬਣਦਾ ਹੈ ਕਿ ਇਥੇ ਜ਼ਿੰਦਗੀ ਦੇ ਜੰਗ ਲੜੇ ਜਾਂਦੇ ਹਨ। ਬਲਵੀਰ ਦੋ ਧਿਰਾਂ ਦੀ ਲੜਾਈ ਵਿਚ ਮਾਰਿਆ ਜਾਂਦਾ ਹੈ। ਉਹ ਦੂਸਰਿਆਂ ਦੀ ਜ਼ਿੰਦਗੀ ਲਈ ਲੜ ਰਿਹਾ ਸੀ। ਇਸੇ ਤਰ੍ਹਾਂ ਜਾਗਰ ਵੀ ਆਪਣੀ ਜ਼ਿੰਦਗੀ ਲਈ ਲੜ ਰਿਹਾ ਸੀ। ਇਸੇ ਤਰ੍ਹਾਂ ਜਾਗਰ ਵੀ ਆਪਣੀ ਜ਼ਿੰਦਗੀ ਦੀ ਆਖਰੀ ਲੜਾਈ ਲੜ ਰਿਹਾ ਸੀ ਜਿਸਦਾ ਮਨੋਰਥ ਸੁਰੱਖਿਆਤਮਕ ਸੀ। ਉਸਨੇ ਵੀ ਜੰਡ ਹੇਠ ਵੱਢਿਆ ਹੀ ਜਾਣਾ ਸੀ। ਜੰਡ ਸਾਡਾ ਉਹ ਪ੍ਰਤੀਕ ਬਣ ਗਿਆ ਸੀ ਜਿਸ ਥੱਲੇ ਮਿਰਜਾ ਮੁਹੱਬਤ ਬਚਾਉਂਦਾ ਵੱਢਿਆ ਗਿਆ (ਜਿਸ ਨੂੰ ਕੁਝ ਲੋਕ ਹੰਕਾਰ ਦਾ ਵਾਹਕ ਵੀ ਕਹਿੰਦੇ ਹਨ)। ਕਿਤੇ-ਕਿਤੇ ਇਹ ਜੰਡ ਅਜਿਹੀ ਮਧਾਣੀ ਮਹਿਸੂਸ ਹੁੰਦਾ ਹੈ ਜਿਸ ਦੀ ਇਕ ਪਾਸੇ ਦੀ ਨੇਤੀ ਜਾਗਰ ਹੈ ਤੇ ਦੂਜੇ ਪਾਸੇ ਦੀ ਬਲਵੀਰ। ਇਸ ਰਿੜਕਣ ਦੇ ਵਿਚਾਲੇ ਲਹਿੰਬਰ ਖੜ੍ਹਾ ਹੈ ਜੋ ਚੇਤੰਨ ਹੈ, ਚਿੰਤਾਤੁਰ ਵੀ ਹੈ। ਉਸ ਦੀਆਂ ਜੜ੍ਹਾਂ ਸਮਾਜਿਕ ਸੰਰਚਨਾ ਦੇ ਵਰਤਾਰਿਆਂ ਵਿਚ ਹਨ ਜਿਥੇ ਦੁੱਖ ਵੀ ਹਨ ਤੇ ਸੰਘਰਸ਼ ਵੀ।

(**ਸੰਪਰਕ**-88725-11179)



## ਵਿਗਿਆਨ ਦਾ ਗਲਪੀਕਰਨ - ਰੰਗ ਦੀ ਬਾਜ਼ੀ/- ਪਰਗਟ ਸਿੰਘ ਟਿਵਾਣਾ




ਅਜਮੇਰ ਸਿੱਧੂ ਪੰਜਾਬੀ ਕਹਾਣੀ ਦਾ ਉਹ ਹਸਤਾਖਰ ਹੈ ਜਿਸਨੇ ਚੌਥੇ ਪੜਾਅ ਦੀ ਕਹਾਣੀ ਵਿੱਚ ਵੱਖਰਾ ਮੁਕਾਮ ਹਾਸਲ ਕੀਤਾ ਹੈ। ਸਿੱਧੂ ਕਥਾ ਸਾਹਿਤ ਤੋਂ ਇਲਾਵਾ ਜੀਵਨੀ ਸਾਹਿਤ, ਵਿਗਿਆਨਕ ਕਿਰਤਾਂ ਅਤੇ ਸੰਪਾਦਨਾ ਦੇ ਖੇਤਰ ਵਿੱਚ ਵੀ ਲਗਾਤਾਰ ਕਾਰਜਸ਼ੀਲ ਹੈ। ਵਿਗਿਆਨ ਦਾ ਅਧਿਆਪਕ ਹੋਣ ਕਰਕੇ ਵਿਗਿਆਨਕ ਵਰਤਾਰੇ ਉਸਦੇ ਕਥਾ-ਸਾਹਿਤ ਦੀ ਵਸਤੂ-ਸਮੱਗਰੀ ਬਣਦੇ ਹਨ। ਜਿਸ ਨੂੰ ਲੇਖਕ ਆਪਣੇ ਨਿਵੇਕਲੇ ਨਜ਼ਰੀਏ, ਅਗਾਂਹ ਵਧੂ ਵਿਚਾਰਧਾਰਾ ਰਾਹੀਂ ਨਵੇਂ ਜਾਵੀਏ ਤੋਂ ਪੇਸ਼ ਕਰਦਾ ਹੈ। ਵੱਖਰੇ ਥੀਮਕ ਪੈਟਰਨ ਅਤੇ ਨਵੀਆਂ ਕਲਾਤਮਕ ਜੁਗਤਾਂ ਕਾਰਨ ਉਸਦੀ ਕਹਾਣੀ ਆਪਣੀ ਇੱਕ ਵੱਖਰੀ ਪਹਿਚਾਣ ਗ੍ਰਹਿਣ ਕਰਦੀ ਹੈ। 'ਨਚੀਕੇਤਾ ਦੀ ਮੌਤ' (1998), 'ਖੂਹ ਗਿੜਦਾ ਹੈ' (2004), ਖੁਸ਼ਕ ਅੱਖ ਦਾ ਖ਼ਾਬ (2013) ਕਹਾਣੀ ਸੰਗ੍ਰਹਿ ਰਾਹੀਂ ਅਜਮੇਰ ਸਿੱਧੂ ਪੰਜਾਬੀ ਸਾਹਿਤਕ ਜਗਤ ਵਿੱਚ ਭਰਵੀਂ ਹਾਜ਼ਰੀ ਲਗਵਾ ਚੁੱਕਾ ਹੈ। **'ਰੰਗ ਦੀ ਬਾਜ਼ੀ'** (**2018, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ, ਮੁੱਲ 120 ਰੁਪਏ**) ਉਸਦਾ ਚੌਥਾ ਕਹਾਣੀ ਸੰਗ੍ਰਹਿ ਹੈ। ਜਿਸ ਵਿੱਚ ਵੰਨ-ਸੁਵੰਨੇ ਵਿਸ਼ਿਆਂ ਨਾਲ ਸਬੰਧਤ 10 ਕਹਾਣੀਆਂ ਦਰਜ ਹਨ।

ਪੰਜਾਬੀ ਦੇ ਕਈ ਲੇਖਕ ਵਿਗਿਆਨਕ ਪਿਛੋਕੜ ਦੇ ਵਿਦਿਆਰਥੀ, ਅਧਿਆਪਕ ਹੋਣ ਦੇ ਬਾਵਜੂਦ ਵੀ ਵਿਗਿਆਨ ਨੂੰ ਗਲਪ ਸਾਹਿਤਕਾਰੀ ਦੇ ਖੇਤਰ 'ਚ ਚੰਗੇ / ਉਸਾਰੂ ਤਰੀਕੇ ਨਾਲ ਨਹੀਂ ਵਰਤ ਸਕੇ। ਇਸੇ ਕਾਰਣ ਪੰਜਾਬੀ ਸਾਹਿਤ ਵਿੱਚ ਵਿਗਿਆਨਕ ਸਾਹਿਤਕ ਲਿਖਤਾਂ ਦੀ ਘਾਟ ਰੜਕਦੀ ਹੈ ਪਰ ਅਜਮੇਰ ਸਿੱਧੂ ਇਸ ਮਿੱਥ ਨੂੰ ਤੋੜਦਾ ਹੈ। ਇਸ ਸੰਬੰਧੀ ਗੁਰਬਚਨ ਸਿੰਘ ਭੁੱਲਰ ਦੇ ਨਿਮਨ ਲਿਖਤ ਵਿਚਾਰ ਵਾਜਬ ਜਾਪਦੇ ਹਨ। "ਪੰਜਾਬੀ ਕਹਾਣੀ ਵਿੱਚ ਅਜਿਹੇ ਵਿਗਿਆਨਕ ਵਿਸ਼ਿਆਂ ਨੂੰ ਲੈ ਕੇ ਲਿਖੀਆਂ ਗਈਆਂ ਕਹਾਣੀਆਂ ਇਸ ਤੋਂ ਪਹਿਲਾਂ ਮੇਰੀ ਨਜ਼ਰੋਂ ਨਹੀਂ ਲੰਘੀਆਂ। ਮੇਰਾ ਇਹ ਬਿਆਨ, ਜੇ ਪੰਜਾਬੀ ਵਿੱਚ ਹੋਰ ਕੋਈ ਸਮਕਾਲੀ ਵਿਗਿਆਨ-ਕਹਾਣੀਆਂ ਮੌਜੂਦ ਹੋਣ, ਉਹਨਾਂ ਤੱਕ ਮੇਰੀ ਪਾਠਕੀ ਪਹੁੰਚ ਦੇ ਉਰੇ ਰਹਿ ਗਈ ਹੋਣ ਦਾ ਪ੍ਰਮਾਣ ਵੀ ਹੋ ਸਕਦਾ ਹੈ ਪਰ, ਮੇਰੇ ਖਿਆਲ ਵਿੱਚ, ਇਹ ਸੱਚ ਤੋਂ ਦੂਰ ਵੀ ਨਹੀਂ ਹੈ"[1]

ਅਜਮੇਰ ਸਿੱਧੂ ਆਪਣੇ ਕਥਾ ਸਾਹਿਤ ਵਿੱਚ ਹਮੇਸ਼ਾਂ ਹੀ ਵਿਗਿਆਨ ਨੂੰ ਆਪਣੀ ਲੇਖਣੀ ਦਾ ਆਧਾਰ ਬਿੰਦੂ ਬਣਾਉਂਦਾ ਹੈ ਉਸੇ ਤਰ੍ਹਾਂ ਇਸ ਕਿਤਾਬ ਵਿੱਚ ਵੀ ਵਿਗਿਆਨਕ ਵਰਤਾਰੇ ਅਧਾਰਿਤ 'ਕਿਊਟਾ-ਕਿਊਟਾ ਤਾਰੇ-ਤਾਰੇ' 'ਅੰਨ੍ਹੇ ਸੁਜਾਖੇ', 'ਦ ਲੈਨਿਨਜ਼ ਫਰੌਮ ਕਲੋਨ ਵੈਲੀ' ਆਦਿ ਕਹਾਣੀਆਂ ਦਰਜ਼ ਹਨ। 'ਅੰਨ੍ਹੇ ਸੁਜਾਖੇ' ਕਹਾਣੀ ਦਾ ਪੰਜਾਬੀ ਵਿਗਿਆਨੀ ਜਦੋਂ ਵਿਦੇਸ਼ੋਂ ਵਿਗਿਆਨਕ ਸੰਸਥਾਵਾਂ 'ਚ ਕਾਬਲੇ ਗੌਰ ਕੰਮ ਕਰਨ ਉਪਰੰਤ ਸੇਵਾ ਮੁਕਤੀ ਤੇ ਪੰਜਾਬ ਆਉਂਦਾ ਹੈ ਤਾਂ ਉਸਦੇ ਮਨ ਵਿੱਚ ਪੰਜਾਬੀ



ਲੋਕਾਂ ਨੂੰ ਚੇਤਨ ਕਰ ਵਿਗਿਆਨਕ ਨਜ਼ਰੀਏ ਨਾਲ ਜੋੜਨ ਦਾ ਸੁਪਨਾ ਹੁੰਦਾ ਹੈ। ਉਹ ਵਿਗਿਆਨ ਦੇ ਨਵੇਂ ਤਜ਼ਰਬੇ ਅਤੇ ਸਫਲਤਾਵਾਂ ਨੂੰ ਲੋਕਾਂ ਨਾਲ ਸਾਂਝਾ ਕਰਦਿਆਂ ਉਹਨਾਂ ਨੂੰ ਕਲੋਨ ਬਾਰੇ ਦੱਸਦਾ ਹੈ। ਪਰ ਪਿੰਡ ਦੇ ਲੋਕਾਂ ਦੀ ਸੋਚ ਉਪਰ ਸਦੀਆਂ ਤੋਂ ਗਲਬਾ ਪਾਈ ਬੈਠੇ ਪਿਛਾਂਹ ਖਿੱਚੂ ਵਿਚਾਰ ਤੇ ਉਹਨਾਂ ਦੀ ਰੂੜੀਵਾਦੀ ਸੋਚ ਉਹਨਾਂ ਨੂੰ ਵਿਗਿਆਨ ਦੇ ਨਵੇਂ ਪਹਿਲੂਆਂ ਨੂੰ ਸਮਝਣ ਦੀ ਬਜਾਏ ਵਿਗਿਆਨਕ ਨਜ਼ਰੀਏ ਦੇ ਵਿਰੋਧ ਤੇ ਉਤਾਰੂ ਕਰ ਦਿੰਦੀ ਹੈ। ਜਦੋਂ ਏ.ਐਸ.ਬਾਠ (ਵਿਗਿਆਨੀ) ਦੱਸਦਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਵੱਡੇ ਸ਼ਹਿਰਾਂ 'ਚ ਪ੍ਰਯੋਗਸ਼ਾਲਾਵਾਂ ਖੁੱਲ ਜਾਣਗੀਆਂ ਤੇ ਤੁਸੀਂ ਮਨਪਸੰਦ ਬੇਬੀ ਦੀ ਪੈਦਾਇਸ਼ ਕਰਵਾ ਸਕੋਗੇ ਉਸ ਸਮੇਂ ਅਜਿਹੇ ਵਿਚਾਰਾਂ ਦੇ ਪ੍ਰਤੀਉੱਤਰ ਵਜੋਂ ਸਰਪੰਚ ਦੇ ਨਿਮਨ ਲਿਖਤ ਬੋਲ ਸਾਡੀ ਰੂੜੀਵਾਦੀ ਸੋਚ ਦੇ ਧਾਰਣੀ ਹੋ ਨਿੱਬੜਦੇ ਹਨ। "...ਉੱਠੋ ਬਈ, ਇਸ ਝੂਠੇ ਤੇ ਮਨਮੁਖ ਬੰਦੇ ਦੇ ਕੂੜ ਪ੍ਰਚਾਰ ਮਗਰ ਨ੍ਹੀਂ ਲਗਣਾ ਚਾਹੀਦਾ। ਜਿਹੜੀ ਗੱਲ ਹੋਏ ਨ੍ਹੀਂ ਸਕਦੀ, ਉਹ ਸੁਣਨੀ ਕਿਉਂ ਐ ?"[2] 'ਦ ਲੈਨਿਨਜ਼ ਫਰੌਮ ਕਲੋਨ ਵੈਲੀ' ਵਿਗਿਆਨਕ ਨਜ਼ਰੀਏ ਨੂੰ ਨਵੇਂ ਗਾਲਪਨਿਕ ਨਜ਼ਰੀਏ ਤੋਂ ਪਰਿਭਾਸ਼ਿਤ ਕਰਦੀ ਕਹਾਣੀ ਹੈ। ਡਾ. ਸਮਰੱਥ ਅਤੇ ਦਾਅਰੀਨ ਰਿਆਜ਼ ਰੂਸ ਤੋਂ ਆਪਣੀ ਪੜ੍ਹਾਈ ਕਰ ਸਕਾਟਲੈਂਡ ਦੀ ਡੌਲੀ ਬੌਨੀ ਕਲੋਨ ਕੰਪਨੀ ਤੋਂ ਕਲੋਨ ਤਿਆਰ ਕਰਨ ਦਾ ਤਜ਼ਰਬਾ ਹਾਸਲ ਕਰ ਭਾਰਤ ਆ ਜਾਂਦੇ ਹਨ। ਉਨ੍ਹਾ ਅੰਦਰ ਵੀ ਆਮ ਲੋਕਾਂ ਵਾਂਗ ਇਹ ਧਾਰਣਾ ਘਰ ਕਰ ਜਾਂਦੀ ਹੈ ਕਿ ਇੱਥੇ ਇਨਕਲਾਬ ਦੇ ਸੁਪਨੇ ਦਾ ਸਾਕਾਰ ਨਾ ਹੋਣ ਦਾ ਵੱਡਾ ਕਾਰਨ ਕੱਦਾਵਾਰ ਲੀਡਰਸ਼ਿਪ ਦੀ ਘਾਟ ਰਿਹਾ ਹੈ। ਇਸ ਕਾਰਜ ਦੀ ਪੂਰਤੀ ਲਈ ਉਹ ਮਾਸਕੋ ਤੋਂ ਲੈਨਿਨ ਦੀ ਦੇਹ 'ਚੋਂ ਸੈੱਲ ਮੰਗਵਾਕੇ ਕਲੋਨ ਤਿਆਰ ਕਰਦੇ ਹਨ ਤਾਂ ਜੋ ਇੱਕ ਹੋਰ ਲੈਨਿਨ ਪੈਦਾ ਕੀਤਾ ਜਾ ਸਕੇ ਪਰ ਉਹਨਾਂ ਦਾ ਸੁਪਨਾ ਉਦੋਂ ਟੁੱਟ ਜਾਂਦਾ ਹੈ ਜਦੋਂ ਲੈਨਿਨ ਦੇ ਸੈੱਲਾਂ ਤੋਂ ਤਿਆਰ ਹੋਏ ਤਿੰਨ ਕਲੋਨਾਂ ਚੋਂ ਦੋ ਕਾਰਪੋਰੇਟ ਦੇ ਹੱਥ ਠੋਕੇ ਬਣ ਜਾਂਦੇ ਹਨ। ਲੇਖਕ ਉਪਰੋਕਤ ਘਟਨਾਵਾਂ ਦਾ ਗਲਪੀ ਕਰਣ ਕਰਦਾ ਹੋਇਆ ਕਮਿਊਨਿਸਟ ਵਿਚਾਰਧਾਰਾ, ਚਿੰਤਨ ਦੀ ਲੋੜ, ਸਮਝ ਅਤੇ ਸੁਪਨਿਆਂ ਦਾ ਜ਼ਿਕਰ ਕਰਦਾ ਦੱਸਦਾ ਹੈ ਕਿ ਵਿਅਕਤੀ ਵਿਸ਼ੇਸ਼ ਖ਼ਾਸ ਸਮੇਂ, ਸਥਾਨ ਅਤੇ ਪ੍ਰਸਥਿਤੀਆਂ ਦੀ ਉਪਜ ਹੁੰਦੇ ਹਨ ਨਾ ਕਿ ਤਿਆਰ ਕੀਤੇ ਕਲੋਨ।

ਔਰਤ ਦੀ ਹੋਂਦ ਅਤੇ ਹੋਣੀ ਆਦਿ ਦੇ ਮਸਲਿਆਂ ਨੂੰ ਅਨੇਕਾਂ ਕਹਾਣੀਕਾਰਾਂ ਨੇ ਆਪਣੇ ਕਥਾ-ਵਸਤੂ ਵਿੱਚ ਢਾਲਿਆ ਹੈ। ਅਜਮੇਰ ਆਪਣੇ ਕਥਾ ਸਾਹਿਤ ਵਿੱਚ ਔਰਤ ਮੁਕਤੀ, ਸੰਘਰਸ਼, ਜੀਵਨ ਜੀਊਣ ਦੀ ਚਾਹਤ ਨੂੰ ਨਵੇਂ ਜਾਵੀਏ ਤੋਂ ਪੇਸ਼ ਕਰਦਾ ਹੈ। ਨਾਰੀ ਚੇਤਨਾ ਦੇ ਨਾਂ ਤੇ ਉਭਾਰੇ ਜੀਵਨ ਮਾਡਲ 'ਚ ਔਰਤ ਨੂੰ ਅਗਾਂਹਵਧੂ ਖੁੱਲ੍ਹਾਂ ਮਾਣਦੇ ਦਰਸਾਇਆ ਗਿਆ ਹੈ ਪਰ ਅਸਲ 'ਚ ਘਰੇਲੂ ਮਜ਼ਬੂਰੀਆਂ ਅਤੇ ਪਰਿਵਾਰ ਦੀਆਂ ਲੋੜਾਂ ਦੀ ਪੂਰਤੀ ਕਰਦਿਆਂ ਔਰਤ ਰੂਹ ਦੇ ਰਿਸ਼ਤਿਆਂ ਤੋਂ ਟੁੱਟ ਆਪਣੇ ਆਪ ਤੋਂ ਵੀ ਟੁੱਟਦੀ ਦਿਖਾਈ ਦਿੰਦੀ ਹੈ। 'ਮੈਂ ਮਾਂ' ਕਹਾਣੀ ਦੀ ਸੁਧਾ ਆਪਣੇ ਘਰ ਦੀਆਂ ਆਰਥਿਕ ਲੋੜਾਂ ਦੀ ਪੂਰਤੀ ਹਿੱਤ ਕਿਰਾਏ ਦੀ ਕੁੱਖ ਦੇ ਕੇ ਸਰੋਗੇਟ ਮਾਂ ਬਣਕੇ ਵੀ ਮਾਂ ਬਣਨ ਦੇ ਹੱਕ ਤੋਂ ਬਾਂਝੇ ਰਹਿ ਜਾਂਦੀ ਹੈ। ਕਹਾਣੀਕਾਰ ਸਰੋਗੇਟ ਮਾਂ ਬਣਨ ਦੀ ਮਜਬੂਰੀ ਅਤੇ ਬਾਅਦ 'ਚ ਟੁੱਟਦੇ ਸੁਪਨਿਆਂ ਨੂੰ ਚਿੱਤਰਦਾ ਉਸ ਦੁਖਾਂਤਕ ਸਥਿਤੀ ਨੂੰ ਸਾਹਮਣੇ ਲਿਆਉਂਦਾ ਹੈ ਜਿੱਥੇ ਉਸ ਦੀ ਕੁੱਖ ਚੋਂ ਪੈਦਾ ਹੋਈ ਔਲਾਦ ਉਸ ਨੂੰ ਮਾਂ ਮੰਨਣ ਤੋਂ ਇਨਕਾਰੀ ਹੈ। ਸੁਧਾ ਦੇ ਵਾਂਗ 'ਝਨਾਂ ਦੀਆਂ ਛੱਲਾਂ' ਕਹਾਣੀ ਦੀ ਗੁਰਵਿੰਦਰ ਵੀ ਘਰ ਦੀਆਂ ਮਜ਼ਬੂਰੀਆਂ ਕਾਰਨ ਆਪਣੀਆਂ ਨਿੱਜੀ ਇੱਛਾਵਾਂ ਦਾ ਤਿਆਗ ਕਰਕੇ ਛੋਟੇ ਭੈਣ ਭਰਾ ਨੂੰ ਪੜ੍ਹਾ ਲਿਖਾਕੇ ਅਮਰੀਕੀ ਸਿਸਟਮ 'ਚ ਐਡਜਸਟ ਤਾਂ ਕਰ ਦਿੰਦੀ ਹੈ ਪਰ ਉਹੀ ਅਮਰੀਕੀ ਸਿਸਟਮ ਉਸ ਨੂੰ ਜ਼ਿੰਦਗੀ ਮਾਨਣ ਤੋਂ ਕੋਹਾਂ ਦੂਰ ਲੈ ਜਾਂਦਾ ਹੈ ਅਸਲ 'ਚ ਦੋਵੇਂ ਕਹਾਣੀਆਂ ਅਮਰੀਕੀ ਸਿਸਟਮ ਦੇ ਚਕਾਚੌਂਧ ਵਾਲੇ ਚਿਹਰੇ ਦਾ ਪਰਦਾਫਾਸ਼ ਕਰਦੀਆਂ ਹਨ।

ਸਾਡੇ ਸਮਾਜ ਵਿੱਚ ਅਨੇਕਾਂ ਰਿਸ਼ਤਿਆਂ ਦਾ ਚੰਗਾ ਤਾਣਾ-ਬਾਣਾ ਹੈ ਜਿਨ੍ਹਾਂ ਦੀ ਆਪਣੀ ਵੱਖਰੀ ਮਰਿਆਦਾ ਅਤੇ ਮਾਣ ਹੈ। ਪਰ ਬਦਲਦੇ ਸਮੇਂ ਅਤੇ ਸਥਿਤੀਆਂ ਨਾਲ ਅਨੇਕਾਂ ਅਜਿਹੀਆਂ ਘਟਨਾਵਾਂ ਵੀ ਸਾਹਮਣੇ ਆਉਂਦੀਆਂ ਹਨ ਜਦੋਂ ਰਿਸ਼ਤਿਆਂ ਦਾ ਤਾਣਾ ਬਾਣਾ ਟੁੱਟ ਕੇ ਸਿਰਫ ਦੇਹ ਦੇ ਰਿਸ਼ਤੇ ਤੱਕ ਸੀਮਤ ਰਹਿ ਜਾਂਦਾ ਹੈ ਅਜਿਹੇ ਰਿਸ਼ਤਿਆਂ ਨੂੰ ਲੈ ਕੇ ਅਨੇਕਾਂ ਕਹਾਣੀਆਂ ਪੰਜਾਬੀ ਕਥਾ-ਸਾਹਿਤ ਦਾ ਹਿੱਸਾ ਬਣ ਚਰਚਿਤ ਰਹੀਆਂ। ਪਰ ਵਰਜਿਤ ਰਿਸ਼ਤਿਆਂ ਤੇ ਮਨੋਵਿਗਿਆਨ ਦੇ ਨਾਂ ਉੱਪਰ ਦਬੰਗ, ਬੋਲਡ ਕਹਾਣੀ ਲਿਖਕੇ ਲੇਖਕਾਂ ਦੁਆਰਾ ਛਾ ਜਾਣ ਦਾ ਪੈਂਤੜਾ ਵੀ ਅਪਣਾਇਆ ਜਾ ਰਿਹਾ ਹੈ। ਅਜਿਹੇ ਦੌਰ 'ਚ ਸਿੱਧੂ ਨੂੰਹ ਸਹੁਰੇ ਦੇ ਰਿਸ਼ਤੇ ਦੀਆਂ ਕਈ ਪਾਕੀਜ਼ ਤੰਦਾਂ ਉਜਾਗਰ ਕਰਦਾ ਹੈ। ਪਤੀ (ਮੈਂ ਪਾਤਰ) ਦਾ ਲੰਮੇ ਸਮੇਂ ਤੋਂ ਪਰਵਾਸ ਵਿੱਚ ਰਹਿਣਾ ਅਤੇ ਪਤਨੀ ਮਨਪ੍ਰੀਤ ਦਾ ਬਜ਼ੁਰਗ ਸਹੁਰੇ (ਏਡਜ਼ ਪੀੜ੍ਹਤ) ਦੀ ਸੇਵਾ ਕਰਨ ਨੂੰ ਲੋਕ ਗ਼ਲਤ ਨਜ਼ਰੀਏ ਤੋਂ ਦੇਖਦੇ ਹਨ। ਇੱਥੋਂ ਹੀ ਗੱਲਾਂ ਖੰਭਾਂ ਦੀਆਂ ਡਾਰਾਂ ਵਾਂਗ ਫੈਲਦੀਆਂ ਜਦੋਂ ਪਤੀ ਕੋਲ ਪਹੁੰਚਦੀਆਂ ਹਨ ਤਾਂ ਉਹ ਚੋਰੀ ਛਿਪੇ ਘਰ ਪਹੁੰਚ ਪਤਨੀ ਅਤੇ ਪਿਤਾ ਨੂੰ ਖਤਮ ਕਰਨਾ ਚਾਹੁੰਦਾ ਹੈ। ਰਾਤ ਦੇ ਹਨੇਰੇ 'ਚ ਘਰ ਪਹੁੰਚਣ ਸਮੇਂ ਪਿਤਾ ਦੇ ਆਖ਼ਰੀ ਸਾਹਾਂ ਤੇ ਹੋਣ ਸਮੇਂ ਨੂੰਹ ਵੱਲੋਂ ਸਹੁਰੇ ਦੀ ਸੇਵਾ ਅਤੇ ਮਾਂ ਵੱਲੋਂ ਆਪਣੀ ਨੂੰਹ ਦੀ ਸਿਫ਼ਤ ਸੁਣਦਿਆਂ ਉਸਦੇ ਮਨ ਚ ਪਤਨੀ ਅਤੇ ਪਿਤਾ ਵਿਰੁੱਧ ਆਪੂ ਬਣਾਈ ਮਨੋਗੰਢ ਟੁੱਟ ਜਾਂਦੀ ਹੈ।

ਕਾਰਪੋਰੇਟ ਘਰਾਣਿਆਂ ਦੀ ਚੜ੍ਹਤ ਅਤੇ ਆਰਥਿਕ ਵਿਕਾਸ ਦੀ ਅਸਾਂਵੀਂ ਹਨੇਰੀ ਨੇ ਲੋਕ ਧੰਦਿਆਂ ਦਾ ਵਿਨਾਸ਼ ਕਰ ਦਿੱਤਾ ਹੈ। ਜਿਵੇਂ 'ਕੰਡੇ ਦਾ ਜ਼ਖਮ' ਕਹਾਣੀ ਵਿਚਲੇ ਮੁਸ਼ਤਾਕ ਦਾ ਟੱਬਰ ਕੋਹਲੂ ਚਲਾਉਂਦਾ ਚੰਗਾ ਜੀਵਨ ਬਤੀਤ ਕਰਦਾ ਸੀ ਪਰ ਬਜ਼ਾਰੀ ਤੇਲ ਦੀ ਆਮਦ ਨੇ ਉਸ ਨੂੰ ਅਜਿਹਾ ਪਟਕਿਆ ਕੇ ਮੁੜ ਲੋਕਾਂ ਦੀਆਂ ਮੱਝਾਂ ਚਾਰਨ ਜੋਗਾ ਰਹਿ ਗਿਆ। ਲੇਖਕ ਅਸਾਵੇਂ ਵਿਕਾਸ ਦੀ ਭੇਟ ਚੜ੍ਹੇ ਮੁਸ਼ਤਾਕ ਦੇ ਇਕਹਿਰੇ ਵੇਰਵੇ ਪੇਸ਼ ਕਰਨ ਤੱਕ ਸੀਮਤ ਨਹੀਂ ਰਹਿੰਦਾ ਸਗੋਂ ਉਹ ਪਿੰਡ ਦੇ ਸਫੈਦਪੋਸ਼ ਵਿਅਕਤੀਆਂ ਵਿਰੁੱਧ ਹੱਕ ਸੱਚ ਲਈ ਲੜ੍ਹਨ ਵਾਲੇ ਮੁਸ਼ਤਾਕ ਵਰਗੇ ਹੱਕੀ ਯੋਧਿਆਂ ਨੂੰ ਸਿਸਟਮ ਕਿਸ ਤਰਾਂ ਦੁਰਘਟਨਾਵੀਂ ਮੌਤ ਦੇ ਮੂੰਹ ਚ ਧੱਕ ਦਿੰਦਾ ਹੈ ਉਸ ਦੇ ਵੇਰਵੇ ਉਜਾਗਰ ਕਰਦਾ ਹੈ। ਇੱਥੇ ਅਜਮੇਰ ਸਿੱਧੂ ਅਖੌਤੀ ਅਗਾਂਹ ਵਧੂ ਵਿਕਸਤ ਸਮਾਜ ਦੀ ਉਸ ਕਰੂਰ ਸਥਿਤੀ ਸਾਹਮਣੇ ਲਿਆਉਂਦਾ ਹੈ ਜਿੱਥੇ ਆਮ ਇਨਸਾਨ ਦੀ ਸਥਿਤੀ ਸਦੀਆਂ ਬੀਤਣ ਤੋਂ ਬਾਅਦ ਵੀ ਬਦ ਤੋਂ ਬਦੱਤਰ ਹੋ ਰਹੀ ਹੈ। ਵਿਕਾਸ ਦੇ ਨਾਂ ਤੇ ਸ਼ਹਿਰੀਕਰਣ ਦੀ ਪ੍ਰਕ੍ਰਿਆ ਬਹੁਤ ਤੇਜ਼ੀ ਨਾਲ ਵਧੀ ਹੈ। ਜਿਸ ਨਾਲ ਸਾਂਝੇ ਪਰਿਵਾਰ ਟੁੱਟ-ਭੱਜ ਦਾ ਸ਼ਿਕਾਰ ਹੋ ਕੇ ਇਕਹਿਰੇ ਪਰਿਵਾਰਾਂ ਦੇ ਰੂਪ ਵਿੱਚ ਸ਼ਹਿਰਾਂ 'ਚ ਆਵਾਸ ਕਰ ਗਏ ਹਨ। ਜਿਵੇਂ 'ਜ਼ਖਮੀ ਖੰਭਾਂ ਦੀ ਫੜਫੜਾਹਟ' ਵਿਚਲਾ ਹਰਜਿੰਦਰ ਬੱਚਿਆਂ ਅਤੇ ਪਤਨੀ ਸਮੇਤ ਸ਼ਹਿਰ ਰਹਿਣ ਲੱਗਦਾ ਹੈ। ਇੱਥੇ ਇੱਕ ਦਰਘਟਨਾ ਦਾ ਸ਼ਿਕਾਰ ਹੋਇਆ ਉਹ ਮੰਜੇ ਜੋਗਾ ਰਹਿ ਜਾਂਦਾ ਹੈ। ਇੱਕ ਦਿਨ ਜਦੋਂ ਪਤਨੀ ਬੱਚਿਆਂ ਸਮੇਤ ਵਿਆਹ ਉੱਪਰ ਪੇਕੇ ਚਲੀ ਜਾਂਦੀ ਹੈ ਤਾਂ ਹਰਜਿੰਦਰ ਸਾਰੀ ਰਾਤ ਗਰਮੀ ਅਤੇ ਉੱਪਰ ਚੱਲ ਰਹੇ ਪੱਖੇ ਦੇ ਫਰ ਖੁੱਲ ਕੇ ਡਿੱਗਣ ਤੋਂ ਡਰਦਾ ਰਾਤ ਲਗਾਉਂਦਾ ਹੈ। ਅਗਲੇ ਦਿਨ ਸਵੇਰੇ ਪਿੰਡੋਂ ਭਰਾ ਦੇ ਆਉਣ ਤੇ ਉਹ ਸਭ ਦੁੱਖ ਦਰਦ ਭੁੱਲ ਜਾਂਦਾ ਹੈ। ਅਸਲ 'ਚ ਕਹਾਣੀਕਾਰ ਸਾਂਝੇ ਪਰਿਵਾਰ ਤੋਂ ਇਕਹਿਰੇ ਪਰਿਵਾਰ, ਸਾਂਝ ਤੋਂ ਇਕੱਲੇਪਣ, ਪਿੰਡ ਤੋਂ ਸ਼ਹਿਰੀਕਰਨ ਕਾਰਨ ਮਨੁੱਖ ਅੰਦਰ ਪੈਦਾ ਹੋਏ ਖਲਾਅ ਨੂੰ ਉਭਾਰਦਾ ਨਜ਼ਰੀ ਪੈਦਾ ਹੈ।

'ਰੰਗ ਦੀ ਬਾਜ਼ੀ' ਪੁਸਤਕ ਨੂੰ ਨਾਂ ਦੇਣ ਵਾਲੀ ਸੱਸ਼ਕਤ ਕਹਾਣੀ ਹੈ। ਕਹਾਣੀ ਉਸ ਸਮੇਂ 'ਚ ਸਾਹਮਣੇ ਆਉਂਦੀ ਹੈ। ਜਦੋਂ ਕਈ ਮਹਿਕਮਿਆਂ 'ਚ ਪ੍ਰਸ਼ੰਸਾ ਪੱਤਰ, ਇਨਾਮ-ਸਨਮਾਨ ਟੌਫੀਆਂ ਵਾਂਗ ਵੰਡ ਕੇ ਹੱਥ ਠੋਕੇ ਪੈਦਾ ਕੀਤੇ ਜਾ ਰਹੇ ਹਨ। ਅਜਿਹੇ ਇਨਾਮ ਸਨਮਾਨ, ਪ੍ਰਸ਼ੰਸਾ ਪੱਤਰ ਹਮੇਸ਼ਾਂ ਵਿਵਾਦਾਂ




ਵਿੱਚ ਵੀ ਰਹੇ ਹਨ ਜਿਵੇਂ ਰੰਗ ਦੀ ਬਾਜ਼ੀ ਕਹਾਣੀ ਵਿਚਲਾ ਆਨੰਦਜੀਤ ਪੜ੍ਹਿਆ-ਲਿਖਿਆ ਸਮਝਦਾਰ, ਮਿਹਨਤੀ ਅਤੇ ਵਿਦਿਆਰਥੀਆਂ ਲਈ ਪ੍ਰੇਰਣਾ ਸ੍ਰੋਤ ਅਧਿਆਪਕ ਹੈ। ਉਸ ਦੇ ਮੁਕਾਬਲੇ ਹਰਜੋਗ ਧਾਰਮਿਕ ਪਾਖੰਡੀ, ਵਿਖਾਵੇਬਾਜ਼ ਅਤੇ ਅਧਿਆਪਕ ਦੀ ਰੂਹ ਤੋਂ ਕੋਹਾਂ ਦੂਰ ਰਹਿਣ ਵਾਲਾ ਅਧਿਆਪਕ ਹੈ। ਪਰ ਸਰਕਾਰ ਵੱਲੋਂ ਸਟੇਟ ਅਵਾਰਡ ਆਨੰਦਜੀਤ ਦੀ ਬਜਾਏ ਹਰਜੋਗ ਨੂੰ ਦੇ ਦਿੱਤਾ ਜਾਂਦਾ ਹੈ। ਇੱਥੇ ਕਹਾਣੀਕਾਰ ਸਾਹਿਤ ਅਤੇ ਸਿੱਖਿਆ ਦੇ ਖੇਤਰ ਵਿਚਲੀ ਸਿਆਸਤ ਨੂੰ ਤਾਸ਼ ਦੀ ਬਾਜ਼ੀ ਦੇ ਰੂਪ ਚ ਪੇਸ਼ ਕਰਨ 'ਚ ਕਾਮਯਾਬ ਹੁੰਦਾ ਹੈ।

ਰੰਗ ਦੀ ਬਾਜ਼ੀ ਪੁਸਤਕ ਦੀਆਂ ਕਹਾਣੀਆਂ ਪੜਦਿਆਂ ਇਸ ਗੱਲ ਦਾ ਗਹਿਰਾ ਅਹਿਸਾਸ ਹੁੰਦਾ ਹੈ ਕਿ ਲੇਖਕ ਵਿਗਿਆਨਕ ਨਜ਼ਰੀਏ ਨੂੰ ਗਲਪ ਸਾਹਿਤ ਵਿੱਚ ਵਿਲੱਖਣ ਤਰੀਕੇ ਨਾਲ ਪੇਸ਼ ਤਾਂ ਕਰਦਾ ਹੈ ਪਰ ਵਿਗਿਆਨ ਵਿਸ਼ੇ ਨਾਲ ਸਬੰਧਤ ਕਹਾਣੀਆਂ ਦੇ ਕੁੱਝ ਸੰਕਲਪਗਤ ਸ਼ਬਦ ਅਤੇ ਉਨ੍ਹਾ ਦੇ ਅਰਥ ਆਮ ਪਾਠਕ ਦੀ ਪੜ੍ਹਤ 'ਚ ਸਮਝੋਂ ਬਾਹਰੇ ਹੋਣ ਕਾਰਨ ਸਮੱਸਿਆ ਪੈਦਾ ਹੁੰਦੀ ਹੈ ਪਰ ਇਹ ਕਹਾਣੀਆਂ ਗੰਭੀਰ ਤੇ ਪੜ੍ਹੇ ਲਿਖੇ ਪਾਠਕ ਲਈ ਗਿਆਨ ਦੇ ਨਵੇਂ ਦਿਸਹੱਦੇ ਖੋਲਦੀਆਂ ਕਹਾਣੀਆਂ ਹਨ। ਨਵੇਂ ਸੰਕਟਾਂ, ਸਥਿਤੀਆਂ ਨੂੰ ਨਵੇਂ ਨਜ਼ਰੀਏ ਤੋਂ ਪੇਸ਼ ਕਰਦੇ ਕਹਾਣੀ ਸੰਗ੍ਰਹਿ ਨੂੰ ਜੀ ਆਇਆਂ ਕਹਿਣਾ ਬਣਦਾ ਹੈ।

**ਹਵਾਲੇ ਤੇ ਟਿੱਪਣੀਆਂ**


1. ਅਜਮੇਰ ਸਿੱਧੂ, ਰੰਗ ਦੀ ਬਾਜ਼ੀ, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ, 2018 ਪੰਨਾ: 8
2. ਉਹੀ ਪੰਨਾ -53


**ਪਤਾ- ਸ.ਸ.ਸ.ਸ. ਛੀਨੀਵਾਲ ਕਲਾਂ, ਬਰਨਾਲਾ।**



# 'ਆਮ-ਖਾਸ' ਕਹਾਣੀ ਸੰਗ੍ਰਹਿ ਦਾ ਵਿਸ਼ਾਗਤ ਤੇ ਵਿਧਾਗਤ ਅਧਿਐਨ

**ਡਾ ਰਮਨਪ੍ਰੀਤ ਕੌਰ**




ਗੁਰਦੇਵ ਸਿੰਘ ਰੁਪਾਣਾ ਪੰਜਾਬੀ ਸਾਹਿਤ ਦੇ ਉਨ੍ਹਾਂ ਸਮਰੱਥ ਲੇਖਕਾਂ ਵਿਚੋਂ ਇੱਕ ਹੈ ਜਿਸ ਨੇ ਆਪਣੀਆਂ ਰਚਨਾਵਾਂ ਦੁਆਰਾ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਗਿਣਾਤਮਕਤਾ ਦੇ ਨਾਲ-ਨਾਲ ਗੁਣਾਤਮਕ ਵਾਧਾ ਵੀ ਕੀਤਾ ਹੈ। ਹੁਣ ਤੱਕ ਗੁਰਦੇਵ ਸਿੰਘ ਰੁਪਾਣਾ ਪੰਜ ਕਹਾਣੀ ਸੰਗ੍ਰਹਿ (ਇੱਕ ਟੋਟਾ ਔਰਤ (1970), ਆਪਣੀ ਅੱਖ ਦਾ ਜਾਦੂ (1978), ਡਿਫੈਂਸ ਲਾਈਨ (1988), ਸ਼ੀਸ਼ਾ ਤੇ ਹੋਰ ਕਹਾਣੀਆਂ (2002), ਰਾਂਝਾ ਵਾਰਿਸ ਹੋਇਆ (2003), ਚਾਰ ਨਾਵਲ (ਜਲਦੇਵ, ਆਸੋ ਦਾ ਟੱਬਰ, ਗੋਰੀ, ਸ਼੍ਰੀ ਪਾਰਵਾ), ਅਨੁਵਾਦ (ਤੇਲਗੂ ਕਹਾਣੀਆਂ, ਵੀਰਾਨੇ ਤੇ ਬਹਾਰਾਂ) ਅਤੇ ਇੱਕ ਲੇਖ ਸੰਗ੍ਰਹਿ 'ਟੁੱਟਦੇ ਬੰਧਨ' ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕਿਆ ਹੈ। **'ਆਮ ਖਾਸ' (ਪ੍ਰਕਾਸ਼ਕ ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਬਠਿੰਡਾ, ਮੁੱਲ 120 ਰੁਪਏ)** ਮਾਨਵਵਾਦੀ ਸੁਹਜਾਤਮਕ ਦ੍ਰਿਸ਼ਟੀ ਦਾ ਧਾਰਨੀ ਗੁਰਦੇਵ ਸਿੰਘ ਰੁਪਾਣਾ ਆਪਣੀਆਂ ਕਹਾਣੀਆਂ ਵਿੱਚ ਮਾਨਵੀ ਰਿਸ਼ਤਿਆਂ ਅੰਦਰਲੀਆਂ ਅੰਦਰੂਨੀ, ਗੁੰਝਲਦਾਰ ਤੇ ਗਹਿਰੀਆਂ ਪਰਤਾਂ ਨੂੰ ਫਰੋਲਦਾ ਹੋਇਆ ਰਿਸ਼ਤਿਆਂ ਦੇ ਸੱਚ ਨੂੰ ਬਹੁਤ ਹੀ ਸੰਵੇਦਨਸ਼ੀਲ ਅਤੇ ਤਾਰਕਿਕ ਰੂਪ ਵਿੱਚ ਪ੍ਰਗਟਾਉਂਦਾ ਹੈ। ਸਹਿਜ ਅਤੇ ਸੁਭਾਵਿਕ ਰਹਿੰਦਿਆਂ ਜੀਵਨ ਯਥਾਰਥ ਦੀ ਜਟਿਲਤਾ ਦੇ ਕਈ ਰਹੱਸਮਈ ਪੱਖਾਂ, ਸੰਵੇਦਨਸ਼ੀਲ ਮਾਨਵੀ ਪ੍ਰਵਿਰਤੀਆਂ ਅਤੇ ਅੰਦਰੂਨੀ ਮਨੁੱਖੀ ਭਾਵਨਾਵਾਂ ਦੀਆਂ ਤੀਬਰ ਤਰੰਗਾਂ ਨੂੰ ਬਹੁਤ ਰਮਜ਼ ਭਰਪੂਰ ਤੇ ਸੰਕੇਤਕ ਸ਼ੈਲੀ ਵਿੱਚ ਪ੍ਰਗਟ ਕਰਨਾ ਰੁਪਾਣਾ ਦੇ ਗਲਪ ਦਾ ਹਾਸਿਲ ਹੈ।

**ਗੁਰਦੇਵ ਸਿੰਘ ਰੁਪਾਣਾ ਦਾ ਫੋਕਸੀਕਰਨ**

ਰੁਪਾਣਾ ਆਪਣੀ ਕਲਾਤਮਕ ਸੂਝ ਸਦਕਾ ਸਮਾਜਕ ਯਥਾਰਥ ਦੀ ਗੱਲ ਕਰਨ ਦੇ ਨਾਲ-ਨਾਲ ਸਮਾਜਿਕ ਚੇਤਨਾ ਦੀ ਗੱਲ ਵੀ ਕਰਦਾ ਹੈ। ਉਸ ਦੀਆਂ ਰਚਨਾਵਾਂ ਪੂੰਜੀਵਾਦੀ ਜੀਵਨ ਦੀਆਂ ਕਠੋਰ, ਅਸੰਗਤ ਅਤੇ ਅਸਮਾਨ ਸਮਾਜਿਕ ਆਰਥਿਕ ਸਥਿਤੀਆਂ ਵਿਚੋਂ ਪੈਦਾ ਹੋਏ ਵਿਅਕਤੀ ਅਤੇ ਸਮਾਜ ਵਿਚਲੇ ਅੰਤਰ-ਵਿਰੋਧਾਂ, ਅਪਵਾਦਾਂ ਅਤੇ ਟਕਰਾਵਾਂ ਨੂੰ ਆਪਣਾ ਵਿਸ਼ਾ ਬਣਾਉਂਦੀਆਂ ਹਨ। ਸਥਾਨਗਤ ਅਰਥਾਂ ਵਿਚ ਮਾਲਵੇ ਦਾ ਖਿੱਤਾ ਰੁਪਾਣਾ ਦੀਆਂ ਗਲਪ-ਰਚਨਾਵਾਂ ਦਾ ਵਿਸ਼ਾ ਖੇਤਰ ਬਣਦਾ ਹੈ। ਪੰਜਾਬ ਦੇ ਪੇਂਡੂ ਭਾਈਚਾਰੇ, ਰਿਸ਼ਤਾ ਨਾਤਾ ਪ੍ਰਬੰਧ, ਸ਼ਰੀਕੇਬਾਜ਼ੀ ਤੇ ਅਰਥਚਾਰੇ ਤੋਂ ਰੁਪਾਣਾ ਭਲੀ ਭਾਂਤੀ ਜਾਣੂੰ ਹੈ। ਇਹ ਪੇਂਡੂ ਸਭਿਆਚਾਰ ਸਥਿਰ ਨਹੀਂ ਸਗੋਂ ਨਿਰੰਤਰ ਗਤੀਸ਼ੀਲ ਰੂਪਾਂਤਰਣ ਦੀ ਪ੍ਰਕਿਰਿਆ ਵਿਚ ਪਈ ਹੋਈ ਹੈ। ਰੂਪਾਂਤਰਣ ਦੀ ਇਸ ਪ੍ਰਕਿਰਿਆ ਵਿਚ ਪਏ ਸਮਾਜ ਵਿੱਚ ਮਾਨਵੀ ਰਿਸ਼ਤਿਆਂ ਦੀ ਹੋ ਰਹੀ ਟੁੱਟ-ਭੱਜ ਅਤੇ ਉਸ ਟੁੱਟ-ਭੱਜ ਵਿਚੋਂ ਜੀਉਣ ਦੇ ਹੀਲੇ ਤਲਾਸ਼ ਕਰਨ ਦੀ ਪ੍ਰਕਿਰਿਆ ਨੂੰ ਰੁਪਾਣਾ ਨੇ ਆਪਣੀ ਕਹਾਣੀਆਂ ਵਿਚ ਬਹੁਤ ਸਹਿਜਤਾ ਅਤੇ ਕਲਾਤਮਕ ਸੁਹਿਦਰਤਾ ਨਾਲ ਪੇਸ਼ ਕੀਤਾ ਹੈ। 'ਆਮ ਖਾਸ' ਕਹਾਣੀ ਸੰਗ੍ਰਹਿ ਵਿਚਲੀ 'ਟਲਵਾ ਟਲਵੀ' ਕਹਾਣੀ ਇਸ ਦੀ ਉੱਤਮ ਮਿਸਾਲ ਹੈ ਜਿਸ ਵਿੱਚ ਬਜ਼ੁਰਗ ਪਾਤਰ ਦੀ ਮਨੋ-



ਅਵਸਥਾ ਬਚਪਨ ਦੇ ਛਿਣ ਢੂੰਡਦੀ ਆਪਣੀ ਔਲਾਦ ਲਈ ਸਿਰਦਰਦੀ ਬਣ ਜਾਂਦੀ ਹੈ ਅਤੇ ਉਸਦੀ ਔਲਾਦ ਉਸਦੇ ਮਰਨ ਨੂੰ ਉਡੀਕਦੀ ਹੈ। 'ਟਲਵਾ ਟਲਵੀ' ਕਹਾਣੀ ਵਿਅਕਤੀ ਮਾਨਸਿਕਤਾ ਦਾ ਕੇਵਲ ਗਲਪੀ-ਚਿੱਤਰ ਹੀ ਨਹੀਂ ਉਸਾਰਦੀ ਬਲਕਿ ਬਹੁਤ ਹੀ ਸੂਖਮ-ਢੰਗ ਨਾਲ ਇਸ ਦੇ ਮਾਨਵ-ਪੱਖੀ ਅਤੇ ਮਾਨਵ-ਵਿਰੋਧੀ ਪੱਖਾਂ ਦਾ ਮੁਲਾਂਕਣੀ ਜ਼ਾਇਜ਼ਾ ਵੀ ਪ੍ਰਸਤੁਤ ਕਰਦੀ ਹੈ। ਦੂਜੇ ਸ਼ਬਦਾਂ ਵਿੱਚ ਉਸ ਦੀਆਂ ਕਹਾਣੀਆਂ ਪੇਂਡੂ ਸੰਸਕ੍ਰਿਤੀ ਅਤੇ ਮਾਨਸਿਕਤਾ ਦਾ ਤੱਥ ਸਾਰ ਅਤੇ ਕੱਥ ਸਾਰ ਪ੍ਰਸਤੁਤ ਕਰਨ ਵਿਚ ਖਰੀਆਂ ਉਤਰਦੀਆਂ ਹਨ। ਇਸੇ ਪ੍ਰਸੰਗ ਵਿੱਚ ਉਸ ਦੀਆਂ 'ਮਾਡਲ' ਅਤੇ 'ਕੇਕ' ਕਹਾਣੀਆਂ ਵਿਚਾਰਨਯੋਗ ਹਨ। 'ਮਾਡਲ' ਕਹਾਣੀ ਵਿੱਚ ਹਿੰਦੂ ਅਤੇ ਸਿੱਖ ਮਾਨਸਿਕਤਾ ਦਾ ਮਾਡਲ ਕੇਵਲ ਵਰਤਮਾਨ ਜਾਂ ਭਵਿੱਖ ਤੱਕ ਹੀ ਸੀਮਿਤ ਨਹੀਂ ਬਲਕਿ ਇਹ ਮਰਨ ਉਪਰੰਤ 'ਨਰਕ-ਸੁਰਗ' ਦੇ ਮਾਡਲ ਸਿਰਜਣ ਤੱਕ ਗਤੀਸ਼ੀਲ ਹੈ। ਇਸ ਕਹਾਣੀ ਵਿੱਚਲੇ ਪਾਤਰ ਨੱਥੂ ਰਾਮ (ਹਿੰਦੂ ਪਾਤਰ) ਸਵਰਗ ਵਿੱਚ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਭਗਵਾਨ (ਸਤਜੁੱਗ ਵਿਚੋਂ) ਗਾਂਧੀ ਜੀ, ਲਾਲਾ ਜੀ, ਨਹਿਰੂ ਜੀ, ਪਟੇਲ ਜੀ (ਕਲਯੁੱਗ ਵਿਚੋਂ) ਜਿੱਥੇ ਪਹਿਲੀ ਨਜ਼ਰੀ ਦਿਸ ਪੈਂਦੇ ਹਨ ਉੱਥੇ ਅਜੀਤ ਸਿੰਘ ਤੇ ਭਗਤ ਸਿੰਘ ਤੇ ਭਗਤ ਸਿੰਘ ਤੇ ਊਧਮ ਸਿੰਘ ਬਾਰੇ "ਹੋਣਗੇ ਕਿਤੇ ਪਿੱਛੇ ਬੈਠੇ। ਨਜ਼ਰ ਨਹੀਂ ਆਏ",[1] ਦਾ ਉੱਤਰ ਪ੍ਰਾਪਤ ਹੈ। ਇਸੇ ਕਹਾਣੀ ਦੇ ਦੂਜੇ ਮੁੱਖ ਪਾਤਰ ਪ੍ਰੇਮ ਸਿੰਘ (ਸਿੱਖ ਪਾਤਰ) ਨੂੰ ਸਵਰਗ ਵਿਚ ਦਸੇ ਪਾਤਸ਼ਾਹੀਆਂ, ਪੰਜੇ ਪਿਆਰੇ, ਚਾਲੀ ਮੁਕਤੇ, ਬਾਬਾ ਦੀਪ ਸਿੰਘ, ਬਾਬਾ ਬੁੱਢਾ ਸਿੰਘ, ਅਕਾਲੀ ਫੂਲਾ ਸਿੰਘ, ਸਰਦਾਰ ਹਰੀ ਸਿੰਘ ਨਲਵਾ, ਭਾਈ ਕਨ੍ਹੱਈਆ ਜੀ, ਮਹਾਰਾਜਾ ਰਣਜੀਤ, ਪੀਰ ਬੁੱਧੂ ਸ਼ਾਹ, ਚਾਰ ਸਹਿਬਜ਼ਾਦੇ (ਸਤਯੁਗ ਵਿੱਚੋਂ) ਸਰਦਾਰ ਭਗਤ ਸਿੰਘ, ਊਧਮ ਸਿੰਘ, ਸਰਾਭਾ, ਮਾਸਟਰ ਜੀ (ਕਲਜੁੱਗ ਵਿਚੋਂ) ਪਹਿਲੀ ਕਤਾਰ ਵਿੱਚ ਹੀ ਨਜ਼ਰ ਆਉਂਦੇ ਹਨ ਉਥੇ ਗਾਂਧੀ ਜੀ ਤੇ ਨਹਿਰੂ ਜੀ ਬਾਰੇ ਪੁੱਛਣ 'ਤੇ ਪ੍ਰੇਮ ਸਿੰਘ "ਐਵੇਂ ਝੂਠ ਮਾਰੀਏ, ਨਜ਼ਰ ਨਹੀਂ ਆਏ। ਕਿਤੇ ਪਿੱਛੇ ਬੈਠੇ ਹੋਣ ਤਾਂ ਕੁਝ ਆਖ ਨਹੀਂ ਸਕਦੇ।"[2] ਜਵਾਬ ਦਿੰਦਾ ਹੈ। 'ਕੇਕ' ਕਹਾਣੀ ਅੱਜ ਦੇ ਪੂੰਜੀਵਾਦੀ ਦੌਰ ਦੀ ਕਹਾਣੀ ਹੈ ਜੋ ਇੱਕ ਗਰੀਬ ਮਜ਼ਦੂਰ ਦੀ ਸਮਾਜਿਕ, ਆਰਥਿਕ ਤੇ ਭਾਵਨਾਤਮਕ ਸਥਿਤੀ ਨੂੰ ਬਹੁਤ ਹੀ ਮਾਰਮਿਕ ਤੇ ਵਿਅੰਗਮਈ ਸ਼ੈਲੀ ਵਿੱਚ ਪ੍ਰਸਤੁਤ ਕਰਦੀ ਹੋਈ ਇਕ ਮਜ਼ਦੂਰ ਦੀ ਕਲਾ ਅਤੇ ਮਿਹਨਤ ਨੂੰ ਮਹਿਜ਼ ਇਕ ਵਸਤੂ ਤੱਕ ਸੀਮਿਤ ਕਰ ਦਿੰਦੀ ਹੈ।

'ਨਿਹਾਲੀ ਦਾ ਮੈਨੀਫੈਸਟੋ' ਰਾਜਨੀਤੀ ਉੱਪਰ ਵਿਅੰਗ ਕਰਦੀ ਕਹਾਣੀ ਹੈ ਕਿ ਕਿਵੇਂ ਦਲਿਤ ਜਾਂ ਆਰਥਿਕ ਪੱਖੋਂ ਕਮਜ਼ੋਰ ਨਾਗਰਿਕ ਰਾਜਨੀਤਿਕ ਸੱਤਾ ਦਾ ਭਾਈਵਾਲ ਬਣਨ ਦੀ ਥਾਂ ਕੇਵਲ ਵਕਤੀ ਤੌਰ 'ਤੇ ਆਪਣੀ ਪਤਲੀ ਆਰਥਿਕ ਹਾਲਤ ਨੂੰ ਸੁਧਾਰਨ ਤੱਕ ਦੀ ਸੋਚ ਤੱਕ ਸੀਮਿਤ ਹੋ ਕੇ ਰਹਿ ਜਾਂਦਾ ਹੈ। ਇਸ ਕਹਾਣੀ ਦੀ ਕੇਂਦਰੀ ਪਾਤਰ ਨਿਹਾਲੀ ਜੋ ਕਿ ਪੰਚ ਦੀ ਚੋਣ ਲੜ ਰਹੀ ਹੈ, ਆਪਣਾ ਮੈਨੀਫੈਸਟੋ, ਨਾ ਕਿ ਪਾਰਟੀ ਦਾ ਮੈਨੀਫੈਸਟੋ ਕਹਾਣੀ ਬਿਰਤਾਂਤ ਵਿੱਚ ਕੁਝ ਇਸ ਤਰ੍ਹਾਂ ਬਿਆਨ ਕਰਦੀ ਹੈ "ਪੰਚਾਇਤ ਦੇ ਸੱਤ ਮੈਂਬਰ ਚੁਣੇ ਜਾਣਗੇ। ਇਹ ਸੱਤੇ ਮਿਲ ਕੇ ਸਰਪੰਚ ਦੀ ਚੋਣ ਕਰਨਗੇ। ਸਰਪੰਚ ਬਣਨ ਵਾਸਤੇ ਦੋ ਜਣੇ ਤਿਆਰੀ ਕਰ ਰਹੇ ਹਨ। ਜਿਸ ਨਾਲ ਤਿੰਨ ਮੈਂਬਰ ਹੋ ਗਏ, ਉਸਨੇ ਬਣ ਜਾਣਾ ਹੈ। ਬਹੁਤ ਖਿੱਚ ਧੂਹ ਹੋਣ ਦੀ ਸੰਭਾਵਨਾ ਹੈ। ਦੋਵੇਂ ਪੈਸੇ ਵਾਲੇ ਬੰਦੇ ਹਨ। ਇਸ ਲਈ ਬਹੁਤ ਖਰਚਾ ਕਰਨ ਵਾਸਤੇ ਤਿਆਰ ਹਨ। ਪਿਛਲੀ ਵਾਰ ਪੰਜ ਪੰਜ ਹਜ਼ਾਰ ਮੁੱਲ ਪੈ ਗਿਆ ਸੀ, ਇੱਕ ਇੱਕ ਪੰਚ ਦੀ ਵੋਟ ਦਾ। ਜੋ ਵੱਧ ਪੈਸਾ ਦੇਵੇਗਾ, ਨਿਹਾਲੀ ਉਸੇ ਨੂੰ ਵੋਟ ਦੇਵੇਗੀ। ਕਿਉਂਕਿ ਉਸ ਨੇ ਕੁੜੀ ਦੀ ਸ਼ਾਦੀ ਕਰਨੀ ਹੈ।"[3]

ਰੁਪਾਣੇ ਦੁਆਰਾ ਰਚਿਤ ਕਹਾਣੀਆਂ ਦਾ ਗਹਿਨਤਾ ਨਾਲ ਅਧਿਐਨ ਕੀਤਿਆਂ ਇੱਕ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਉਸ ਨੂੰ ਆਪਣੇ ਸਮਾਜਿਕ, ਰਾਜਨੀਤਿਕ ਅਤੇ ਸਭਿਆਚਾਰਕ ਵਰਤਾਰਿਆ ਦੀ ਪੂਰਨ ਸੋਝੀ ਹੈ। ਸਥੂਲ ਰੂਪ ਵਿਚ ਵਾਪਰਦੀਆਂ ਬਾਹਰੀ ਘਟਨਾਵਾਂ ਕਈ ਵਾਰ ਕਿਸੇ ਸਮੱਸਿਆ ਦਾ

ਸਮਾਜਿਕ-ਸਭਿਆਚਾਰਕ ਪਰਿਪੇਖ ਤਾਂ ਉਸਾਰ ਦਿੰਦੀਆਂ ਹਨ ਪਰ ਉਹ ਪਾਤਰਾਂ ਦੇ ਧੁਰ ਅਵਚੇਤਨ ਤਕ ਪਹੁੰਚ ਹਾਸਿਲ ਕਰਨ ਵਿਚ ਅਸਮਰੱਥ ਰਹਿੰਦੀਆਂ ਹਨ। ਇਸ ਸਥਿਤੀ ਦਾ ਹੱਲ ਅੰਤਰਮੁੱਖਤਾ ਤੋਂ ਬਾਹਰਮੁੱਖਤਾ ਵਿੱਚ ਸਹੀ ਤੇ ਸੰਤੁਲਿਤ ਸੰਤੁਲਨ ਸਿਰਜਣ ਦੇ ਰੂਪ ਵਿਚ ਸੰਭਵ ਹੈ। ਅਜਿਹੀ ਸਹੀ ਤੇ ਸੰਤੁਲਿਤ ਸਿਰਜਣਾ ਰੁਪਾਣਾ ਦੀਆਂ ਕਹਾਣੀਆਂ ਦਾ ਹਾਸਿਲ ਹੈ।

**ਗੁਰਦੇਵ ਸਿੰਘ ਰੁਪਾਣਾ ਦੀਆਂ ਕਹਾਣੀਆਂ ਦਾ ਬਿਰਤਾਂਤਕੀ ਸੰਗਠਨ**

ਗੁਰਦੇਵ ਸਿੰਘ ਰੁਪਾਣਾ ਮਨੁੱਖੀ ਮਾਨਸਿਕਤਾ ਦਾ ਕਹਾਣੀਕਾਰ ਹੈ। ਉਸ ਦੀ ਸਾਹਿਤ ਸੰਵੇਦਨਾ ਦੀ ਵਿੱਲਖਣਤਾ ਪੰਜਾਬੀ ਕਹਾਣੀ ਦੇ ਵਿਸ਼ੇ ਨੂੰ ਵਿਸਤਾਰਨ ਵਿਚ ਹੀ ਨਹੀਂ ਬਲਕਿ ਵਿਧਾ ਪੱਖੋਂ ਵੀ ਪੰਜਾਬੀ ਕਹਾਣੀ ਦੀਆਂ ਬਿਰਤਾਂਤਕ ਵਿਸ਼ੇਸ਼ਤਾਵਾਂ ਦੀਆਂ ਸੀਮਾਵਾਂ ਨੂੰ ਨਿਖਾਰਨ ਤੇ ਵਿਸਤਾਰਨ ਕਰਕੇ ਹੈ। ਕਹਾਣੀ ਘੜਨ ਦਾ ਵਿਸ਼ਾਲ ਤਜ਼ਰਬਾ ਤੇ ਅਸਾਧਾਰਨ ਨਿਪੁੰਨਤਾ ਉਸ ਦੀਆਂ ਕਹਾਣੀਆਂ ਦਾ ਹਾਸਿਲ ਹੈ। ਕਹਾਣੀ ਦੀ ਹੋਂਦ ਵਿਧੀ ਤੇ ਵਿਧਾ ਲਈ ਜਿਹੜੇ ਨਿਯਮ ਕਾਰਜਸ਼ੀਲ ਹਨ, ਉਸ ਦਾ ਉਸ ਨੂੰ ਕੇਵਲ ਗਿਆਨ ਹੀ ਨਹੀਂ ਬਲਕਿ ਉਨ੍ਹਾਂ ਨੂੰ ਸਹਿਜਤਾ ਨਾਲ ਨਿਭਾਉਣ ਵਿਚ ਉਸ ਨੂੰ ਮਿਆਰੀ ਮੁਹਾਰਤ ਵੀ ਹਾਸਿਲ ਹੈ। ਵਿਸ਼ਾ ਚੋਣ ਅਤੇ ਪ੍ਰਤੱਖਣ ਵਿਧੀਆਂ ਉਸ ਦੀ ਬਿਰਤਾਂਤਕੀ ਪ੍ਰਬੀਨਤਾ ਦੀਆਂ ਸਭ ਤੋਂ ਵੱਡੀਆਂ ਸਹਾਇਕ ਹਨ। ਜ਼ਿੰਦਗੀ ਦੇ ਵਿਸ਼ਾਲ ਚਿਤਰਪਟ ਤੋਂ ਉਹ ਮਹੱਤਵਪੂਰਨ ਤੇ ਅਰਥਪੂਰਨ ਦ੍ਰਿਸ਼ਾ/ ਘਟਨਾਵਾਂ ਨੂੰ ਚੁਣਦਾ ਹੋਇਆ ਉਹਨਾਂ ਵਿਚੋਂ ਅਰਥਵਾਨ ਵੇਰਵਿਆਂ ਨੂੰ ਛਾਂਟਦਾ ਹੋਇਆ ਆਪਣੀ ਕਹਾਣੀ ਵਿੱਚ ਸੁਚੇਤ ਅਤੇ ਸੁਹਜਾਤਮਕਤਾ ਸਾਹਿਤ ਵਿਉਂਤਦਾ ਹੈ। ਇਸ ਪ੍ਰਕਿਰਿਆ ਵਿੱਚ ਉਹ 'ਪ੍ਰਭਾਵ ਦੀ ਏਕਤਾ' ਦੇ ਸਿਧਾਂਤ ਨੂੰ ਮਨ ਵਿਚ ਰੱਖਦਿਆਂ ਅਤੇ ਕਾਂਟ-ਛਾਂਟ ਉਪਰੰਤ ਜਿਹੜੀ ਵਿਉਂਤ ਸਿਰਜਦਾ ਹੈ, ਉਹ ਕਹਾਣੀ ਦੀ ਯਾਨਰਿਕ ਵਿਲੱਖਣਤਾ ਨੂੰ ਬਰਕਰਾਰ ਰੱਖਣ ਵਿੱਚ ਸਫਲਤਾ ਹਾਸਿਲ ਕਰਦੀ ਹੈ।

**ਘਟਨਾਵੀਂ ਵਿਉਂਤ**

ਗੁਰਦੇਵ ਸਿੰਘ ਰੁਪਾਣਾ ਦੀ 'ਆਮ-ਖਾਸ' ਕਹਾਣੀ ਸੰਗ੍ਰਹਿ ਵਿਚਲੀਆਂ ਲਗਭਗ ਸਾਰੀਆਂ ਕਹਾਣੀਆਂ ਦਾ ਬਿਰਤਾਂਤਕੀ ਸੰਗਠਨ ਸਿੱਧਾ ਤੇ ਸਰਲ ਹੈ। ਉਸ ਦੀਆਂ ਕਹਾਣੀਆਂ ਵਿੱਚ ਘਟਨਾਵੀਂ ਵਿਉਂਤ ਬਿਨਾਂ ਕਿਸੇ ਜੋੜ ਤੋੜ ਦੇ ਲਕੀਰੀ ਕ੍ਰਮ ਵਿਚ ਵਿਕਾਸ ਕਰਦੀ ਹੋਈ ਸਿਖਰ ਵੱਲ ਵਧਦੀ ਹੈ। ਮਿਸਾਲ ਵਜੋਂ 'ਕੇਕ' ਕਹਾਣੀ ਵਿੱਚ ਮਜ਼ਦੂਰ ਚੁੱਟਨ ਮੀਆਂ ਦਾ ਚੌਂਕ ਵਿਚ ਖੜ੍ਹੇ ਹੋਣਾ, ਉਥੋਂ ਇੱਕ ਬਾਬੂ ਦੇ ਘਰ ਪੇਂਟ ਕਰਨ ਜਾਣਾ, ਤਨ ਤੇ ਮਨ ਨਾਲ ਵਧੀਆ ਪੇਂਟ ਕਰਨਾ, ਬਾਬੂ ਦੀ ਮੇਮ ਸਾਹਿਬ ਦਾ ਉਸ ਦੀ ਕੰਮ ਦੀ ਤਾਰੀਫ ਕਰਨਾ, ਸ਼ਾਮ ਨੂੰ ਚੁੱਟਨ ਮੀਆਂ ਨੂੰ ਮਜ਼ਦੂਰੀ ਦੇਣਾ, ਚੁੱਟਨ ਮੀਆਂ ਦਾ ਬੱਸ ਫੜ ਕੇ ਘਰ ਪਹੁੰਚਣਾ, ਰਸਤੇ ਵਿਚੋਂ ਆਪਣੇ ਬੱਚੇ ਦੇ ਜਨਮ ਦਿਨ ਲਈ ਕੇਕ ਖਰੀਦਣਾ, ਘਰ ਪਹੁੰਚਣ 'ਤੇ ਪਤਾ ਲੱਗਣਾ ਕਿ ਉਸਦਾ ਬੱਚਾ ਉਸ ਦੀ ਉਡੀਕ ਕਰ ਕੇ ਸੌਂ ਗਿਆ ਹੈ, ਚੁੱਟਨ ਮੀਆਂ ਦਾ ਉਹ ਕੇਕ ਗਲੀ ਦੇ ਕੁੱਤਿਆਂ ਨੂੰ ਖੁਆਉਣਾ ਆਦਿ ਘਟਨਾਵਾਂ ਇਸੇ ਵਾਪਰੇ ਕ੍ਰਮ ਵਿੱਚ ਹੀ ਪੇਸ਼ ਕੀਤੀਆਂ ਗਈਆਂ ਹਨ। ਘਟਨਾਵੀਂ ਵਿਉੱਤ ਦਾ ਇਹ ਲਕੀਰੀ ਕ੍ਰਮ ਰੁਪਾਣਾ ਦੀਆਂ ਕਹਾਣੀਆਂ ਨੂੰ ਗੁੰਝਲਦਾਰ ਹੋਣੋਂ ਬਚਾ ਲੈਂਦਾ ਹੈ। ਉਹ ਆਪਣੇ ਫੋਕਸੀਕਰਨ ਰਾਹੀਂ ਉਸ ਘਟਨਾ ਦੇ ਕੇਵਲ ਅਹਿਮ ਪਹਿਲੂਆਂ ਨੂੰ ਤਰਜੀਹ ਦਿੰਦਾ ਹੈ ਜਿਨ੍ਹਾਂ ਦਾ ਸੰਬੰਧ ਮੁੱਖ ਘਟਨਾ ਨਾਲ ਹੈ। ਰੁਪਾਣੇ ਦੀਆਂ ਕਹਾਣੀਆਂ ਵਿਚ ਬਹੁਤੰਦੀ ਕਥਾਨਕ ਲਗਭਗ ਗੈਰ ਹਾਜ਼ਰ ਹੈ ਅਤੇ ਜ਼ਿਆਦਾਤਰ ਕਹਾਣੀਆਂ ਵਿੱਚ ਪਾਤਰਾਂ ਦੀ ਗਿਣਤੀ ਵੀ ਸੀਮਿਤ ਹੈ। ਉਹ ਅਕਸਰ ਇੱਕ ਜਾਂ ਦੋ ਪਾਤਰਾਂ ਨੂੰ ਲੈ ਕੇ ਇਕਤੰਦੀ ਕਹਾਣੀ ਦੀ ਸਿਰਜਣਾ ਕਰਦਾ ਹੋਇਆ ਲੰਮੇ ਚੌੜੇ ਪਾਸਾਰਾਂ ਤੋਂ ਦੋਸ਼ ਮੁਕਤ ਰਹਿੰਦਾ ਹੈ। ਉਹ ਪੂਰੀ ਇਕਾਗਰਤਾ ਨਾਲ ਇੱਕ ਜਾਂ ਦੋ ਪਾਤਰਾਂ 'ਤੇ ਫੋਕਸ ਕਰਦਾ ਹੋਇਆ ਉਹਨਾਂ ਨੂੰ ਬਿਰਤਾਂਤ ਦਾ ਧੁਰਾ ਬਣਾ ਕੇ ਸਮੁੱਚੀ ਕਹਾਣੀ ਨੂੰ ਉਨ੍ਹਾਂ ਦੁਆਲੇ ਲਪੇਟ ਦਿੰਦਾ ਹੈ। 'ਮਾਡਲ' ਕਹਾਣੀ ਨੱਥੂ ਰਾਮ ਅਤੇ ਪ੍ਰੇਮ ਸਿੰਘ ਦੋ ਪਾਤਰਾਂ



ਰਾਹੀਂ ਆਪਣੇ ਵਿਸ਼ੇ ਨੂੰ ਪ੍ਰਗਟਾਉਣ ਵਿਚ ਸਫਲ ਹੈ।

'ਅਕਲ', 'ਨਿਹਾਲੀ ਦਾ ਮੈਨੀਫੈਸਟੋ', 'ਕੇਕ', 'ਆਸ਼ੀਰਵਾਦ' ਕਹਾਣੀਆਂ ਪ੍ਰਭਾਵ ਦੀ ਏਕਤਾ ਅਤੇ ਇਕਾਗਰਤਾ ਬਰਕਰਾਰ ਰੱਖਣ ਵਿੱਚ ਸਫ਼ਲ ਰਹੀਆਂ ਕਹਾਣੀਆਂ ਹਨ। ਉਸਦੀ ਕਹਾਣੀ ਵਿਚਲਾ ਇੱਕ ਇੱਕ ਅੱਖਰ ਕਹਾਣੀ ਵਿਚਲੀ ਕਿਸੇ ਘਟਨਾ ਦੀ ਅੰਦਰੂਨੀ ਪਰਤ ਨੂੰ ਰਮਜ਼ਮਈ ਅੰਦਾਜ਼ ਵਿੱਚ ਉਘਾੜਨ ਲਈ ਲਗਾਤਾਰ ਯਤਨਸ਼ੀਲ ਰਹਿੰਦਾ ਹੈ। ਆਪਣੀ ਕਹਾਣੀ ਦੇ ਪਹਿਲੇ ਵਾਕ ਨਾਲ ਪਾਤਰ ਦੀ ਥਿੜਕਦੀ, ਅਸਾਵੀਂ, ਅਸੰਤੁਲਿਤ ਤੇ ਬੈਚੇਨ ਸਥਿਤੀ ਵੱਲ ਸੰਕੇਤ ਹੀ ਨਹੀਂ ਕਰਦਾ ਸਗੋਂ ਜ਼ਿਆਦਾਤਰ ਉਸਦੇ ਸੰਭਾਵੀ ਪਰਿਣਾਮਾਂ ਦਾ ਗਲਪੀ ਬਿੰਬ ਵੀ ਸਿਰਜਦਾ ਹੈ। 'ਕੇਕ' ਕਹਾਣੀ ਦਾ ਆਰੰਭ ਇਸ ਦੀ ਉੱਤਮ ਮਿਸਾਲ ਹੈ, "ਦੀਵਾਲੀ ਪਿੱਛੋਂ ਚੁੱਟਨ ਮੀਆਂ ਨੂੰ ਕੰਮ ਘੱਟ ਮਿਲਣ ਲੱਗ ਪਿਆ। ਟੁੱਟਵਾਂ ਕੰਮ ਮਿਲਦਾ। ਨਿੱਤ ਨਵਾਂ ਖ਼ਸਮ ਕਰਨਾ ਪੈਂਦਾ।"[4]

**ਬਿਰਤਾਂਤਕੀ ਰਫ਼ਤਾਰ**

ਰੁਪਾਣਾ ਦੀ ਕਹਾਣੀ ਬਿਰਤਾਂਤਿਕਤਾ ਨਿਵੇਕਲੀ ਅੰਦਾਜ਼ ਦੀ ਧਾਰਨੀ ਹੈ। ਉਸ ਦੀ ਕਹਾਣੀ ਦਾ ਆਕਾਰ ਛੋਟਾ ਤੇ ਰਫ਼ਤਾਰ ਧੀਮੀ ਗਤੀ ਦੀ ਹੈ। ਉਹ ਵਿਸ਼ਾਲ ਦ੍ਰਿਸ਼ ਨਾ ਸਿਰਜ ਕੇ ਸੰਖੇਪੀਕਰਨ ਦੀ ਜੁਗਤ ਨੂੰ ਅਪਣਾਉਂਦਾ ਸਿਖਰ ਵੱਲ ਵਧਦਾ ਹੈ ਪਰ ਕਹਾਣੀ ਵਿਚਲੀ ਜਿਸ ਘਟਨਾ ਨੂੰ ਉਸ ਨੇ ਫੋਕਸ 'ਤੇ ਰੱਖਣਾ ਹੁੰਦਾ ਹੈ ਉਥੇ ਉਹ ਅਟਕਾਓ ਜਾਂ ਮੱਠਾਕਰਨ ਦੀ ਬਿਰਤਾਂਤਕ ਜੁਗਤ ਨੂੰ ਅਪਣਾ ਕੇ ਕਹਾਣੀ ਦੀ ਵਿਧਾ 'ਤੇ ਪੂਰਨ ਖਰਾ ਉਤਰਦਾ ਹੈ। ਉਹ ਸੰਵਾਦੀ ਬਿਰਤਾਂਤ, ਦ੍ਰਿਸ਼ ਚਿਤਰਨ ਜਾਂ ਮੱਠਾਕਰਨ ਦੀ ਜੁਗਤ ਅਪਣਾਉਂਦਾ ਹੋਇਆ ਕਹਾਣੀ ਨੂੰ ਅਗਲੇਰੇ ਪੜਾਅ ਵਿਚ ਪਾਉਂਦਾ ਹੈ। 'ਟਲਵਾ-ਟਲਵੀ' ਕਹਾਣੀ ਵਿੱਚ ਉਹ ਬਾਬੂ ਰਾਮ ਸਿੰਘ ਭੰਡਾਰੀ ਦੀ ਮਾਨਸਿਕ ਹਾਲਤ ਨੂੰ ਪ੍ਰਗਟਾਉਂਦਿਆਂ ਲਿਖਦਾ ਹੈ, "ਇਕ ਜ਼ਮਾਨਾ ਸੀ ਜਦ ਉਹ ਆਪਣੇ ਆਪ ਨੂੰ ਦੁਨੀਆਂ ਦਾ ਕੇਂਦਰ ਬਿੰਦੂ ਸਮਝਿਆ ਕਰਦੇ ਸਨ-ਸਾਰੀ ਦੁਨੀਆ ਉਸਦੇ ਗਿਰਦ ਘੁੰਮਦੀ ਸੀ। ਕੋਈ ਨਵੀਂ ਰੇਲ ਗੱਡੀ ਸ਼ੁਰੂ ਹੁੰਦੀ। ਕੋਈ ਨਵਾਂ ਹਵਾਈ ਅੱਡਾ ਬਣਦਾ ਉਸਨੂੰ ਜਾਪਦਾ ਉਸਦੇ ਸਫ਼ਰ ਕਰਨ ਵਾਸਤੇ ਬਣੇ ਹਨ। ਕੋਈ ਨਵਾਂ ਹਸਪਤਾਲ ਬਣਦਾ, ਕੋਈ ਨਵੀਂ ਦਵਾਈ ਇਜਾਦ ਹੁੰਦੀ ਉਸਨੂੰ ਜਾਪਦਾ ਇਹ ਉਸਨੂੰ ਹੀ ਸਿਹਤਯਾਬ ਰੱਖਣ ਵਾਸਤੇ ਬਣੇ ਹਨ। ਕੋਈ ਨਵੀਂ ਫਿਲਮ ਬਣਦੀ, ਟੀ ਚੈਨਲ ਸ਼ੁਰੂ ਹੁੰਦਾ ਉਸਨੂੰ ਜਾਪਦਾ ਉਸਦੇ ਮਨੋਰੰਜਨ ਵਾਸਤੇ ਹੀ ਬਣਾਏ ਗਏ ਹਨ। ਉਦੋਂ ਉਸਨੂੰ ਉਨ੍ਹਾਂ ਲੋਕਾਂ 'ਤੇ ਬੜੀ ਖਿਝ ਆਉਂਦੀ ਸੀ-ਜੋ 'ਕੀ ਹਾਲ ਚਾਲ ਹੈ?' -ਪੁੱਛਣ 'ਤੇ ਜਵਾਬ ਦਿੰਦੇ ਸਨ 'ਜੋ ਟਾਇਮ ਕੱਟ ਰਿਹੈ ਚੰਗਾ ਹੈ।"[5] ਮਾਨਸਿਕ ਸੰਕਟ ਦੇ ਵਿਰੇਚਨ ਲਈ ਰੁਪਾਣਾ ਅੰਤਰੀਵ ਮਨੋਸਥਿਤੀਆਂ, ਬਾਹਰੀ ਪਰਿਸਥਿਤੀਆਂ ਅਤੇ ਸੰਭਾਵੀ ਕਾਰਜਾਂ ਦਾ ਸੁੰਦਰ ਸੁਮੇਲ ਸਿਰਜਦਾ ਹੈ।

**ਬਿਰਤਾਂਤਕ ਕਾਲ ਅਤੇ ਮਿਆਦ :**

ਰੁਪਾਣਾ ਜ਼ਿਆਦਾਤਰ ਵਰਤਮਾਨ ਕਾਲ ਵਿਚ ਕਹਾਣੀ ਲਿਖਦਾ ਹੈ। ਉਸਦੀ ਕਹਾਣੀ ਵਰਤਮਾਨ ਸਮੇਂ ਵਿੱਚ ਫੈਲਦੀ, ਵਿਗਸਦੀ ਤੇ ਸਿਮਟਦੀ ਹੈ। 'ਚੋਣਾਂ ਦਾ ਸ਼ਰਨਾਰਥੀ', 'ਅਕਲ' ਤੇ 'ਕੇਕ' ਕਹਾਣੀਆਂ ਕੇਵਲ ਇੱਕ ਦਿਨ ਦੇ ਬਿਰਤਾਂਤ ਰਾਹੀਂ ਆਪਣਾ ਵਿਸ਼ਾ ਪੂਰਨ ਰੂਪ ਵਿਚ ਪੇਸ਼ ਕਰਨ ਵਿਚ ਸਫਲ ਕਹਾਣੀਆਂ ਹਨ।

"ਵਾਸਤਵਿਕ ਜੀਵਨ ਵਿੱਚ ਘਟਨਾਵਾਂ ਕੁਦਰਤੀ ਕਾਲ-ਕ੍ਰਮ ਵਿੱਚ ਵਾਪਰਦੀਆਂ ਹਨ ਪਰ ਕਥਾਕਾਰ ਆਪਣੀ ਰਚਨਾ ਦ੍ਰਿਸ਼ਟੀ ਅਨੁਸਾਰ ਉਨ੍ਹਾਂ ਦੇ ਵਾਪਰਨ ਕਾਲ ਨੂੰ ਮਸਨੂਈ ਕਾਲ ਵਿੱਚ ਰੂਪਾਂਤਰਿਤ ਕਰ ਲੈਂਦਾ ਹੈ। ਇਉਂ ਉਹ ਲੋੜ ਅਨੁਸਾਰ ਵਰ੍ਹਿਆਂ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਨੂੰ ਕੁਝ ਇੱਕ ਸ਼ਬਦਾਂ ਜਾਂ ਵਾਕਾਂ ਰਾਹੀਂ ਦੱਸ ਦੇਣ ਦੀ ਜੁਗਤ ਵਰਤਦਾ ਹੈ। ਇਸ ਦੇ ਉਲਟ ਪਲ-ਛਿਣ ਵਿਚ ਵਾਪਰੀ ਘਟਨਾ ਨੂੰ

ਵਿਸਥਾਰ ਦੇ ਸਕਦਾ ਹੈ। ਇਸ ਜੁਗਤ ਰਾਹੀਂ ਕਹਾਣੀਕਾਰ ਜਿੱਥੇ ਬਿਰਤਾਂਤ ਦੀ ਗਤੀ ਤੇਜ਼ ਜਾਂ ਹੌਲੀ ਰੱਖਣ ਦਾ ਮੰਤਵ ਪੂਰਾ ਕਰਦਾ ਹੈ। ਉਥੇ ਵਿਸ਼ੇ-ਵਸਤੂ ਨੂੰ ਰੂਪਾਕਾਰ ਦੀਆਂ ਸੀਮਾਵਾਂ ਅਨੁਸਾਰ ਤਰਾਸ਼ਣ ਦਾ ਯਤਨ ਵੀ ਕਰਦਾ ਹੈ।"[6] ਰੁਪਾਣਾ ਦੀਆਂ ਕਹਾਣੀਆਂ ਵਿਚਲੀ ਘਟਨਾਵੀਂ ਮਿਆਦ ਵੀ ਵੱਖਰਾ ਰਵੱਈਆ ਅਖਤਿਆਰ ਕਰਦੀ ਹੈ। ਸੰਖੇਪੀਕਰਨ ਦੀ ਜੁਗਤ ਤਹਿਤ ਚੁਣੀਆਂ ਘਟਨਾਵਾਂ 'ਤੇ ਨੇੜਿਓ ਫੋਕਸ ਕਰਦਾ ਹੋਇਆ ਦ੍ਰਿਸ਼ ਸਿਰਜਨ, ਅਟਕਾਓ ਜਾਂ ਮੱਠਾਕਰਨ ਦੀ ਜੁਗਤ ਨਾਲ ਸਹਿਜ ਰਫ਼ਤਾਰ ਬਿਰਤਾਂਤ ਸਿਰਜਦਾ ਹੈ। ਉਸ ਦੀਆਂ ਕਹਾਣੀਆਂ ਵਿੱਚ ਘਟਨਾਵਾਂ ਦਾ ਦੁਹਰਾਓ ਨਹੀਂ ਅਤੇ ਕੇਵਲ ਚੁਣਵੀਆਂ ਘਟਨਾਵਾਂ ਕਾਰਨ ਕਥਾਨਕ ਬੇਲੋੜੇ ਵਿਸਥਾਰ ਤੋਂ ਬਚ ਜਾਂਦਾ ਹੈ।

**ਬਿਰਤਾਂਤਕ ਵਾਚ :**

ਬਿਰਤਾਂਤ ਸ਼ਾਸ਼ਤਰ ਦੀ ਤਕਨੀਕੀ ਸ਼ਬਦਾਵਲੀ ਵਿੱਚ ਬਿਰਤਾਂਤ ਵਕਤੇ ਦੀ ਕਥਾ ਗ੍ਰਹਿਣ ਕਰਨ ਦੀ ਪ੍ਰਕਿਰਿਆ ਨੂੰ 'ਮੂਡ' ਅਤੇ ਕਥ ਪੇਸ਼ ਕਰਨ ਦੇ ਪੱਧਰ ਨੂੰ 'ਵਾਚ' ਦੇ ਸੰਕਲਪ ਅਧੀਨ ਵਿਚਾਰਿਆ ਜਾਂਦਾ ਹੈ। ਇਸ ਤਰ੍ਹਾਂ ਵਾਚ ਦਾ ਸੰਬੰਧ ਬਿਰਤਾਂਤ ਵਕਤੇ ਨਾਲ ਜੁੜਿਆ ਹੁੰਦਾ ਹੈ। ਬਿਰਤਾਂਤ ਵਕਤਾ ਹੀ ਬਿਰਤਾਂਤਕ ਪ੍ਰਵਚਨ ਬੋਲਣ ਵਾਲਾ ਹੁੰਦਾ ਹੈ ਭਾਵ ਇਹ ਉਹ ਕਰਿੰਦਾ (Agent) ਹੁੰਦਾ ਹੈ ਜੋ ਸਰੋਤੇ ਨਾਲ ਸੰਬੰਧ ਸਥਾਪਿਤ ਕਰਕੇ ਕਥਾ ਦੀ ਪੇਸ਼ਕਾਰੀ ਕਰਦਾ ਹੈ। ਬਿਰਤਾਂਤ ਵਕਤਾ ਹੀ ਇਹ ਫੈਸਲਾ ਕਰਦਾ ਹੈ ਕਿ ਕਥਾ ਵਿਚ ਕੀ ਕਿਹਾ ਜਾਵੇ, ਕਿਸ ਤਰ੍ਹਾਂ ਕਿਹਾ ਜਾਵੇ ਅਤੇ ਕੀ ਕੁਝ ਬਿਨ੍ਹਾਂ ਕਿਹਾ ਰੱਖ ਲਿਆ ਜਾਵੇ ਬਿਰਤਾਂਤ ਨੂੰ ਗ੍ਰਹਿਣ ਕਰਕੇ ਵਿਉਂਤਣ ਪ੍ਰਗਟਾਉਣ ਦਾ ਸਾਧਨ ਹਮੇਸ਼ਾ ਬਿਰਤਾਂਤ ਵਕਤੇ ਦੁਆਰਾ ਹੀ ਹੁੰਦਾ ਹੈ। ਰੁਪਾਣਾ ਦੀ ਬਿਰਤਾਂਤਕਾਰੀ ਦਾ ਵਾਚ ਨਿਮਨ ਪੁਰਖੀ ਹੈ। ਵਕਤਾ ਕਿਸੇ 'ਉਹ' 'ਉਸ' ਬਾਰੇ ਬਿਰਤਾਂਤ ਸ੍ਰੋਤੇ ਨੂੰ ਸੰਬੋਧਿਤ ਹੁੰਦਾ ਹੈ ਜਿਸ ਬਾਰੇ ਉਹ ਸਾਰਾ ਗਿਆਨ ਰੱਖਦਾ ਹੋਵੇ। ਬਾਹਰੀ ਫੋਕਸੀਕਰਨ ਦੀ ਜੁਗਤ ਨਾਲ ਉਹ ਪਾਠ ਤੋਂ ਬਾਹਰ ਰਹਿ ਕੇ ਘਟਨਾਵਾਂ, ਸਥਿਤੀਆਂ ਅਤੇ ਪਾਤਰਾਂ ਦੀਆਂ ਮਨੋਸਥਿਤੀਆਂ 'ਤੇ ਫੋਕਸ ਕਰਦਾ ਹੈ। ਪਾਠ ਤੋਂ ਬਾਹਰ ਰਹਿ ਕੇ ਕਹਾਣੀ ਦਾ ਸੰਚਾਲਨ ਕਈ ਵਾਰ ਕਹਾਣੀ ਰਸ ਨੂੰ ਬੇਸੁਆਦਾ ਕਰ ਦਿੰਦਾ ਹੈ ਪਰ ਰੁਪਾਣਾ ਇਸ ਪ੍ਰਤੀ ਪੂਰਨ ਸੁਚੇਤ ਹੈ।

**ਪਾਤਰ ਚੋਣ ਅਤੇ ਪਾਤਰ ਉਸਾਰੀ**

ਗੁਰਦੇਵ ਸਿੰਘ ਰੁਪਾਣਾ ਦੀਆਂ ਕਹਾਣੀਆਂ ਦੇ ਜ਼ਿਆਦਾਤਰ ਪਾਤਰ ਪਿੰਡਾਂ ਦੇ ਜੰਪਮਲ, ਮਿਹਨਤ ਮੁਸ਼ੱਕਤ ਕਰਨ ਵਾਲੇ ਅਤੇ ਜੀਵਨ-ਜੀਊਣ ਦੀ ਭਰਪੂਰ ਸਮਰੱਥਾ ਦੇ ਚਾਹਵਾਨ ਹਨ। "ਪੇਂਡੂ ਪੰਜਾਬ ਦੇ ਵਿਭਿੰਨ ਵਿਅਕਤੀਆਂ ਅਤੇ ਸਮਾਜਕ ਸਮੂਹਾਂ ਦਾ ਮਨੋ-ਵਿਹਾਰ ਗੁਰਦੇਵ ਸਿੰਘ ਰੁਪਾਣਾ ਦੀ ਗਲਪ-ਰਚਨਾ ਦਾ ਕੇਂਦਰੀ ਸਰੋਕਾਰ ਬਣ ਕੇ ਪ੍ਰਗਟ ਹੁੰਦਾ ਹੈ। ਉਸ ਦੀ ਇਹ ਵਿਸ਼ੇਸ਼ ਰੁਚੀ ਉਸ ਦੇ ਗਲਪੀ-ਸੰਗਠਨ ਨੂੰ ਵੀ ਵਿਸ਼ੇਸ਼ ਰੂਪ-ਰੇਖਾ ਪ੍ਰਦਾਨ ਕਰਦੀ ਹੈ। ਉਸ ਦੀ ਰਚਨਾ-ਵਿਧੀ ਇਹ ਬਣਦੀ ਹੈ ਕਿ ਉਹ ਕਿਸੇ ਸਾਧਾਰਨ ਜਾਪਦੇ ਪੇਂਡੂ ਵਿਅਕਤੀ ਦੀ ਸਧਾਰਨਤਾ ਦੀ ਉਪਰਲੀ ਪਰਤ ਹੇਠਾਂ ਗਤੀਸ਼ੀਲ ਕਿਸੇ ਅਜਿਹੇ ਅਲੋਕਾਰੀ ਲੱਛਣ ਦੀ ਪਛਾਣ ਕਰਦਾ ਹੈ ਜਿਹੜਾ ਉਸ ਨੂੰ ਅਸਧਾਰਨ ਬਣਾ ਦੇਣ ਵਾਲਾ ਹੁੰਦਾ ਹੈ। ਇਹ ਅਸਧਾਰਨਤਾ ਹੀ ਪਾਠਕੀ-ਜਗਿਆਸਾ ਲਈ ਮੂਲ ਉਤੇਜਕ ਸ਼ਕਤੀ ਸਿੱਧ ਹੁੰਦੀ ਹੈ। ਪਾਤਰ ਦੀ ਅਲੋਕਾਰਤਾ ਦਾ ਰਹੱਸ-ਉਦਘਾਟਨ ਹੀ ਆਪਣੇ ਅੰਤਮ ਅਰਥਾਂ ਵਿਚ ਮਾਨਵੀ ਵਿਹਾਰ ਦੀ ਕਿਸੇ ਨਿਵੇਕਲੀ ਪਰਤ ਦਾ ਸੰਕੇਤਕ ਬਣ ਕੇ ਮਨੋਵਿਗਿਆਨਕ ਸੂਤਰ ਦਾ ਸਿਰਜਕ ਬਣ ਜਾਂਦਾ ਹੈ।"[7] ਗੁਰਦੇਵ ਸਿੰਘ ਰੁਪਾਣਾ ਪਾਤਰ ਚਿਤਰਨ ਸਮੇਂ ਛੋਟੇ ਛੋਟੇ ਪ੍ਰਤਿਕਰਮਾਂ, ਕਾਰਜਾਂ, ਹੁੰਗਾਰਿਆਂ ਅਤੇ ਸੂਖਮ ਛੋਹਾਂ ਦੁਆਰਾ ਪਾਤਰਾਂ ਦੇ ਅੰਤਰੀਵ ਵਿਅਕਤੀਗਤ ਯਥਾਰਥ ਅਤੇ ਬਾਹਰੀ ਕਾਰਜ ਨੂੰ ਨਿਖੇੜਦਾ ਹੋਇਆ ਕਲਾਤਮਕ ਸੁਹਜ ਨੂੰ ਬਰਕਰਾਰ



ਰੱਖਦਾ ਹੈ।

**ਭਾਸ਼ਾਈ-ਸਮਰੱਥਾ :**

ਗੁਰਦੇਵ ਸਿੰਘ ਰੁਪਣਾ ਦੀ ਭਾਸ਼ਾ ਸਰਲ ਸਾਦੀ ਪਰ ਕਥਾਨਕ ਮੁਹਾਵਰੇ ਨਾਲ ਲਬਰੇਜ਼ ਹੈ। ਪੰਜਾਬੀ ਦੇ ਠੇਠ ਪੇਂਡੂ ਲੋਕ ਮੁਹਾਵਰੇ 'ਤੇ ਉਸਦੀ ਪੱਕੀ ਪੀਡੀ ਪਕੜ ਹੈ। ਇਸੇ ਲਈ ਉਸਦੀਆਂ ਕਹਾਣੀਆਂ ਵਿਚਲੇ ਪਾਤਰ ਆਪਣੀ ਸਮਾਜਿਕ ਸਭਿਆਚਾਰਕ ਸਥਿਤੀ ਦੇ ਅਨੁਕੂਲ ਹੀ ਭਾਸ਼ਾ ਨਹੀਂ ਬੋਲਦੇ ਬਲਕਿ ਆਪਣੇ ਸਭਿਆਚਾਰਕ ਸਮੂਹਿਕ ਅਵਚੇਤਨ ਦਾ ਪ੍ਰਗਟਾਵਾ ਵੀ ਕਰਦੇ ਹਨ। ਮਾਲਵੇ ਖਿੱਤੇ ਦਾ ਲੋਕ ਮੁਹਾਵਰਾ ਉਸਦੀਆਂ ਕਹਾਣੀਆਂ ਵਿੱਚ ਸਹਿਜਤਾ ਸਾਹਿਤ ਪ੍ਰਵੇਸ਼ ਕਰ ਚੁੱਕਿਆ ਹੈ। "ਸਥਾਨਗਤ ਅਰਥਾਂ ਵਿੱਚ ਮਾਲਵੇ ਦਾ ਖਿੱਤਾ ਰੁਪਾਣਾ ਦੀਆਂ ਗਲਪ-ਰਚਨਾਵਾਂ ਦਾ ਵਿਸ਼ਾ ਖੇਤਰ ਬਣਦਾ ਹੈ। ਪ੍ਰਮਾਨਿਕ ਗਲਪ-ਰਚਨਾ ਲਈ ਅਜਿਹੇ ਸਥਾਨਗਤ ਵਸਤੂ-ਵੇਰਵਿਆਂ ਦੀ ਅਪਾਰ ਮਹੱਤਤਾ ਅੰਕੀ ਜਾਂਦੀ ਹੈ। ਪਰ ਰੁਪਾਣਾ ਸਥਾਨਕਤਾ ਦਾ ਕੈਦੀ ਨਹੀਂ ਬਣਦਾ ਸਗੋਂ ਸਥਾਨਕਤਾ ਦੇ ਜਾਮੇ ਅੰਦਰਲੀ ਸਜੀਵਤਾ ਨੂੰ ਵੀ ਭਲੀ-ਭਾਂਤ ਪਛਾਣਦਾ ਹੈ। ਇਸੇ ਲਈ ਉਸ ਦੇ ਪਾਤਰ ਆਪਣੇ ਸਭਿਆਚਾਰਕ ਵਿਹਾਰ ਵਜੋਂ ਠੇਠ ਮਲਵਈ ਹੁੰਦੇ ਹਨ ਪਰ ਨਾਲ ਹੀ ਕੇਂਦਰੀ ਪੰਜਾਬੀ ਚਰਿੱਤਰ ਦੀ ਮੂਲ ਪਛਾਣ ਤੋਂ ਵੀ ਵਿਰਵੇ ਨਹੀਂ ਹੁੰਦੇ।"[8]


ਅੰਤ ਵਿੱਚ ਅਸੀਂ 'ਆਮ-ਖਾਸ' ਕਹਾਣੀ-ਸੰਗ੍ਰਹਿ ਵਿਚਲੀਆ ਕਹਾਣੀਆਂ ਦੇ ਅਧਿਐਨ ਤੋਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਰੁਪਾਣਾ ਆਪਣੀਆਂ ਕਹਾਣੀਆਂ ਵਿੱਚ ਸਮਾਜ ਦੇ ਵਾਸਤਵਿਕ ਅਰਥਚਾਰੇ ਨੂੰ ਵਿਸ਼ੇਸ਼ ਅਰਥਾਂ ਵਿੱਚ ਸਮਝਣ ਤੇ ਰੂਪਮਾਨ ਕਰਨ ਵਿੱਚ ਪੂਰਨ ਸਫ਼ਲ ਰਿਹਾ ਹੈ। ਉਸ ਦੀ ਕਲਾਤਮਕ ਪ੍ਰਤਿਭਾ ਜੀਵਨ ਤੱਥਾਂ ਵਿਚ ਲੁਪਤ ਅਰਥਾਂ ਨੂੰ ਉਜਾਗਰ ਕਰਨ ਵਿੱਚ ਨਿਪੁੰਨ ਹੈ। ਉਸ ਦੀਆਂ ਕਹਾਣੀਆਂ ਪੰਜਾਬੀ ਲੋਕਾਂ ਦੀ ਵਿਅਕਤੀਗਤ ਮਾਨਸਿਕਤਾ ਜਾਂ ਸਮੂਹਕ ਅਵਚੇਤਨ ਦੇ ਸਿਰਫ ਗਲਪੀ-ਚਿੱਤਰ ਹੀ ਨਹੀਂ ਬਲਕਿ ਬੜੇ ਸੂਖਮ-ਢੰਗ ਨਾਲ ਇਨ੍ਹਾਂ ਦੇ ਮਾਨਵ-ਪੱਖੀ ਅਤੇ ਮਾਨਵ-ਵਿਰੋਧੀ ਪੱਖਾਂ ਦਾ ਮੁਲਾਂਕਣ ਵੀ ਪ੍ਰਸਤੁਤ ਕਰਦੀਆਂ ਹਨ। ਦੂਜੇ ਸ਼ਬਦਾਂ ਵਿਚ ਆਮ-ਖਾਸ ਕਹਾਣੀ ਸੰਗ੍ਰਹਿ ਵਿਚਲੀਆਂ ਕਹਾਣੀਆਂ ਪੰਜਾਬੀ ਸੰਸਕ੍ਰਿਤੀ ਦਾ ਲੇਖਾ ਜੋਖਾ ਹੋ ਨਿਬੜਦੀਆਂ ਹਨ।

**ਹਵਾਲੇ ਅਤੇ ਟਿੱਪਣੀਆਂ :**

1 ਗੁਰਦੇਵ ਸਿੰਘ ਰੁਪਾਣਾ, ਆਮ-ਖਾਸ, ਪੰਨਾ 30
2 ਉਹੀ, ਪੰਨਾ 32
3 ਉਹੀ, ਪੰਨਾ 51
4 ਉਹੀ, ਪੰਨਾ 53
5 ਉਹੀ, ਪੰਨਾ 96
6 ਡਾ ਬਲਦੇਵ ਸਿੰਘ ਧਾਲੀਵਾਲ, ਆਧੁਨਿਕ ਪੰਜਾਬੀ ਕਹਾਣੀ ਦ੍ਰਿਸ਼ਟੀਮੂਲਕ ਪਰਿਪੇਖ, ਪੰਨਾ 13
7 ਡਾ ਬਲਦੇਵ ਸਿੰਘ ਧਾਲੀਵਾਲ, ਵਿਸ਼ਵੀਕਰਨ ਅਤੇ ਪੰਜਾਬੀ ਕਹਾਣੀ, ਪੰਨਾ 179
8 ਉਹੀ, ਪੰਨਾ 175

**ਅਸਿਸਟੈਂਟ ਪ੍ਰੋਫੈਸਰ**
**ਦਸਮੇਸ਼ ਖਾਲਸਾ ਕਾਲਜ, ਜ਼ੀਰਕਪੁਰ**

# ਨੈਤਿਕਤਾ ਦੀ ਤਲਾਸ਼ : ਆਪਣੇ ਲੋਕ/ - ਡਾ. ਸੰਤੋਖ ਸਿੰਘ ਸੁੱਖੀ




ਪੰਜਾਬ ਦੇ ਭੂਗੋਲਿਕ ਖਿੱਤੇ ਦੀ ਮਹਾਨਤਾ ਉਸਦੇ ਜਲਵਾਯੂ ਤੇ ਧਰਾਤਲ ਕਰਕੇ ਹੀ ਨਹੀਂ ਬਣਦੀ ਸਗੋਂ ਇਸ ਦੇ ਲੋਕਾਂ ਅੰਦਰਲੇ ਵਿਹਾਰ ਕਰਕੇ ਵੀ ਬਣਦੀ ਹੈ। ਪੰਜਾਬ ਦੇ ਲੋਕਾਂ ਦਾ ਅਕਸ ਹੈ ਕਿ ਇਹ ਦੁਸ਼ਮਣ ਨੂੰ ਹਰਾਉਂਦੇ ਹਨ ਤੇ ਆਪਣਿਆਂ ਨੂੰ ਪਿਆਰ ਕਰਦੇ ਹਨ। ਧਾਰਮਿਕ ਸਾਂਝੀ ਵਾਲਤਾ ਦੀਆਂ ਬੇਅੰਤ ਕਹਾਣੀਆਂ ਪ੍ਰਸਿੱਧ ਹਨ। ਇਹ ਸੱਚੀਆਂ ਵੀ ਹਨ ਪਰੰਤੂ ਇਹੀ ਪੰਜਾਬ ਜਦੋਂ ਕਿਸੇ ਰਾਜਨੀਤੀ ਦਾ ਸ਼ਿਕਾਰ ਹੋ ਜਾਂਦਾ ਹੈ ਤਾਂ ਸਕਿਆਂ ਨੂੰ ਵੀ ਮਾਫ਼ ਨਹੀਂ ਕਰਦਾ। ਗੱਲਬਾਤ ਦਾ ਰਾਹ ਬੰਦ ਕਰਕੇ ਗਰਮੀ ਨਾਲ ਬੋਲਣਾ ਸ਼ੁਰੂ ਕਰ ਦਿੰਦਾ ਹੈ। ਇਸ ਦੇ ਹੱਕ ਦਾ ਬੰਦਾ ਇਸ ਨੂੰ ਬਹਾਦਰ ਕਹਿੰਦਾ ਹੈ ਤੇ ਦੂਜਾ ਭਟਕਿਆ ਹੋਇਆ। ਇਸ ਕਰਕੇ ਪੰਜਾਬੀ ਬੰਦੇ ਨੇ ਪੰਜਾਬ ਦੇ ਲੋਕਾਂ ਦੀ ਵੰਡ ਹਮਾਇਤੀ ਤੇ ਵਿਰੋਧੀ ਲੋਕਾਂ ਦੇ ਰੂਪ ਵਿਚ ਕੀਤੀ ਹੋਈ ਹੈ। ਇਸ ਨੇ ਮਨੁੱਖੀ ਨੈਤਿਕਤਾ ਦਾ ਘਾਣ ਕੀਤਾ ਹੈ ਜਿਸ ਨਾਲ ਜੀਵਨ ਵਿਕਾਸਮੁਖੀ ਹੋਣ ਦੀ ਬਜਾਇ ਸੁਰੱਖਿਆ ਹੀ ਭਾਲ ਦਾ ਰਹਿੰਦਾ ਹੈ। ਚਿੱਤ ਅੰਦਰਲੀ ਚਿੰਤਾ ਇਤਿਹਾਸ ਮਿਥਿਹਾਸ ਆਦਿ ਸਭ ਕਾਸੇ ਨੂੰ ਆਪਣੇ ਹੱਕ ਵਿਚ ਭੁਗਤਾਉਣ ਦੀ ਕੋਸ਼ਿਸ਼ ਕਰਦੀ ਹੈ। ਇਹ ਕੋਸ਼ਿਸ਼ ਆਦਮੀ ਨੂੰ ਅਨੈਤਿਕ ਬਣਾਉਂਦੀ ਹੈ ਕਿਉਂਕਿ ਸੁਰੱਖਿਆ ਦੀ ਕਾਮਨਾ ਵਰਤਾਰਿਆਂ ਦੀ ਸਹੀ ਪੁਣ-ਛਾਣ ਦੀ ਬਜਾਇ, ਆਪਣੇ ਹੱਕ ਵਿਚ ਭੁਗਤਾਉਣ ਲਈ ਕੀਤੀ ਜਾਂਦੀ ਹੈ। ਇਸ ਨਾਲ ਸਮਾਜ ਅੰਦਰਲੇ ਸਵੈ-ਵਿਸ਼ਲੇਸ਼ਣ ਅਸਫ਼ਲ ਹੋ ਜਾਂਦੇ ਹਨ ਤੇ ਸਮਾਜਿਕ ਧਿਰਾਂ ਇਕ ਦੂਜੇ ਨੂੰ ਦੋਸ਼ੀ ਸਾਬਤ ਕਰਕੇ ਸੁਰਖ਼ਰੂ ਹੋਣ ਦੀ ਕੋਸ਼ਿਸ਼ ਕਰਦੀਆਂ ਹਨ।

ਅਜੀਜ ਸਰੋਏ ਦਾ ਨਾਵਲ **'ਆਪਣੇ ਲੋਕ'** (**ਪ੍ਰਕਾਸ਼ਕ: ਕੈਲੀਬਰ ਪਬਲੀਕੇਸ਼ਨ, ਪਟਿਆਲਾ, ਮੁੱਲ** 200/-) ਅਜਿਹੇ ਹੀ ਵਰਤਾਰਿਆਂ ਨੂੰ ਆਪਣੇ ਆਗੋਸ਼ ਵਿਚ ਲੈਂਦਾ ਹੈ। ਭਾਰਤ ਦੀ ਆਜ਼ਾਦੀ ਤੇ ਪੰਜਾਬ ਦੀ ਵੰਡ ਦਾ ਬਿਰਤਾਂਤ ਇਹ ਸਾਬਤ ਕਰਦਾ ਹੈ ਕਿ ਪੰਜਾਬ ਦੀ ਵੰਡ ਕੇਵਲ ਭੂਗੋਲਿਕ ਵੰਡ ਨਹੀਂ ਸੀ ਸਗੋਂ ਪੰਜਾਬ ਦੇ ਲੋਕਾਂ ਦੇ ਅੰਦਰਲੀ ਵੰਡ ਸੀ। ਬਾਹਰੋਂ ਦਿਖਦੀ ਏਕਤਾ ਦਾ ਪਲਾਂ-ਛਿਣਾਂ ਵਿਚ ਹੀ ਭੰਗ ਹੋ ਜਾਣਾ ਪੰਜਾਬ ਦੇ ਲੋਕਾਂ ਉਪਰ ਉਹ ਸਵਾਲ ਬਣ ਜਾਂਦਾ ਹੈ ਕਿ ਆਖਰ ਇਹ ਕਿਉਂ ਵਾਪਰਿਆ। ਬਾਹਰੋਂ ਇਕ ਦਿਖਦੇ ਲੋਕ ਹਕੀਕਤ ਵਿਚ ਸਮੁੱਚੇ ਕਿਉਂ ਨਹੀਂ ਦਿਖ ਸਕੇ? ਇਹ ਸਵਾਲ ਰਾਜਨੀਤੀ ਨੂੰ ਨਹੀਂ ਹੋ ਸਕਦਾ ਕਿਉਂਕਿ ਉਸਦਾ ਆਧਾਰ ਹੀ ਲੋਕਾਈ ਦੀ ਵੰਡ ਹੈ। ਇਹ ਸਵਾਲ ਪੰਜਾਬ ਦੀ ਨੈਤਿਕਤਾ ਨੂੰ ਹੀ ਹੋ ਸਕਦਾ ਹੈ ਕਿ ਆਖਰ ਪੰਜਾਬੀ ਬੰਦਾ ਇੰਨਾ ਕਮਜ਼ੋਰ ਕਿਉਂ ਹੋ ਗਿਆ ਕਿ ਸਦੀਆਂ ਤੋਂ ਇਕੱਠੇ ਰਹਿੰਦੇ ਲੋਕ ਇਕ ਦੂਜੇ ਦੇ ਵਿਰੋਧੀ ਹੋ ਗਏ। ਭਾਵੇਂ ਇਸ ਦੇ ਉਲਟ ਵੀ ਹੋਇਆ ਕਿ ਕੁਝ ਲੋਕਾਂ ਨੇ ਸੁਰੱਖਿਆ ਵੀ ਮੁਹੱਈਆ ਕਰਵਾਈ, ਲੋਕਾਂ ਦੀਆਂ ਜਾਨਾਂ ਵੀ ਬਚਾਈਆਂ ਪਰੰਤੂ ਇਸ ਘਟਨਾ ਦਾ ਪ੍ਰਭਾਵੀ



ਪ੍ਰਭਾਵ ਅਨੈਤਿਕਤਾ ਨਿਕਲਦਾ ਹੈ।

ਅਜੀਜ਼ ਸਰੋਏ ਨੇ ਪੰਜਾਬੀ ਬੰਦੇ ਦੇ ਸੁਭਾਅ ਨੂੰ ਪੇਸ਼ ਕਰਨ ਲਈ ਦੋ ਤਰ੍ਹਾਂ ਦੇ ਸੁਭਾਅ ਦੇ ਲੋਕ ਪੇਸ਼ ਕੀਤੇ ਹਨ। ਇਕ ਦਾਇਆ ਤੇ ਦਿਆਨਤਮੁਖੀ ਅਤੇ ਦੂਸਰੇ ਕਾਤਲ ਤੇ ਜ਼ੁਲਮੀ। ਇਸੇ ਤਰ੍ਹਾਂ ਦੋ ਵਿਰੋਧੀ ਧਰਾਵਾਂ ਦੇ ਪਿੰਡ ਸਿਰਜੇ ਹਨ ਕਾਹਨਗੜ੍ਹ ਤੇ ਕਾਲੀਆ। ਕਾਹਨਗੜ੍ਹ ਦੇ ਲੋਕਾਂ ਉਪਰ ਪਰਜਾ ਮੰਡਲ ਲਹਿਰ ਦਾ ਅਸਰ ਹੈ, ਜਿਸ ਕਾਰਨ ਲੋਕ ਸੰਗਠਤ ਹੋਏ ਹਨ। ਉਹਨਾਂ ਦੇ ਅਸਰ ਕਾਰਨ ਕਾਹਨਗੜ੍ਹ ਵਿਚ ਕੋਈ ਵੀ ਦੰਗਾ ਨਹੀਂ ਹੁੰਦਾ। ਕੋਈ ਵਿਅਕਤੀ ਨਹੀਂ ਮਾਰਿਆ ਜਾਂਦਾ। ਇਥੋਂ ਤੱਕ ਕਿ ਕਾਲੀਏ ਪਿੰਡ ਵਿਚ ਮੁਸਲਮਾਨ ਤੇ ਪਖੀਰਾਂ ਦੀ ਬਹੁਤਾਤ ਹੁੰਦਿਆਂ ਵੀ ਹਿੰਦੂ ਸਮਾਜ ਦੇ ਲੋਕਾਂ ਨੂੰ ਬਚਾ ਲਿਆ ਜਾਂਦਾ ਹੈ। ਪਰੰਤੂ ਗੁਰਮੁਖ ਦਾ ਦੋਸਤ ਨਵਾਬ ਆਪਣੇ ਹੀ ਧਰਮ ਦੇ ਲੋਕਾਂ ਕੋਲੋਂ ਮਾਰਿਆ ਜਾਂਦਾ ਹੈ। ਇਹ ਕਤਲ ਸਾਬਤ ਕਰਦਾ ਹੈ ਕਿ ਮੂਲਵਾਦੀ ਲੋਕ ਸਚਮੁੱਚ ਕਿਸੇ ਵੀ ਧਰਮ ਦੇ ਨਹੀਂ ਹੁੰਦੇ। ਉਹਨਾਂ ਅੰਦਰ ਕੋਈ ਵੀ ਸੰਵੇਦਨਾ ਨਹੀਂ ਹੁੰਦੀ ਸਗੋਂ ਉਹ ਗੰਧਲੀ ਤੇ ਜ਼ਹਿਰੀਲੀ ਸਿਆਸਤ ਵਲੋਂ ਪ੍ਰੇਰਿਤ ਹੁੰਦੇ ਹਨ। ਦੂਜੇ ਪਾਸੇ ਪੀਰਾਂਵਾਲੀ ਤੋਂ ਨਿਕਲੇ ਮੁਸਲਮਾਨਾਂ 'ਤੇ ਹਮਲੇ ਹੋਏ। ਉਹਨਾਂ ਦੇ ਜਾਨ-ਮਾਲ ਦਾ ਨੁਕਸਾਨ ਹੋਇਆ। ਦੂਜੇ ਪਾਸੇ ਪਾਕਿਸਤਾਨ ਤੋਂ ਉਜੜ ਕੇ ਆਏ ਇੰਦਰ ਸਿੰਘ ਨੂੰ ਪਿੰਡ ਭੱਟੀ ਭੰਗੋ ਨੇ ਸ਼ੁਭ-ਕਾਮਨਾਵਾਂ ਨਾਲ ਵਿਦਾ ਕੀਤਾ ਤੇ ਸਾਈਂ ਜੀ ਦੇ ਮੋਹ ਨੇ ਸਭ ਨੂੰ ਪ੍ਰਭਾਵਿਤ ਕੀਤਾ ਪਰ ਰਸਤੇ ਵਿਚ ਉਹਨਾਂ ਉਪਰ ਜ਼ਬਰਦਸਤ ਹਮਲਾ ਹੋਇਆ। ਰੇਲ ਗੱਡੀ ਵਿਚੋਂ ਬੱਚੇ ਹੱਥਾਂ ਵਿਚੋਂ ਖਿਸਕੇ। ਧੀਆਂ, ਭੈਣਾਂ, ਨੂੰਹਾਂ ਦੀ ਬੇਪੱਤੀ ਹੋਈ। ਜੀਵਨ ਨਿਮਨ ਤੋਂ ਨਿਮਨ ਦ੍ਰਿਸ਼ ਦੇਖਣ ਨੂੰ ਮਿਲੇ। ਸੇਖਵਾਂ ਪਿੰਡ ਦੇ ਹਿੰਦੂਆਂ ਤੇ ਸਿੱਖਾਂ ਉਪਰ ਹਮਲੇ ਹੋਏ। ਤੀਰਥ ਮੱਲ ਦੇ ਪਰਿਵਾਰ ਨੇ ਹਮਲਾਵਰਾਂ ਦਾ ਟਾਕਰਾ ਕੀਤਾ ਪਰ ਸਫ਼ਲ ਨਹੀਂ ਹੋ ਸਕਿਆ। ਸਮੁੱਚੇ ਰੂਪ ਵਿਚ ਹਿੰਦੋਸਤਾਨ ਵਿਚੋਂ ਉਜਾੜੇ ਲੋਕ ਜਿਹੜੇ ਕੈਂਪਾਂ ਤੱਕ ਕਿਸੇ ਸੁਰੱਖਿਆ ਦੇ ਚੱਲੇ ਜਾਂ ਤਾਂ ਲੁੱਟੇ ਗਏ ਜਾਂ ਮਾਰੇ ਗਏ। ਇਸੇ ਤਰ੍ਹਾਂ ਪਾਕਿਸਤਾਨ ਵਾਲੇ ਪਾਸੇ ਹੋਇਆ।

ਇਸ ਜੱਦੋ ਜਹਿਦ ਵਿਚ ਅਖੌਤੀ ਪੰਜਾਬੀਅਤ ਦਾ ਅਸਲ ਚਿਹਰਾ ਦਿਖਿਆ। ਜਿਸ ਅੰਦਰ ਜੋ ਕੁਝ ਸੀ ਉਹ ਬਾਹਰ ਆਇਆ। ਚੰਗੇ ਅੰਦਰੋ ਚੰਗਿਆਈ ਤੇ ਬੁਰੇ ਅੰਦਰੋਂ ਬੁਰਿਆਈ। ਗੁਰਮੁਖ ਸਿੰਘ, ਝੰਡਾ ਸਿੰਘ, ਦੇਸੂ ਚਮਾਰ, ਸਤੀਆ ਰਾਮ, ਦਲੇਲ ਸਿੰਘ, ਸਾਈਂ, ਜੈਲਦਾਰ ਮੁਹੰਮਦ ਆਫਤਾਬ, ਫੈਜ਼ ਅਲੀ, ਅਕਬਰ ਵਰਗੇ ਬੰਦਿਆਂ ਅੰਦਰੋਂ ਬੰਦਿਆਂ ਵਾਲੀ ਆਵਾਜ਼ ਉਭਰੀ ਜਿਸਨੂੰ ਮਾਨਵਵਾਦ ਜਾਂ ਇਨਸਾਨੀਅਤ ਕਿਹਾ ਜਾਂਦਾ ਹੈ। ਇਸ ਦੇ ਉਲਟ ਗੱਜੂ, ਮੌਲਵੀ, ਸੱਯਦ, ਸ਼ੇਖ, ਵਿਕਾਊ ਪੁਲਿਸ ਵਾਲੇ ਆਦਿ ਹੈਵਾਨੀਅਤ ਦੇ ਹੱਕ ਵਿਚ ਭੁਗਤਦੇ ਹਨ। ਇਹ ਟਕਰਾਓ ਮੂਲ ਰੂਪ ਵਿਚ ਪੰਜਾਬੀਅਤ ਦੇ ਅੰਦਰਲੇ ਜ਼ਹਿਰ ਦਾ ਸੀ ਜਿਸ ਨੂੰ ਅਸੀਂ ਅਖੌਤੀ ਪੰਜਾਬੀਅਤ ਨਾਲ ਵਡਿਆਉਂਦੇ ਰਹਿੰਦੇ ਹਾਂ। ਅਸਲ ਵਿੱਚ ਬੰਦੇ ਵਿੱਚੋਂ ਉਹੀ ਨਿਕਲਦਾ ਹੈ ਜੋ ਉਸ ਅੰਦਰ ਹੁੰਦਾ ਹੈ। ਇਸ ਲਈ ਕਿਸੇ ਵੀ ਕੌਮ ਕੋਲੋਂ ਅਜਿਹਾ ਹੌਸਲਾ ਨਹੀਂ ਹੈ ਕਿ ਉਹ ਕਹਿ ਸਕੇ ਉਹ ਅਤਿਅੰਤ ਸਾਫ਼ ਸੁਥਰੀ ਜਾਂ ਸ਼ੁੱਧ ਜਾਂ ਸਾਊ ਹੈ।

ਪੰਜਾਬ ਦਾ ਵੰਡਿਆ ਜਾਣਾ ਪੰਜਾਬੀਅਤ ਦੀ ਪਰਖ ਸੀ ਜਿਸ ਵਿਚ ਉੱਚੀਆਂ ਰਾਜਸੀ ਸ਼ਕਤੀਆਂ ਕਾਰਨ ਆਮ ਲੋਕਾਂ ਦੀ ਹਾਰ ਹੋਈ। ਨਾਵਲ ਦੇ ਹਵਾਲੇ ਦਸਦੇ ਹਨ ਕਿ ਲੋਕਾਂ ਲਈ ਆਜ਼ਾਦੀ ਦੇ ਕੋਈ ਅਰਥ ਨਹੀਂ ਸੀ ਸਗੋਂ ਉਹ ਇਸ ਨੂੰ ਉਜਾੜਾ ਮੰਨਦੇ ਸਨ। ਉਹ ਅੰਗਰੇਜ਼ਾਂ ਦੀ ਗੁਲਾਮੀ ਨੂੰ ਹੀ ਠੀਕ ਸਮਝਣ ਲਗ ਪਏ ਸਨ। ਗੁਰਮੁਖ ਸਿੰਘ ਦੀ ਮਨੋਵਚਨੀ ਇਹ

ਸਾਬਤ ਕਰਦੀ ਹੈ :

"ਫਿਰ ਉਸਦੇ ਮਨ ਵਿਚ ਕੁਰਸੀ ਦੇ ਭੁੱਖੜ ਨੇਤਾਵਾਂ ਦੀ ਤਸਵੀਰ ਬਣ ਗਈ। ਉਸ ਨੇ ਕਚੀਚੀ ਵੱਟੀ "ਜੇ ਕੁਰਬਾਨੀਆਂ ਦੇ ਬਦਲੇ ਸਾਨੂੰ ਆਹੀ ਆਜ਼ਾਦੀ ਦੇਣੀ ਸੀ ਤਾਂ ਅਸੀਂ ਅੰਗਰੇਜ਼ਾਂ ਦੇ ਗੁਲਾਮ ਹੀ ਚੰਗੇ ਸੀ।" (ਪੰਨਾ 92)

ਭੁੱਖੜ ਨੇਤਾ ਤੇ ਹਾਬੜੇ ਲੋਕਾਂ ਦੀ ਹਿੰਸਾ ਇਸ ਨਾਵਲ ਵਿਚ ਪਸਰੀ ਹੋਈ ਹੈ। ਇਸ ਹਿੰਸਾ ਨੇ ਉਹ ਸਾਰੇ ਦਾਵੇ ਖਤਮ ਕਰ ਦਿੱਤੇ ਕਿ ਇਤਿਹਾਸ ਵਿਚ ਕੌਮਾਂ ਇਕੱਠੀਆਂ ਹੋ ਜਾਂਦੀਆਂ ਹਨ ਜਦੋਂ ਉਹਨਾਂ ਤੇ ਕੋਈ 'ਗੈਰ' ਰਾਜ ਕਰਦਾ ਹੈ। ਨਾਵਲ ਵਿਚ ਹਿੰਸਾ ਦਾ ਬਿਰਤਾਂਤ ਇੰਨਾ ਜ਼ਿਆਦਾ ਹੈ ਕਿ ਕਦੇ-ਕਦੇ ਇਹ ਮਹਿਸੂਸ ਹੀ ਨਹੀਂ ਹੁੰਦਾ ਕਿ ਇਹ ਕੌਮਾਂ ਕਦੇ ਪਿਆਰ ਨਾਲ ਵੀ ਰਹੀਆਂ ਸਨ। ਲੁਹਾਰਾਂ ਦਾ ਖੇਤੀ ਦੇ ਸੰਦ ਬਣਾਉਣ ਦੀ ਥਾਂ ਹਥਿਆਰ ਬਣਾਉਣੇ ਇਸ ਗੱਲ ਵੀ ਸੰਕੇਤ ਕਰਦਾ ਹੈ ਕਿ ਇਹ ਹਿੰਸਾ ਯੋਜਨਾਬੱਧ ਸੀ। ਭਾਵੇਂ ਇਸ ਦੀ ਕਨਸੋਅ ਅਠਾਰਾਂ ਸੌ ਸਤਵੰਜਾ ਦੇ ਗ਼ਦਰ ਤੋਂ ਬਾਅਦ ਉਨੀ ਸੌ ਪੰਜ ਦੀ ਬੰਗਾਲ ਵੰਡ ਤੇ ਉਨੀ ਸੌ ਛੇ ਦੀ ਮੁਸਲਿਮ ਲੀਗ ਬਣਨ, ਹਿੰਦੂਆਂ ਤੇ ਮੁਸਲਮਾਨਾਂ ਵੱਲੋਂ ਵਿਸ਼ੇਸ਼ ਅਧਿਕਾਰਾਂ ਦੀ ਮੰਗ ਤੋਂ ਮਿਲਣ ਲੱਗੀ ਸੀ ਫਿਰ ਵੀ ਇੰਨੇ ਵੱਡੇ ਖਤਰੇ ਕਿਆਸ ਨਹੀਂ ਕੀਤੇ ਜਾ ਸਕਦੇ ਸੀ।

ਨਾਵਲੀ ਬਿਰਤਾਂਤ ਇਹ ਗੱਲ ਨੂੰ ਵਾਰ-ਵਾਰ ਉਭਾਰਦਾ ਹੈ ਕਿ ਪੰਜਾਬ ਵੰਡ ਨੇ ਸਾਰੀਆਂ ਕੌਮਾਂ ਨੂੰ ਵੰਡ ਕੇ ਲੜਾਇਆ। ਜਿਸ ਪਿਛੇ ਕੌਮਾਂ ਦਾ ਸੁਆਰਥ ਵੀ ਬਣਿਆ। ਸੁਆਰਥ ਸਿਰਫ ਇੰਨਾ ਸੀ ਕਿ ਸਾਰੀਆਂ ਕੌਮਾਂ ਆਰਥਿਕ ਸ੍ਰੋਤਾਂ ਦੀ ਘਾਟ ਵਿਚੋਂ ਗੁਜ਼ਰ ਰਹੀਆਂ ਸਨ। ਉਹਨਾਂ ਨੇ ਲੁੱਟ ਨੂੰ ਇਕ ਸ੍ਰੋਤ ਬਣਾਉਣ ਦੀ ਕੋਸ਼ਿਸ਼ ਕੀਤੀ। ਜਿਵੇਂ ਕਾਲੀਏ ਪਿੰਡ ਵਿਚ ਗੁੱਜਰ ਦੇ ਉਜਾੜੇ ਤੋਂ ਬਾਅਦ ਮੁਸਲਮਾਨ ਤੇ ਪਖੀਰ ਘਰਾਂ ਨੂੰ ਲੁੱਟਦੇ ਹਨ। ਇਸੇ ਤਰ੍ਹਾਂ ਸੇਖਵਾਂ, ਪੀਰਾਂਵਾਲੀ, ਤਲਵੰਡੀ ਆਦਿ ਪਿੰਡਾਂ ਵਿਚ ਵਾਪਰਦਾ ਹੈ। ਪਰ ਇਸ ਨੂੰ ਹਵਾ ਰਾਜਨੀਤਿਕ ਉਹਨਾਂ ਆਗੂਆਂ ਨੇ ਦਿੱਤੀ ਜਿਹੜੇ ਇਸ ਕੋਹਜ ਉਤੇ ਹੀ ਰਾਜ ਕਰਨਾ ਚਾਹੁੰਦੇ ਸਨ। ਭਾਵ ਫਿਰਕੂ ਰਾਜਨੀਤੀ ਤੇ ਲੋਕ ਲੋੜਾਂ ਦੇ ਗਠਬੰਧਨ ਨੇ ਇਹ ਲੁੱਟ ਕਰਵਾਈ। ਇਸ ਲੁੱਟ ਨਾਲ ਨੇਤਾਵਾਂ ਦਾ ਇਹ ਰਸਤਾ ਵੀ ਤਿਆਰ ਹੋ ਗਿਆ ਕਿ ਆਉਣ ਵਾਲੇ ਸਮੇਂ ਵਿਚ ਲੋਕਾਂ ਉਪਰ ਵੰਡ ਰਾਹੀਂ ਹੀ ਰਾਜ ਕੀਤਾ ਜਾਵੇਗਾ ਜਿਸ ਦਾ ਅਭਿਆਸ ਅਜੇ ਤੱਕ ਜਾਰੀ ਹੈ।

ਨਾਵਲ ਅਸਿਧੇ ਰੂਪ ਵਿਚ ਇਕ ਸਵਾਲ ਖੜ੍ਹਾ ਕਰਦਾ ਹੈ ਕਿ ਜਿੰਨ੍ਹਾ ਲੋਕਾਂ ਨੇ ਕੁਰਬਾਨੀ ਕੀਤੀ ਉਹਨਾ ਦੇ ਹਿੱਸੇ ਰਾਜ ਨਹੀਂ ਆਇਆ ਤੇ ਜਿੰਨ੍ਹਾ ਚਲਾਕੀਆਂ ਕੀਤੀਆਂ ਉਹ ਹੁਕਮਰਾਨ ਬਣ ਗਏ। ਇਹ ਸਵਾਲ ਭਾਵੁਕ ਵੀ ਹੈ ਅਤੇ ਸੱਚਾ ਤੇ ਸੁੱਚਾ ਵੀ। ਪਰੰਤੂ ਇਸ ਦਾ ਅੰਜ਼ਾਮ ਇਹੀ ਹੋਣਾ ਸੀ ਕਿਉਂਕਿ ਇਹ ਰਾਜ ਪਰਿਵਰਤਨ ਸਰਮਾਏਦਾਰੀ ਪੱਧਰ 'ਤੇ ਹੀ ਹੋਣਾ ਸੀ ਜਿੱਥੇ ਕੁਰਬਾਨੀਆਂ, ਦਾ ਕੋਈ ਅਰਥ ਨਹੀਂ ਹੁੰਦਾ। ਇਹ ਪੂਰਨ ਰੂਪ ਵਿਚ ਬੌਧਿਕ ਪ੍ਰਵਚਨ ਹੈ ਅਸੀਂ ਇਸ ਨੂੰ ਭਾਵੁਕਤਾ ਵਿਚੋਂ ਸੋਚਦੇ ਹਾਂ।

ਅਜ਼ੀਜ ਸਰੋਏ ਨੇ ਨਾਵਲ ਅੰਦਰ ਜਿਹੜੀ ਮੋਹ ਤੇ ਖੌਫ ਦੀ ਭਾਸ਼ਾ ਨੂੰ ਪੈਦਾ ਕੀਤਾ ਹੈ। ਇਸ ਵਿਚ ਮੋਹ ਦੀ ਭਾਸ਼ਾ ਵਿਸ਼ੇਸ਼ ਧਿਆਨ ਖਿੱਚਦੀ ਹੈ। ਪੰਜਾਬੇ ਤੇ ਰਫੀਕ ਦੀ ਮੋਹ ਦੀ ਭਾਸ਼ਾ, ਗੁਰਮੁਖ, ਨਵਾਬ ਤੇ ਸਤੀਏ ਦੀ ਭਾਸ਼ਾ, ਸੁਲਤਾਨਾਂ, ਛੰਨੇ, ਸਾਂਈ, ਅਕਬਰ, ਫੈਜ਼ ਅਲੀ ਇੰਦਰ ਸਿੰਘ ਆਦਿ ਦੀ ਭਾਸ਼ਾ ਨੇ ਨਾਵਲ ਦੇ ਇਕ ਰੁਖ ਨੂੰ ਮੋਹ ਪੂਰਨ ਬਣਾਇਆ ਹੈ। ਅਤੀਤ ਵਿਚੋਂ ਪਾਤਰਾਂ ਨੂੰ ਘੜ੍ਹ ਕੇ ਅਜਿਹੀ ਭਾਸ਼ਾ ਸਿਰਜਣੀ ਬਹੁਤ ਮਹੱਤਵਪੂਰਨ ਹੈ।



"ਹੌਸਲਾ ਰੱਖ ਸਾਈਂ, ਅਸੀਂ ਕਿਹੜਾ ਵਲੈਤ ਚੱਲੇ ਆਂ। ਤੂੰ ਏਧਰੋ ਸੱਦਣੇ, ਅਸੀਂ ਭੱਜੇ-ਭੱਜੇ ਆਉਣੈ।" ਇੰਦਰ ਸਿੰਘ ਨੇ ਸਾਈਂ ਨੂੰ ਥਾਪੜਾ ਦਿੱਤਾ।


"ਇਹ ਤਾਂ ਕਹਿਣ ਦੀਆਂ ਗੱਲਾਂ ਜੇ, ਸਰਦਾਰ ਜੀ! ਨਦੀਓਂ ਵਿਛੜੇ ਨੀਰ ਕਦ ਮਿਲਦੇ ਨੇ।" ਸਾਈ ਆਖ ਕੇ ਫਿਰ ਚੁੱਪ ਹੋ ਗਿਆ।

"ਹੁਣ ਵੱਡੇ ਵੇਲੇ ਜਾਇਓ, ਸਰਦਾਰ ਜੀ।" ਪਿੰਡ ਵਾਲਿਆਂ ਨੇ ਬੇਨਤੀ ਕੀਤੀ।

"ਉਹ ਭਲੇ ਲੋਕੋ! ਪਹੁ ਫੁਟਦਿਆਂ ਤੁਆਡੇ ਪਿਆਰ, ਜ਼ਮੀਨਾਂ ਜਾਇਦਾਦਾਂ, ਘਰਾਂ ਤੇ ਗਲੀਆਂ ਨੇ ਸਾਨੂੰ ਕਿਵੇਂ ਜਾਣ ਦੇਣੈ। ਘਰ ਦੀਆਂ ਗਲੀਆਂ ਨੇ ਸਾਡੇ ਪੈਰਾਂ ਦਾ ਸੰਗਲ ਬਣ ਜਾਣਾ ਏ।" ਇੰਦਰ ਨੇ ਪਿੰਡ ਨਾਲ, ਖੇਤਾਂ ਨਾਲ ਪਿੰਡ ਦੇ ਲੋਕਾਂ ਨਾਲ ਪਿਆਰ ਦਾ ਵਾਸਤਾ ਪਾਇਆ।" (ਪੰਨਾ 114)

ਇਸੇ ਤਰ੍ਹਾਂ ਰਫੀਕ ਤੇ ਪੰਜਾਬੇ ਦੇ ਵਾਰਤਾਲਾਪ ਨਿਰਛਲਤਾ ਦੇ ਸਬੂਤ ਬਣਦੇ ਹਨ ਜਿਹਨਾਂ ਦੀ ਸਹੀ ਪੇਸ਼ਕਾਰੀ ਅਜੀਜ ਸਰੋਏ ਨੇ ਕੀਤੀ ਹੈ।

ਸੋ ਸਮੁੱਚੇ ਰੂਪ ਵਿਚ 'ਆਪਣੇ ਲੋਕ' ਨਾਵਲ ਭਾਰਤੀ ਇਤਿਹਾਸ ਦੇ ਇਕ ਜ਼ਾਲਮਾਨਾ ਸਮੇਂ ਨੂੰ ਮਨੁੱਖੀ ਸੁਭਾਅ ਰਾਹੀਂ ਪੇਸ਼ ਕਰਦਾ ਹੈ। ਜਿਸ ਵਿਚ ਉਹ ਰਾਜਨੀਤੀ ਦੇ ਬਾਬ ਨਹੀਂ ਖੋਲਦਾ ਸਗੋਂ ਮਨੁੱਖ ਦੇ ਵਿਵਹਾਰ ਵਿਚੋਂ ਨਸ਼ਰ ਕਰਦਾ ਹੈ। ਇਸ ਤਰ੍ਹਾਂ ਇਹ ਨਾਵਲ ਦੇਸ਼ ਦੀ ਆਜ਼ਾਦੀ ਦੇ ਜਸ਼ਨ ਸਮਾਨਾਂਤਰ ਉਜੜੇ ਲੋਕਾਂ ਦੇ ਦੁੱਖਾਂ ਨੂੰ ਪੇਸ਼ ਕਰਦਾ ਹੈ। ਨਾਵਲ ਦੀ ਕਾਮਨਾ ਨੈਤਿਕਤਾ ਦੀ ਤਲਾਸ਼ ਕਰਨਾ ਹੈ ਪਰ ਸੰਕਟਕਾਲੀਨ ਸਮਿਆਂ ਵਿਚ ਅਜਿਹੀਆਂ ਕਾਮਨਾਂਵਾਂ ਪੂਰੀਆਂ ਕਰਨੀਆਂ ਔਖੀਆਂ ਹਨ। ਅਜੀਜ਼ ਨੇ ਉਹ ਪਰਿਵਾਰ ਤਲਾਸ਼ੇ ਹਨ ਜਿਹਨਾਂ ਨੇ ਔਖ ਸਮੇਂ ਇਤਫ਼ਾਕ ਰੱਖਿਆ ਪਰੰਤੂ ਬਹੁਤੇ ਉਹ ਸਨ ਜਿਹਨਾਂ ਕੋਲ ਹਿੰਸਾ ਤੇ ਭੁੱਖ ਤੋਂ ਬਿਨਾਂ ਕੁਝ ਵੀ ਨਹੀਂ ਸੀ। ਚੰਗੇ ਤੇ ਮਾੜੇ ਦੀ ਇਸ ਟੱਕਰ ਵਿਚ ਜਿੱਤ ਦੀ ਕਾਮਨਾ ਚੰਗੇ ਵੱਲ ਦੀ ਹੈ। ਇਹ ਅੱਜ ਦੇ ਦੌਰ ਵਿਚ ਲੋੜੀਂਦਾ ਵੀ ਹੈ ਕਿਉਂਕਿ ਵੰਡਾਂ ਵਿਚ ਵੰਡੇ ਲੜਦੇ ਲੋਕਾਂ ਲਈ ਇਹ ਸਬਕ ਵੀ ਹੈ ਕਿ ਜੋ ਪਹਿਲਾਂ ਵੰਡਕੇ ਲੜੇ ਸਨ ਉਹਨਾਂ ਨੂੰ ਵੀ ਕੋਈ ਕਿਨਾਰਾ ਨਹੀਂ ਮਿਲਿਆ ਹੁਣ ਵੀ ਨਹੀਂ ਮਿਲੇਗਾ। (**ਸੰਪਰਕ-88725-11179**)



## ਮੈਨੂੰ ਛੁੱਟੀ ਚਾਹੀਦੀ ਹੈ: ਮਰਦ-ਔਰਤ ਸਬੰਧਾਂ ਦੇ ਅਸਾਵੇਂਪਨ ਦਾ ਦਸਤਾਵੇਜ਼ /-ਮਨਦੀਪ ਸਨੇਹੀ

ਸਪਨਾ ਚਾਮੜੀਆ ਦੀ ਇਸ ਡਾਇਰੀ ਰੂਪ ਕਿਤਾਬ **'ਮੈਨੂੰ ਛੁੱਟੀ ਚਾਹੀਦੀ ਹੈ'** (**ਪ੍ਰਕਾਸ਼ਕ ਪੀਪਲਜ਼ ਫ਼ੋਰਮ ਬਰਗਾੜੀ, ਪੰਜਾਬ, ਮੁੱਲ 100 ਰੁਪਏ**) ਦਾ ਨੀਤੂ ਅਰੋੜਾ ਨੇ ਇਸ ਤਰ੍ਹਾਂ ਦਾ ਅਨੁਵਾਦ ਕੀਤਾ ਹੈ ਕਿ ਤੁਸੀਂ ਇਸ ਨੂੰ ਪੜ੍ਹਦਿਆਂ ਭੁੱਲ ਹੀ ਜਾਂਦੇ ਹੋ ਕਿ ਕੋਈ ਹਿੰਦੀ ਤੋਂ ਅਨੁਵਾਦਿਤ ਪੁਸਤਕ ਪੜ੍ਹ ਰਹੇ ਹੋ। ਇਹ ਅਨੁਵਾਦ ਸਿਰਫ ਭਾਸ਼ਾਈ-ਅਨੁਵਾਦ ਨਹੀਂ ਹੈ, ਸਪਨਾ ਚਾਮੜੀਆ ਦੇ ਸਾਰੀਆਂ ਔਰਤਾਂ ਦੇ ਅਨੁਭਵ ਨੂੰ ਆਪਣੇ ਅਨੁਭਵ ਵਿੱਚ ਜਾਂ ਆਪਣੇ ਔਰਤ ਅਨੁਭਵ ਨੂੰ ਸਗਲੀ ਔਰਤ-ਜਾਤ ਦੇ ਅਨੁਭਵ ਵਿਚ ਅਨੁਵਾਦ ਕਰਨ ਦੇ ਯਤਨ ਦਾ ਵੀ ਸਫ਼ਲ ਅਨੁਵਾਦ ਹੈ।




ਪਿਤਰਕੀ ਦਾ ਸਮਾਜਿਕ-ਸੱਭਿਆਚਾਰਕ ਨੈਰੇਟਿਵ ਰੋਜ਼ ਦੇ ਵਿਹਾਰ ਵਿੱਚ ਔਰਤ ਦੇ ਮਨ ਤੇ ਦੇਹ ਨੂੰ ਅਨੁਸ਼ਾਸਿਤ ਕਰ ਖਾਸ ਭੂਮਿਕਾਵਾਂ ਦੀ ਸ਼ਮਸ਼ਾਨ-ਸੁੰਨ ਵਿੱਚ ਜਕੜਨ ਦਾ ਯਤਨ ਕਰਦਾ ਰਹਿੰਦਾ ਹੈ। ਆਮ ਪੱਧਰ ਦੀ ਬੁੱਧੀ ਤੇ ਸੰਵੇਦਨਸ਼ੀਲਤਾ ਵਾਲੀਆਂ ਔਰਤਾਂ ਕਿਸੇ ਨਾ ਕਿਸੇ ਰੂਪ ਵਿੱਚ ਇਸ ਸੁੰਨ ਤੇ ਰੋਬੋਟਿਜ਼ਮ ਤੋਂ ਬਚਦੀਆਂ, ਇਸ ਨੂੰ ਨਿਭਾਉਂਦੀਆਂ, ਆਪਣੀਆਂ-ਆਪਣੀਆਂ ਸੀਮਾਵਾਂ ਵਿੱਚ ਬੱਝੀਆਂ, ਦਿਮਾਗੀ ਤੇ ਸਰੀਰਕ ਬਿਮਾਰੀਆਂ, ਆਤਮਹੱਤਿਆ, ਵੱਧ ਬੋਲਣਾ, ਬਾਜ਼ਾਰ ਵੱਲ ਮੁੜਨਾ, ਸੈਕਸ਼ੁਅਲ ਰਿਪਰੈਸ਼ਨ ਕਾਰਨ ਅਧਿਕ-ਨਾਰੀਤਵ ਦਾ ਦਿਖਾਵਾ ਆਦਿ ਅਨੇਕਾਂ ਮਾਨਸਿਕ-ਤਰੁੱਟੀਆਂ ਦਾ ਸ਼ਿਕਾਰ ਹੋ ਜਾਂਦੀਆਂ ਹਨ, ਜਿਸ ਨੂੰ ਮਰਦ ਧਿਰ ਬਾਬੇ ਆਦਮ ਦੇ ਵੇਲੇ ਤੋਂ ਮੌਜੂਦ ਔਰਤ ਦੀ ਕੋਈ permanent essence ਮੰਨ ਲੈਂਦੀ ਹੈ ਤੇ ਆਪਣੇ ਆਪ ਨੂੰ ਇਸ ਤੋਂ ਵਿੱਥ ਤੇ ਰੱਖਦੀ ਚੁਟਕਲੇ ਘੜ੍ਹਨ ਲੱਗਦੀ ਹੈ। ਨਾਰੀਤਵ ਦਾ ਇਤਿਹਾਸਕ-ਤੌਰ ਵਿੱਚ ਸਿਰਜਤ ਹੋਣ ਦਾ ਖਿਆਲ ਅੱਖੋਂ-ਪਰੋਖੇ ਹੋ ਜਾਂਦਾ ਹੈ। ਸਪਨਾ ਚਾਮੜੀਆ ਦੀ ਇਹ ਪੁਸਤਕ ਇੱਕ ਐਸੀ ਸੰਵੇਦਨਸ਼ੀਲ ਤੇ ਇੰਟਲੈਕਚੁਅਲ ਔਰਤ ਦੀ ਦੇਹ ਤੇ ਮਨ ਦੀ ਕਥਾ ਪੇਸ਼ ਕਰਦੀ ਹੈ, ਜਿਸ ਨੂੰ ਇਹ ਰੋਜ਼ ਦੇ ਸਮਾਜਿਕ-ਸੱਭਿਆਚਾਰਕ ਪ੍ਰਵਚਨ ਤੇ ਪ੍ਰਪੰਚ ਵਗਾਰ ਦੀ ਪਰੰਪਰਾ ਵਿੱਚ ਸ਼ਾਂਤ ਚਿੱਤ ਟਿਕਾਅ ਨਹੀਂ ਪਾਉਂਦੇ। ਇਹ ਪੁਸਤਕ ਇਸੇ ਅਸ਼ਾਂਤੀ ਦੀ ਕਲਮ ਨਾਲ ਡਾਇਰੀ ਦੇ ਰਾਹੀਂ ਔਰਤ ਦੇ ਤੇ ਉਸ ਦੇ ਬਾਰੇ ਅਣਕਹੇ ਤੇ ਅਕਸਰ ਅਣਚਰਚਿਤ ਯਥਾਰਥ ਦਾ ਨੰਗਾ ਚਿਤਰਨ ਹੈ। ਰੋਜ਼ ਦੀ ਜ਼ਿੰਦਗੀ ਏਨੀ ਸੁਭਾਵਕ ਅਤੇ ਸਹਿਜ ਲੱਗਣ ਲੱਗ ਜਾਂਦੀ ਹੈ ਕਿ ਇਨਸਾਨ ਇਸ ਨੂੰ ਨਾ-ਬਦਲਣਯੋਗ ਸੱਚਾਈ ਵਜੋਂ ਸਵੀਕਾਰਦਾ ਤੁਰਿਆ ਜਾਂਦਾ ਹੈ। ਚਾਮੜੀਆ ਜੀ ਦੀ ਇਹ ਡਾਇਰੀ ਔਰਤ ਦੇ ਅਜਿਹੇ ਹੀ ਅਨੁਭਵ ਨੂੰ ਬੜੇ ਸੰਵੇਦਨਸ਼ੀਲ ਤੇ ਸਾਹਿਤਕ ਢੰਗ ਨਾਲ ਔਰਤ ਤੇ ਮਰਦ ਦੋਹਾਂ ਦੀ ਨਾ ਦੇਖਣ ਦੀ ਆਦੀ ਹੋ ਚੁੱਕੀ ਅੱਖ ਅੱਗੇ ਇੰਝ ਫੋਰਗਰਾਊਂਡ ਕਰਦੀ ਹੈ ਕਿ ਦੋਹਾਂ ਦੀ ਅੱਖ ਵਿੱਚ ਹੀ ਕੋਈ ਰੜਕ ਜ਼ਰੂਰ ਚੁੱਭਦੀ ਹੈ। ਇਹ ਰੜਕ ਪੈਦਾ ਕਰਨਾ ਹੀ ਇਸ ਪੁਸਤਕ ਦੀ ਪ੍ਰਾਪਤੀ ਹੈ। ਇਸ ਪੁਸਤਕ ਦੀ ਪੜ੍ਹਤ ਮਰਦ ਨੂੰ ਜੇ ਆਪਣੀ ਪ੍ਰਮੁੱਖਤਾ ਵਾਲੀ ਹੈਸੀਅਤ ਨੂੰ ਮੁੜ ਵਿਚਾਰਨ ਦੇ ਰਾਹ ਪਾਉਂਦੀ ਹੈ ਤਾਂ ਔਰਤ ਵੀ ਆਪਣੇ ਅਣ-ਮਹਿਸੂਸੇ ਲਾਸ਼



ਵਾਂਗ ਢੋਏ ਜਾ ਰਹੇ ਜੀਵਨ ਦਾ ਅਹਿਸਾਸ ਇਸ 'ਚੋਂ ਚੁਗਦੀ ਵਿਦਰੋਹ ਦੀ ਅਸ਼ਾਂਤੀ ਆਪਣੇ ਅੰਦਰ ਮਹਿਸੂਸ ਕਰਦੀ ਹੈ। ਇਸ ਤਰ੍ਹਾਂ ਇਸ ਪੁਸਤਕ ਨੂੰ ਮੈਂ ਪ੍ਰਚੱਲਿਤ ਤੇ ਸਥਾਪਤ ਪਿਤਰਕੀ ਦੇ ਸੱਭਿਆਚਾਰ ਦੇ ਵਿਰੋਧ ਵਿੱਚ ਔਰਤ ਦੀ ਆਪ ਆਪਣਾ ਸੱਚ ਨਿਧੜਕ ਕਹਿਣ ਦੀ ਸੱਭਿਆਚਾਰਕ-ਦਖ਼ਲਅੰਦਾਜ਼ੀ ਵਜੋਂ ਦੇਖਿਆ ਹੈ। ਇਸ ਬੇਬਾਕ ਚਿਤਰਣ ਦੇ ਕੁਝ ਨਮੂਨੇ ਹੇਠਾਂ ਦੇਖੋ:

1. ਜਿਵੇਂ ਔਰਤ ਦੀ ਬਰਾਬਰਤਾ ਦੇ ਨਾਹਰਿਆਂ ਨੂੰ ਸੱਚ ਸਮਝ ਕਈ ਔਰਤਾਂ ਘਰਾਂ ਵਿੱਚੋਂ ਨਿਕਲਦੀਆਂ ਅਤੇ ਕਈ ਤਰ੍ਹਾਂ ਦੇ ਬਲਾਤਕਾਰਾਂ ਦਾ ਬੋਝ ਲੈ ਘਰ ਪਰਤਦੀਆਂ। ਤੇ ਘਰਾਂ ਵਿੱਚ ਤਾਂ ਬਲਾਤਕਾਰ ਇੱਕ ਪੁਰਾਣੀ ਆਦਤ ਬਣ ਚੁੱਕੀ ਹੈ।(9)

2. ਇਸ ਤਰ੍ਹਾਂ ਮੇਰੇ ਕੋਲ ਕੋਈ ਸਮਾਂ ਨਹੀਂ ਹੈ ਕਿਉਂਕਿ ਮੈਂ ਕਿੱਤੇ ਵਜੋਂ ਵਗਾਰ ਕਰਨ ਵਾਲੀ ਔਰਤ ਹਾਂ। ਮੇਰੀ ਉਮਰ 36 ਤੋਂ 60 ਦੇ ਦਰਮਿਆਨ ਕੋਈ ਵੀ ਹੋ ਸਕਦੀ ਹੈ। 25 ਸਾਲਾਂ ਤੱਕ ਮੈਨੂੰ ਨਿਯਮਤ ਰੂਪ ਵਿਚ ਵਗਾਰ ਦੀ ਟ੍ਰੇਨਿੰਗ ਦਿੱਤੀ ਗਈ ਅਤੇ ਫਿਰ ਇੱਕ ਵੱਡੇ ਸਮਾਰੋਹ ਵਿੱਚ ਮੈਨੂੰ ਮੇਰੇ ਮਾਲਕ ਦੇ ਹਵਾਲੇ ਕਰ ਦਿੱਤਾ ਗਿਆ। ਮੈਂ ਕਈ ਸਾਲਾਂ ਤੋਂ ਬਿਨਾਂ ਰੁਕਿਆਂ ਬਿਨਾਂ ਥੱਕਿਆਂ ਇੱਕ ਹੀ ਤਰ੍ਹਾਂ ਦੇ ਕੰਮ ਵਿੱਚ ਰੁੱਝੀ ਹੋਈ ਹਾਂ। ਹੌਲੀ ਹੌਲੀ ਮੈਂ ਉਸ ਕੰਮ ਵਿੱਚ ਮਾਹਿਰ ਹੋ ਰਹੀ ਹਾਂ। ਦਰਅਸਲ ਮੇਰਾ ਸਬੰਧ ਉਸ ਘਰਾਣੇ ਨਾਲ ਹੈ ਜਿਸ ਵਿੱਚ ਸਦੀਆਂ ਤੋਂ ਇਹ ਕੰਮ ਹੁੰਦਾ ਆ ਰਿਹਾ ਹੈ। ਤੁਹਾਨੂੰ ਮੇਰੇ ਘਰਾਣੇ ਨੂੰ ਵੀ ਥੋੜ੍ਹਾ ਸਮਝਣਾ ਪਵੇਗਾ। ਇਸ ਵਿੱਚ ਮੇਰੀ ਮਾਂ, ਦਾਦੀ ਅਤੇ ਨਾਨੀ ਹੀ ਨਹੀਂ ਆਉਂਦੀਆਂ ਸਗੋਂ ਮੇਰੀ ਸੱਸ ਵੀ ਸਾਮਿਲ ਹੈ। ਹਾਂ ਮੇਰੇ ਮਾਲਕ ਦਾ ਘਰਾਣਾ ਵੱਖਰਾ ਹੈ ਅਤੇ ਉਸ ਵਿੱਚ ਮੇਰਾ ਬਾਪ ਅਤੇ ਸਹੁਰਾ ਵੀ ਸਾਮਿਲ ਹਨ। ਉਸ ਦੇ ਘਰਾਣੇ ਵਿੱਚ ਬਹੁਤ ਏਕਤਾ ਹੈ। ਉਹ ਕਿਸੇ ਵੀ ਮਸਲੇ 'ਤੇ ਇੱਕੋ ਜਿਹੀ ਭਾਸ਼ਾ ਵਿੱਚ ਇੱਕੋ ਜਿਹੀਆਂ ਹੀ ਗੱਲਾਂ ਕਰਦੇ ਹਨ। ਮੁੱਦਾ ਜਾਂ ਸਮੱਸਿਆ ਕਿੰਨੀ ਵੀ ਵੱਡੀ ਕਿਉਂ ਨਾ ਹੋਵੇ ਉਹ ਅੰਤ ਵਿੱਚ ਇੱਕ ਥਾਂ ਉੱਤੇ ਹੀ ਪਹੁੰਚਦੇ ਹਨ। ਸਗੋਂ ਸਮੱਸਿਆ ਮੇਰੇ ਘਰਾਣੇ ਵਿੱਚੋਂ ਹੀ ਪੈਦਾ ਹੁੰਦੀ ਹੈ। ਮੇਰੇ ਘਰਾਣੇ ਵਿੱਚੋਂ ਹੀ ਕੁਝ ਲੋਕ ਪਾਲ੍ਹਾ ਬਦਲ ਲੈਂਦੇ ਹਨ ਅਤੇ ਹਰ ਮੁੱਦੇ ਉੱਤੇ ਦੂਜੇ ਘਰਾਣੇ ਅੱਗੇ 'ਹਾਂ ਜੀ' 'ਹਾਂ ਜੀ' ਕਰਨ ਲੱਗਦੇ ਹਨ।(10)

ਪਤੀ ਪਤਨੀ ਦੇ ਰਿਸ਼ਤੇ ਵਿਚਲਾ ਅਸਾਵਾਂ ਸੈਕਸ਼ੁਅਲ ਵਿਹਾਰ, ਔਰਤ ਨੂੰ ਅੱਜ ਵੀ ਘਰ ਦਾ ਕੰਮ ਕਰਨ ਵਾਲੀ ਦਾਸੀ ਬਣਾਉਣਾ ਤੇ ਮਰਦ ਦਾ ਕਿਸੇ superiority complex ਵਿੱਚ ਇਸ ਤੋਂ ਪਰ੍ਹੇ ਰਹਿਣਾ ਅਜਿਹੇ ਹੀ ਪ੍ਰਵਾਨਤ ਤੇ ਸੁਭਾਵਕ ਮੰਨੇ ਜਾਣ ਵਾਲੇ ਸੱਚ ਹਨ, ਜਿਨ੍ਹਾਂ ਦੇ ਅਸਲ ਸੱਚ ਨਾਲ ਦਵੰਦਾਤਮਕ ਰਿਸ਼ਤੇ ਦਾ ਇਹ ਅਸ਼ਾਂਤ ਪ੍ਰਗਟਾਵਾ ਅਸੀਂ ਇਨ੍ਹਾਂ ਸਤਰਾਂ ਵਿੱਚ ਦੇਖਿਆ। ਔਰਤ ਕਿੰਝ ਇਨ੍ਹਾਂ submissiveness ਦੀਆਂ ਬੁਣਤਰਾਂ ਨੂੰ ਆਤਮਸਾਤ ਕਰ ਲੈਂਦੀ ਹੈ, ਉਸ ਲਈ ਪੁਸਤਕ ਵਿੱਚੋਂ ਇਹ ਟੁਕੜੇ ਦੇਖੋ:

1. ਹੁਣ ਤਾਂ ਮੈਂ ਇਸ ਕੰਮ ਵਿੱਚ ਏਨੀ ਮਾਹਰ ਹੋ ਚੁੱਕੀ ਹਾਂ ਅਤੇ ਮੈਨੂੰ ਇਸ ਕੰਮ ਦੀ ਏਨੀ ਆਦਤ ਪੈ ਚੁੱਕੀ ਹੈ ਕਿ ਜੇਕਰ ਤੁਸੀਂ ਮੈਨੂੰ ਸੁੱਤੀ ਨੂੰ ਜਗਾ ਕੇ ਪੁੱਛੋਗੇ ਕਿ ਭਿੰਡੀਆਂ ਨੂੰ ਕਿਵੇਂ ਤੜਕਣਾ ਹੈ ਤਾਂ ਮੈਂ ਬਿਨਾਂ ਸੋਚਿਆਂ ਬੋਲਾਂਗੀ, 'ਮੇਥੀ ਦਾਣੇ ਨਾਲ'। ਮੈਂ ਕਿੰਨੀ ਵੀ ਦੁੱਖ ਤਕਲੀਫ ਵਿੱਚ ਹੋਵਾਂ ਮੇਰੇ ਹੱਥ ਪੈਰ ਐਵੇਂ ਹੀ ਕੰਮ ਕਰਦੇ ਰਹਿੰਦੇ ਹਨ।(11)

2. ਪਰ ਇਨ੍ਹਾਂ ਵਿੱਚੋਂ ਸਭ ਤੋਂ ਵੱਧ ਹੈਰਾਨੀ ਦੀ ਗੱਲ ਇਹ ਹੈ ਕਿ ਇਸ ਵਗਾਰ ਦੀ ਪਰੰਪਰਾ ਨੂੰ ਮੈਂ ਬਹੁਤ ਛੇਤੀ ਆਤਮਸਾਤ ਕਰ ਲਿਆ। ਜਿਵੇਂ ਚਿੜੀ ਦਾ ਬੱਚਾ ਉੱਡਣਾ ਸਿੱਖ ਜਾਂਦਾ ਹੈ, ਸੱਪ ਦਾ ਬੱਚਾ ਕੱਟਣਾ, ਫੁੱਲ ਦਾ ਖਿੜਨਾ ਅਤੇ ਗਰਮੀ ਤੋਂ ਬਾਅਦ ਮੀਂਹ ਦਾ ਵਰਨਾ, ਠੀਕ ਉਸੇ ਤਰ੍ਹਾਂ ਇੱਕ ਔਰਤ ਦੀ ਧੀ ਨੇ ਵਗਾਰ ਵਾਲੇ ਰਜਿਸਟਰ ਵਿੱਚ ਆਪਣਾ ਨਾਂ ਦਰਜ ਕਰਵਾ ਲਿਆ।(11)

3. ਆਪਣੇ ਵਕਤ ਵਿੱਚ ਜੋ ਵੀ ਲਿਖਾਂਗੀ ਸੱਚ ਲਿਖਾਂਗੀ। ਮੈਂ ਕਈ ਵਾਰ ਇਨ੍ਹਾਂ ਮਾਲਕਾਂ ਦੇ ਰਾਜ ਵਿੱਚ ਰਹਿੰਦਿਆਂ ਸੋਚਿਆ ਕਿ ਜੇ ਮੈਂ ਆਪਣਾ ਮਾਲਕ ਬਦਲ ਲਵਾਂ। ਮੈਂ ਖੁੱਲ੍ਹੀਆਂ ਅੱਖਾਂ ਨਾਲ ਕਲਪਨਾ ਵੀ ਕੀਤੀ ਅਤੇ ਇਮਾਨ ਨਾਲ ਆਖਦੀ ਹਾਂ ਕਿ ਮੈਂ ਆਪਣੇ ਆਪ ਨੂੰ ਉੱਥੇ ਹੀ ਵੇਖਿਆ, ਉਹੀ ਭੀੜੀ ਰਸੋਈ, ਉਹੀ ਬਿਸਤਰ, ਉਹੀ ਵਗਾਰ, ਉਹੀ ਦਿਨ ਤੇ ਉਹੀ ਰਾਤ। ਮੈਨੂੰ ਥੋੜ੍ਹਾ ਥੋੜ੍ਹਾ ਅਹਿਸਾਸ ਹੋਣ ਲੱਗ ਪਿਆ ਹੈ ਕਿ ਮਾਲਕ ਬਦਲਣ ਨਾਲ ਕੁਝ ਨਹੀਂ ਹੋਵੇਗਾ, ਮੈਨੂੰ ਵਗਾਰ ਦੀ ਪਰੰਪਰਾ ਹੀ ਬਦਲਣੀ ਪਵੇਗੀ।(12)

ਸਮਿਤਾ ਪਾਟਿਲ ਵਾਲੀ ਫਿਲਮ 'ਭੂਮਿਕਾ' ਵੀ ਐਸੇ ਆਰਥਿਕ-ਸਮਾਜਿਕ ਢਾਂਚੇ ਨੂੰ ਦਿਖਾਉਂਦੀ ਹੈ, ਜਿਸ ਵਿੱਚ ਦੋਖੀ ਇੱਕ ਮਰਦ ਜਾਂ ਕਿਸੇ ਇਕ ਜਮਾਤ ਦਾ ਮਰਦ ਨਹੀਂ, ਬਲਕਿ ਵੱਖ-ਵੱਖ ਜਮਾਤਾਂ ਦੇ ਮਰਦਾਂ ਨਾਲ ਰਹਿਣ ਪਿੱਛੋਂ ਵੀ ਮੁੱਖ-ਪਾਤਰ ਇੱਕੋ ਹੀ ਨਤੀਜੇ ਉੱਤੇ ਪਹੁੰਚਦੀ ਹੈ। ਪਿਤਰਕੀ ਦਾ ਸਰਵਵਿਆਪਕ ਹੋ ਗਿਆ ਢਾਂਚਾ ਜਮਾਤੀ ਖਾਸਿਆਂ ਮੁਤਾਬਕ ਉਸ ਨੂੰ ਜੋ ਵੀ ਭੂਮਿਕਾ ਪ੍ਰਦਾਨ ਕਰਦਾ ਹੈ, ਉਹ ਛਟਪਟਾਹਟ ਤੇ ਸਾਹ-ਘੁੱਟਵੇਂਪਨ ਤੋਂ ਵਿਰਵੀ ਨਹੀਂ। ਪਤੀ ਭਾਵੇਂ ਗਾਂਧੀਵਾਦੀ ਹੋਵੇ ਭਾਵੇਂ ਕਾਮਰੇਡ, ਪਤਨੀ ਇਨ੍ਹਾਂ ਹੀ ਭੂਮਿਕਾਵਾਂ ਦੀ ਤਰਜ਼ 'ਤੇ ਨੱਚਣ ਨੂੰ ਮਜਬੂਰ ਹੁੰਦੀ ਹੈ। ਔਰਤ ਦੀ ਪਰਿਵਾਰਵਾਦ ਦੀਆਂ ਇਨ੍ਹਾਂ ਭੂਮਿਕਾਵਾਂ ਤੋਂ ਬਾਹਰ ਆਉਣ ਦੀ ਇੱਛਾ ਇਸ ਪੁਸਤਕ ਵਿੱਚ ਦਰਜ ਹੈ (18-19), ਜੋ "ਜਟਿਲ ਮੌਤ ਵਰਗੇ ਸਨਾਤਨੀ ਸੰਸਕਾਰਾਂ" ਵਿੱਚ "ਫਰੀਜ਼" ਹੋਣ ਤੇ ਕੇਵਲ ਕੰਮ ਵਾਲੀ ਬਾਈ ਦੇ ਦਰਜੇ ਦੇ ਜੀਵਨ ਤੋਂ ਮੁਨਕਰ ਹੈ (21-25))। ਜੋ ਵੀਭਤਸ ਲੇਖਿਕਾ ਨੇ ਮਰਦ ਦੀ ਗ਼ੈਰ-ਕੁਦਰਤੀ ਹੋ ਚੁੱਕੀ ਭੁੱਖ ਦੇ ਪ੍ਰਤੀਕਾਂ ਰਾਹੀਂ ਦਿੱਤਾ ਹੈ, ਉਸ ਤੋਂ ਕਿਤੇ ਵੀ ਅਸਹਿਮਤੀ ਨਹੀਂ ਦਿਖਾਈ ਜਾ ਸਕਦੀ। ਕਿਉਂਕਿ ਲੇਖਿਕਾ ਦੀ ਸ਼ੈਲੀ ਤਨਜ਼ ਤੇ ਰੋਹ ਵਾਲੀ ਵੱਧ ਹੈ, ਇਸ ਲਈ ਮਰਦ ਨੂੰ ਇੱਕ ਧਿਰ ਬਣਾ ਲਿਆ ਗਿਆ ਹੈ। ਤੇ ਇਸ ਪਾਠ ਵਿਚੋਂ ਮੌਜੂਦ ਪ੍ਰਣਾਲੀ ਵਿੱਚ ਮਰਦ ਦੀ ਪ੍ਰਮੁੱਖ ਥਾਂ ਤਹਿਤ ਉਸਦੀ ਜਾਣੇ ਤੇ ਅਣਜਾਣੇ ਦੋਹਾਂ ਪੱਧਰਾਂ ਤੇ 'ਚੱਲਦੀ ਨੂੰ ਚਲਾਈ ਰੱਖੋ' ਦੀ ਮਾਨਸਿਕਤਾ ਦੇ ਕਈ ਪਹਿਲੂ ਬਾਹਰ ਰਹਿ ਗਏ ਹਨ। ਇਸ 'ਚੱਲਦੀ ਨੂੰ ਚਲਾਈ ਰੱਖੋ' ਦੀ ਪ੍ਰਵਿਰਤੀ ਮਰਦ ਤੇ ਔਰਤ ਦੋਹਾਂ ਵਿੱਚ ਹੋਣਾ ਇਨਸਾਨ ਦੇ ਕਿਸੇ ਖਾਸ ਪਰੰਪਰਕ-ਸੱਭਿਆਚਾਰਕ ਤੇ ਆਰਥਿਕ ਪ੍ਰਣਾਲੀ ਤੋਂ ਸੰਚਾਲਿਤ ਤੇ ਨਿਰਮਿਤ ਹੋਣ ਵੱਲ ਇਸ਼ਾਰਾ ਹੈ। Privileged ਧਿਰ 'ਚੋਂ ਟਾੱਲਸਟਾਏ ਤਾਂ ਥੋੜ੍ਹੇ ਨਿਕਲਦੇ ਹਨ, ਪਰ ਵਾਂਝੀ ਤੇ ਹਾਸ਼ੀਆਗਤ ਧਿਰ 'ਚੋਂ ਬੇਚੈਨੀ ਦੀਆਂ ਸੁਰਾਂ ਵੱਧ ਨਿਕਲਦੀਆਂ ਹਨ; ਪਰ ਸਵਾਲ ਹੈ ਕਿ ਕੀ ਇਹ ਸਾਰੀਆਂ ਬੇਚੈਨ ਸੁਰਾਂ ਬਗ਼ਾਵਤ ਦੇ ਆਖਰੀ ਸਿਰੇ ਤੱਕ ਪਹੁੰਚਦੀਆਂ ਹਨ ਤੇ ਕਿੰਨੀਆਂ? ਇੰਝ ਬਗ਼ਾਵਤ ਦਾ ਆਖਰੀ ਸਿਰਾ ਮਰਦ ਰੂਪੀ ਇੱਕ ਧਿਰ ਬਣਦਾ ਹੈ, ਜਾਂ ਉਹ ਸੱਭਿਆਚਾਰਕ-ਆਰਥਿਕ ਢਾਂਚਾ, ਜੋ ਬਾਗੀ ਔਰਤ ਦੀ ਜ਼ਿਹਨੀਅਤ ਅੱਗੇ ਵੀ ਇਸ ਢਾਂਚੇ 'ਚੋਂ ਬਾਹਰ ਨਾ ਨਿਕਲ ਸਕਣ ਦੀ ਲਕਸ਼ਮਣ-ਰੇਖਾ ਖੜ੍ਹੀ ਕਰ ਦਿੰਦਾ ਹੈ। ਸਿਰਫ ਪਤੀ ਤੇ ਪੁੱਤਰ ਦੇ ਆਪਣੇ ਅੰਦਰਲੇ ਮਰਦ ਨੂੰ ਮਾਰਨ ਨਾਲ ਕੀ ਹੱਲ ਨਿਕਲੇਗਾ ਜੇ ਔਰਤ ਸੱਭਿਆਚਾਰਕ ਤੌਰ 'ਤੇ ਆਪਣੇ ਅੰਦਰ ਘੜੀ ਤੇ ਵਿਕਸਿਤ ਕੀਤੀ ਗਈ genderic femininity ਨੂੰ ਨਹੀਂ ਮਾਰਦੀ। ਸਾਨੂੰ ਸੈਕਸ ਤੇ ਜੈਂਡਰ ਦੇ ਫ਼ਰਕਾਂ ਨੂੰ ਸਮਝਣਾ ਪਵੇਗਾ ਤੇ ਨਾਰੀ-ਦੇਹ ਨਾਲ ਜੁੜੀਆਂ ਬਹੁਤ ਸਾਰੀਆਂ essence-based ਧਾਰਨਾਵਾਂ ਨੂੰ ਰੱਦ ਕਰ ਨਾਰੀ-ਦੇਹ ਦੀ ਵੀ ਇਤਿਹਾਸ ਵਿੱਚ ਹੋਈ ਸੱਭਿਆਚਾਰਕ-ਸਿਰਜਣਾ, ਤੇ ਇਸਦੇ ਲਗਾਤਾਰ ਅਗਲੀਆਂ ਪੀੜ੍ਹੀਆਂ ਵਿੱਚ ਹੋਏ ਜੈਨੇਟਿਕ-ਸੰਚਾਰ ਨੂੰ ਵੀ ਧਿਆਨ ਵਿੱਚ ਰੱਖਣਾ ਪਵੇਗਾ। ਭਾਵੇਂ ਇੱਥੇ ਮੈਡੀਕਲ ਸਾਇੰਸ ਤੇ ਬਾਇਓਲੌਜੀ ਦੀਆਂ ਨਾਰੀ-ਦੇਹ ਦੀਆਂ ਪਰਿਭਾਸ਼ਾਵਾਂ ਤੇ ਇਸ ਤੋਂ ਆਸਾਂ ਉਮੀਦਾਂ ਵੀ ਇਸ ਨੂੰ ਕੇਵਲ ਵਰਤਮਾਨ ਵਿੱਚ ਹੀ ਖੜ੍ਹੇ-ਖੜ੍ਹੋਤੇ



ਨਜ਼ਰੀਏ ਨਾਲ ਦੇਖਦੀਆਂ ਕਿਸੇ ਇਤਿਹਾਸ-ਅਤੀਤ ਸਰਵਵਿਆਪਕ ਸਥਿਰਤਾ ਵਿੱਚ ਬੰਨ੍ਹਣ ਵਾਲੀਆਂ ਹਨ। ਔਰਤ ਤੇ ਮਰਦ ਦੋਵੇਂ ਆਪਣੀ ਜੈਵਿਕ-ਦੇਹ ਦੀ ਗਵਾਚੀ ਪਰ ਕੁਦਰਤੀ ਆਵਾਜ਼ ਨੂੰ ਤਦ ਹੀ ਸੁਣ ਸਕਦੇ ਤੇ ਰਿਸਪਾਂਡ ਕਰ ਸਕਦੇ ਹਨ, ਜੇ ਵੱਡੇ ਅਰਥਚਾਰੇ ਦੀਆਂ ਤਬਦੀਲੀਆਂ ਵੱਲ ਅਗਰਸਰ ਹੋਣ। ਨਹੀਂ ਤਾਂ ਇਹ ਜੈਵਿਕ-ਦੇਹ ਦੀ ਆਪਣੀ ਆਵਾਜ਼ ਤਾਂ ਬਾਗੀ ਔਰਤ ਲਈ ਲੱਭਣੀ ਵੀ ਕੋਈ ਸੌਖੀ ਨਹੀਂ। ਪਰ ਨਾਲ ਹੀ ਜੈਵਿਕ-ਦੇਹ ਦੀ ਇਸ ਆਪਣੀ ਆਵਾਜ਼ ਨੂੰ ਪਰਾ-ਇਤਿਹਾਸਿਕ ਤੇ ਗਤੀਹੀਣ ਵੀ ਨਾ ਸਮਝ ਲਿਆ ਜਾਵੇ। ਇਤਿਹਾਸ ਤੇ ਵੱਡੇ ਤੰਤਰ ਤੋਂ ਬਾਹਰ ਇਨਸਾਨ ਦੀਆਂ ਸਮੱਸਿਆਵਾਂ ਪਹਿਚਾਨਣਾ ਗੈਰ-ਸਾਰਥਕ ਤਾਂ ਨਹੀਂ ਪਰ ਬਹੁਤ ਸੀਮਤ ਤੇ ਅਸਰ-ਰਹਿਤ ਜ਼ਰੂਰ ਹੁੰਦਾ ਹੈ। ਸਿਸਟਮ ਵਿੱਚ ਸਿਸਟਮ ਦੀਆਂ ਸ਼ਰਤਾਂ 'ਤੇ ਰਹਿੰਦਿਆਂ ਮੁਕਤ ਹੋਣ ਦਾ ਨਾਚ ਨੱਚਿਆ ਨਹੀਂ ਜਾ ਸਕਦਾ (74-75), ਤੇ ਵਿਆਹ ਤੇ ਪਰਿਵਾਰਵਾਦ ਦੀਆਂ ਵਲਗਣਾਂ ਵੀ ਇਸ ਨਾਚ ਲਈ ਮੋਕਲੀਆਂ ਨਹੀਂ। ਇਨ੍ਹਾਂ ਕੰਧਾਂ ਵਿੱਚ ਜਾਂ ਉਹ ਆਪਣੇ ਆਪ ਨੂੰ ਫਿੱਟ ਕਰ ਸਕਦੀ ਹੈ, ਜਾਂ ਇਨ੍ਹਾਂ ਕੰਧਾਂ ਅੰਦਰ ਹੀ ਕਿਸੇ ਸੁੰਨ-ਸਮਾਧ ਵਿੱਚ ਟਿਕ ਸਕਦੀ ਹੈ (ਨਾਨੀ, ਪੰਨਾ ਨੰਬਰ 93 'ਤੇ), ਜਾਂ ਬਾਹਰ ਨਿਕਲਣ ਦੀ ਬਾਗੀ ਤੜਪ ਰੱਖ ਸਕਦੀ ਹੈ, ਜਾਂ ਫਿਰ ਇਨ੍ਹਾਂ ਕੰਧਾਂ ਨੂੰ ਹੀ ਢਾਹੁਣ ਦਾ ਯਤਨ ਕਰ ਸਕਦੀ ਹੈ।

ਸਪਨਾ ਚਾਮੜੀਆ ਹੁਰਾਂ ਪੰਨਾ ਨੰਬਰ 98 'ਤੇ ਧਰਮ ਦੇ ਪਿਤਰਕੀ ਦੀ ਸੰਸਥਾ ਤੇ ਇਸ ਦੇ ਵਾਹਕ ਹੋਣ ਵੱਲ ਵੀ ਇਸ਼ਾਰਾ ਕੀਤਾ ਹੈ। ਭਾਰਤ ਦੀ ਹਰ ਔਰਤ ਦੀ ਰੋਜ਼ ਦੀ ਜ਼ਿੰਦਗੀ ਵਿੱਚ ਸਵੇਰ ਤੋਂ ਰਾਤ ਤੱਕ ਦੇ ਹਰ ਕੋਨੇ ਵਿੱਚ ਪਸਰੀ ਪਿਤਰਕੀ ਦੀ ਜਕੜ ਦੇ ਦਸਤਾਵੇਜ਼ ਵਜੋਂ ਇਹ ਕਿਤਾਬ ਦੇਖੀ ਜਾ ਸਕਦੀ ਹੈ।

ਇਸ ਦਸਤਾਵੇਜ਼ ਵਿਚਲੇ ਤੱਥਾਂ ਨੂੰ ਜੇ ਵੱਡੇ ਚਿਤਰਪੱਟ 'ਤੇ ਲੋਕੇਟ ਕਰਦਿਆਂ ਦੇਖੀਏ ਤਾਂ ਇਹ ਦੇਖਣਾ ਪਵੇਗਾ ਕਿ ਕਿਸੇ ਵੀ ਵਿਅਕਤੀ ਦੀ ਸਮਾਜਿਕ-ਸੱਭਿਆਚਾਰਕ ਸਥਿਤੀ ਉਸਦੇ ਤੇ ਉਸਦੇ ਆਲੇ-ਦੁਆਲੇ ਦੇ ਪਦਾਰਥਕ-ਆਰਥਿਕ ਆਧਾਰ ਤੋਂ ਬਾਹਰ ਨਹੀਂ ਹੋ ਸਕਦੀ। ਉਹ ਵੀ ਉਸੇ ਵਹਿਣ ਵਹਿੰਦਾ ਹੈ ਜਿਸ ਵਹਿਣ ਉਸ ਦੇ ਆਲੇ-ਦੁਆਲੇ ਦੀਆਂ ਸਮਾਜਿਕ-ਆਰਥਿਕ-ਸੱਭਿਆਚਾਰਕ ਪ੍ਰਸਥਿਤੀਆਂ ਦਾ ਦਰਿਆ ਵਹਿ ਰਿਹਾ ਹੁੰਦਾ ਹੈ। ਸਪਨਾ ਚਾਮੜੀਆ ਵਰਗੇ ਕੁਝ ਸੰਵੇਦਨਸ਼ੀਲ ਲੋਕ ਇਸ ਵਹਿਣ ਦੀ ਤੋਰੇ ਤੁਰਨ ਦੇ ਅਟਪਟੇਪਨ ਨੂੰ ਮਹਿਸੂਸਦੇ ਹਨ ਤੇ ਇਸ ਵਹਿਣ ਵਿੱਚੋਂ ਬਾਹਰ ਨਿਕਲਣ ਦੀ ਤੜਪ ਤੇ ਨਾ ਨਿਕਲ ਪਾਉਣ ਦੀ ਛਟਪਟਾਹਟ ਉਨ੍ਹਾਂ ਦੇ ਮਨ, ਵਜੂਦ ਤੇ ਜ਼ਿਹਨ 'ਤੇ ਸੂਲ ਵਾਂਗ ਸਦਾ ਚੁੱਭਦੀ ਰਹਿੰਦੀ ਹੈ।

ਸਵਾਲ ਇਹ ਹੈ ਕਿ ਕੀ ਕਿਸੇ ਸਮਾਜਿਕ-ਸਮੂਹ ਦੇ ਕਿਸੇ ਵਿਅਕਤੀ ਦੀਆਂ ਪ੍ਰਸਥਿਤੀਆਂ ਨੂੰ ਸਮਝਣ ਵਾਂਗ ਹੀ ਔਰਤ ਦੀ ਪ੍ਰਸਥਿਤੀ ਨੂੰ ਵੀ ਇਸ ਵੱਡੇ ਵਹਿਣ ਦੀ ਨਿਸ਼ਾਨਦੇਹੀ ਕੀਤੇ ਬਿਨ੍ਹਾਂ ਸਮਝਿਆ ਜਾ ਸਕਦਾ ਹੈ? ਜ਼ਾਹਿਰ ਹੈ ਸਮੇਂ ਦਾ ਦਰਿਆ ਭੂਤ ਤੋਂ ਤੁਰਦਾ ਬਹੁਤ ਸਾਰੀਆਂ ਆਲੇ-ਦੁਆਲੇ ਦੀਆਂ ਨਦੀਆਂ ਦੇ ਅਨਿੱਖੜ ਮੇਲ ਨੂੰ ਵਰਤਮਾਨ 'ਚੋਂ ਕੱਢਦਾ ਲਗਾਤਾਰ ਭਵਿੱਖ ਵੱਲ ਨੂੰ ਵਹਿੰਦਾ ਰਹਿੰਦਾ ਹੈ। ਔਰਤ ਦੇ ਮਸਲੇ ਨੂੰ ਮੁਖ਼ਾਤਿਬ ਹੋਣ ਤੋਂ ਪਹਿਲਾਂ ਇਸ ਨੂੰ ਪਹਿਚਾਨਣਾ ਤਾਂ ਪਵੇਗਾ ਹੀ। ਚਾਮੜੀਆ ਹੁਰਾਂ ਔਰਤ ਦੀ ਪੀੜ ਦਾ ਸਾਡੇ ਵਕਤਾਂ ਦਾ ਦਸਤਾਵੇਜ਼ ਤਾਂ ਬਹੁਤ ਪੀੜ-ਪਰੁੰਨੇ ਤੇ ਹਰ ਸੰਵੇਦਨਸ਼ੀਲ ਮਨੁੱਖ ਦਾ ਦਿਲ-ਦਿਮਾਗ ਹਿਲਾ ਦੇਣ ਵਾਲੇ ਤਰੀਕੇ ਨਾਲ ਪੇਸ਼ ਕੀਤਾ ਹੈ। ਸੱਚਮੁੱਚ ਜੇ ਅਸੀਂ ਆਪਣੇ ਅੰਦਰਲੀ ਔਰਤ ਤੇ ਆਪਣੇ ਵੇਲਿਆਂ ਦੀਆਂ ਹੋਰ ਸਭ ਔਰਤਾਂ ਦਾ ਦਿਲ ਫਰੋਲੀਏ ਤਾਂ ਇਹ ਪੀੜ ਸਾਡੇ ਸਭ ਅੰਦਰ ਕਿਸੇ ਨਾ ਕਿਸੇ ਖੂੰਜੇ ਜਾਂ ਸਾਰੇ ਵਜੂਦ ਵਿੱਚ ਸੁਲਗ ਰਹੀ ਹੈ। ਘਰ ਤੇ ਵਿਆਹ-ਪਰੰਪਰਾ ਦੀਆਂ ਕੰਧਾਂ ਅੰਦਰ ਮੱਘਦੇ ਪਿਤਰਕੀ-ਪਰੰਪਰਾ ਦੇ ਕੋਲੇ ਸਾਡੀ

ਰੂਹ ਨੂੰ ਲਗਾਤਾਰ ਫੂਕ ਰਹੇ ਹਨ।

ਮੁੱਦਾ ਪਰ ਇਹ ਹੈ ਕਿ ਸਾਡੇ ਵਰਤਮਾਨ ਦੇ ਵਡੇਰੇ ਆਰਥਿਕ-ਸਮਾਜਿਕ ਦ੍ਰਿਸ਼ ਵਿੱਚ ਇਹ ਘਰ ਹੈ ਕੀ? ਜਿਸ ਵਿਆਹ-ਪਰੰਪਰਾ 'ਚੋਂ ਔਰਤ ਬਾਹਰ ਨਿਕਲਣਾ ਚਾਹੁੰਦੀ ਹੈ ਤੇ ਮਰਦ ਵੀ, ਉਹ ਕਿਉਂ ਇਸ ਨੂੰ ਬਚਾਈ ਤੁਰਦੇ ਹਨ? ਇਹ ਕਿਹੜੇ ਮਨੋਵਿਗਿਆਨਕ-ਸੱਭਿਆਚਾਰਕ ਕਾਰਕ ਹਨ, ਜੋ ਪਹਿਚਾਣ ਦੇ ਬਾਵਜੂਦ ਔਰਤ ਤੇ ਮਰਦ ਦੋਹਾਂ ਨੂੰ ਘਰ ਦੀਆਂ ਜ਼ੰਜੀਰਾਂ 'ਚ ਬੰਨ੍ਹੀ ਰੱਖਦੇ ਹਨ? ਕੀ ਮਰਦ ਇਨ੍ਹਾਂ ਜ਼ੰਜੀਰਾਂ ਤੋਂ ਆਹਤ ਨਹੀਂ? ਕੀ ਉਹ ਹੀ ਜ਼ਿੰਮੇਵਾਰ ਹੈ ਔਰਤ ਦੀ ਦੁਰਦਸ਼ਾ ਦਾ? ਜੇ ਇੰਜ ਹੈ ਤਾਂ ਫਿਰ ਔਰਤ ਕਿਉਂ ਨਹੀਂ ਜ਼ਿੰਮੇਵਾਰ ਆਪਣੀ ਦੁਰਦਸ਼ਾ ਦੀ ਪਹਿਚਾਣ ਦੇ ਬਾਵਜੂਦ ਇਸ ਤੰਤਰ 'ਚੋਂ ਬਾਹਰ ਨਾ ਨਿਕਲਣ ਲਈ? ਕੀ ਉਹ ਜਾਂ ਮਰਦ ਆਪਣੇ-ਆਪ ਹੀ ਇਸ ਤੰਤਰ ਦੀ ਪਕੜ 'ਚੋਂ ਬਾਹਰ ਆ ਸਕਦੇ ਹਨ? ਕੌਣ ਕਿੰਨਾ ਆ ਸਕਦਾ ਹੈ ਤੇ ਕਿੰਨਾ ਨਹੀਂ? ਤੇ ਇਹ ਵੀ ਦੇਖਣਾ ਪਵੇਗਾ ਕਿ ਇਸ ਵਰਤਮਾਨ ਪਿਤਰਕੀ-ਤੰਤਰ ਦੀਆਂ ਜੜ੍ਹਾਂ ਭੂਤ ਦੇ ਕਿਹੜੇ ਵਹਿਣਾਂ ਥਾਣੀਂ ਲੰਘੀਆਂ ਕਿਹੜੇ ਰੂਪ ਵਿੱਚ ਮਰਦਾਂ ਤੇ ਔਰਤਾਂ ਦੋਵਾਂ ਦੀ ਮਾਨਸਿਕਤਾ 'ਚ ਵੇਲੇ ਦੇ ਆਰਥਿਕ-ਪਦਾਰਥਕ ਹਾਲਾਤ ਦੀ ਸਾਜ਼ਿਸ਼ 'ਚ ਪਰੁੱਤੀਆਂ ਡੂੰਘੀਆਂ ਧੱਸੀਆਂ ਪਈਆਂ ਹਨ? ਫੂਕੋ ਦਾ ਮੱਤ ਹੈ ਕਿ ਕੋਈ ਵੀ ਭਾਰੂ ਵਿਚਾਰਧਾਰਾ ਦੇ ਵਹਿਣ ਤੋਂ ਪੂਰੀ ਤਰ੍ਹਾਂ ਨਹੀਂ ਬਚ ਸਕਦਾ। ਤਾਂ ਕੀ ਮਰਦ ਤੇ ਔਰਤ ਨੂੰ ਇੱਕ-ਦੂਜੇ ਦੇ ਵਿਰੋਧੀ ਵਜੋਂ ਚਿਤਵਣਾ ਵੱਧ ਉਚਿਤ ਹੈ ਜਾਂ ਦੋਹਾਂ ਦੀ ਜ਼ਿਹਨੀ-ਸੰਰਚਨਾ ਨੂੰ ਘੜ੍ਹਦੇ ਕਿਸੇ ਤੰਤਰ 'ਤੇ ਵੱਢ ਮਾਰਨਾ? ਜਾਂ ਪੀੜ ਦੀ ਨੰਗੀ ਆਵਾਜ਼ ਦੀ ਵੰਗਾਰ ਕੀ ਕੋਈ ਵਿਰੋਧ ਨਹੀਂ ਹੈ? ਤੇ ਕੀ ਪੀੜ ਦੇ ਬਿਆਨ ਨੂੰ ਸਾਰਥਕ, ਗੈਰ-ਸਾਰਥਕ ਦੇ ਤਰਾਜੂ 'ਚ ਤੋਲਿਆ ਜਾ ਸਕਦਾ ਹੈ? ਸਬਾਲਟਰਨ ਦਾ ਆਪਣੇ ਦਰਦ ਨੂੰ ਆਪਣੀ ਆਵਾਜ਼ ਦੇਣਾ ਹੀ ਤਾਂ ਪਹਿਲੀ ਲੜਾਈ ਹੈ। ਤੇ ਮਾਫ਼ ਕਰਨਾ ਅਜੇ ਤਾਂ ਸਾਡੀਆਂ ਔਰਤਾਂ ਇਹ ਪਹਿਚਾਨਣਾ ਵੀ ਸ਼ੁਰੂ ਨਹੀਂ ਕੀਤਾ ਕਿ ਉਹ ਦਰਦ ਵਿਚ ਨੇ। ਬੱਸ ਮਾਨਸਿਕ ਬਿਮਾਰੀਆਂ ਨੂੰ ਭੂਤਾਂ-ਪ੍ਰੇਤਾਂ ਦੇ ਸਾਏ ਹੀ ਸਮਝੀ ਜਾਂਦੀਆਂ ਨੇ, ਨਾ ਕਿ ਇਸ ਨੂੰ ਆਪਣੇ ਅਨੁਭਵ ਤੇ ਜੀਣ ਦੀ ਚਾਹਤ ਦੀ ਘਸਰ ਦਾ ਨਤੀਜਾ। ਹਰ ਸਮੇਂ-ਸਥਾਨ ਦਾ ਆਪਣਾ ਆਰਥਿਕ-ਸਮਾਜਿਕ-ਸੱਭਿਆਚਾਰਕ ਵਹਾਅ ਹੁੰਦਾ ਹੈ, ਜਿਸ ਦੇ ਨੈਤਿਕ ਮੁੱਲਾਂ ਦੀ ਸਿਰਜਣਾ ਵਿੱਚ ਭੂਤ ਦੇ ਸੱਭਿਆਚਾਰਕ-ਮਨੋਵਿਗਿਆਨਕ-ਅਵਸ਼ੇਸ਼ ਹਮੇਸ਼ਾ ਕਾਰਜਸ਼ੀਲ ਰਹਿੰਦੇ ਹਨ। ਇਹ ਕਬੀਲਾਈ-ਪ੍ਰਵਿਰਤੀ ਸੀ ਜੋ ਹੀਰ ਨੂੰ ਜਗੀਰੂ-ਜਕੜ ਨਾਲ ਦਸਤਪੰਜਾ ਲੈਣ ਲਈ ਪ੍ਰੇਰਦੀ ਹੈ। ਤੇ ਇਹ ਜਗੀਰੂ ਸਮਿਆਂ ਦੀ ਪਿਤਰਕੀ ਦੇ ਸਾਹ-ਘੁੱਟਵੇਂ ਮੁੱਲਾਂ ਅੱਗੇ ਸਮਰਪਣ ਸੀ, ਇਨ੍ਹਾਂ ਦਾ ਆਤਮਸਾਤੀਕਰਨ ਸੀ, ਜੋ ਔਰਤ ਨੂੰ ਅੱਜ ਦੇ ਪੂੰਜੀਵਾਦ ਦੇ ਪਿਤਰਕੀ-ਢਾਂਚੇ ਦੀਆਂ 'ਦਿੱਤੀਆਂ ਖੁੱਲ੍ਹਾਂ' ਵਿੱਚ ਇਸ ਦੇ ਵੀ ਮੇਚ ਦਾ ਨਹੀਂ ਹੋਣ ਦਿੰਦਾ। ਉੱਤਰਆਧੁਨਿਕਤਾ ਦੇ ਉਪਭੋਗੀ-ਸੱਭਿਆਚਾਰ ਲਈ ਇਸੇ ਲਈ ਔਰਤ ਦੀ ਜਗੀਰੂ-ਮੁੱਲਾਂ ਅੱਗੇ ਸਮਰਪਿਤ ਜ਼ਿਹਨੀਅਤ ਨੂੰ ਵਰਤਣਾ ਤੇ ਉਸ ਨੂੰ ਹੀ ਵਸਤ ਬਣਾਉਣ ਵਾਲੀਆਂ ਵਸਤਾਂ ਦਾ ਬਾਜ਼ਾਰ ਖੜ੍ਹਾ ਕਰਨਾ ਸੌਖਾ ਹੋ ਜਾਂਦਾ ਹੈ। ਉਪਭੋਗ ਦੀ ਵਸਤ ਬਣੀ ਉਹ ਇਹ ਵੀ ਨਹੀਂ ਪਹਿਚਾਣ ਪਾਉਂਦੀ ਕਿ ਪੁਰਾਣੀ ਚੱਲੀ ਆਉਂਦੀ ਪਿਤਰਕੀ ਦੀ ਪਰੰਪਰਾ ਵਿਚਲਾ ਮਾਲਕ ਹੁਣ ਉਸ ਦਾ ਉਪਭੋਗੀ ਖਰੀਦਦਾਰ ਹੈ ਤੇ ਅਜਿਹੇ ਸਮੀਕਰਨਾਂ ਵਾਲਾ ਰਿਸ਼ਤਾ ਬਰਾਬਰੀ ਦਾ ਨਹੀਂ, ਤੇ ਇਹ ਸੁਰਖੀ, ਬਿੰਦੀ, ਕੱਪੜਿਆਂ ਦਾ ਬਾਜ਼ਾਰ ਉਸ ਨੂੰ ਆਧੁਨਿਕ ਦੇ ਭੁਲਾਵੇ ਥੱਲੇ ਰੱਖ ਰਿਹਾ ਹੈ। ਜਿਵੇਂ ਔਰਤ ਜਗੀਰੂ-ਪ੍ਰਬੰਧ ਸਾਹਵੇਂ ਆਪਣੇ ਸਮਰਪਣ ਦੀਆਂ ਆਤਮਸਾਤ ਕੀਤੀਆਂ ਹੋਈਆਂ ਮਾਨਸਿਕ-ਬੁਣਤਰਾਂ ਤੋਂ ਵਰਤਮਾਨ ਵਿੱਚ ਵੀ ਖਹਿੜਾ ਨਹੀਂ ਛੁਡਾ ਪਾ ਰਹੀ ਤੇ ਆਪਣੇ-ਆਪ ਨੂੰ



ਹੀ ਵਸਤ ਬਣਾ ਪੇਸ਼ ਕਰਨ ਵਾਲੀਆਂ ਵਸਤਾਂ ਦਾ ਖ਼ੂਬ ਉਪਭੋਗ ਕਰ ਰਹੀ ਹੈ, ਉਵੇਂ ਹੀ ਮਰਦ, ਜਿਸਦੇ ਅੱਗੇ ਅਸਲ ਵਿੱਚ ਇਹ ਬਾਜ਼ਾਰ ਪਰੋਸਿਆ ਜਾ ਰਿਹਾ ਹੈ, ਜਗੀਰੂ-ਪ੍ਰਬੰਧ ਵਿਚਲੇ ਔਰਤ ਦੇ 'ਮਾਲਕ-ਮਰਦ' ਦੇ ਰੋਲ ਵਿੱਚ ਵਿਚਰਦਾ ਔਰਤ ਨੂੰ ਬੇਜਾਨ ਵਸਤ-ਕਮ-ਦਾਸੀ ਵਜੋਂ ਸਮਝ ਵਿਵਹਾਰ ਕਰ ਰਿਹਾ ਹੈ। ਦੋਹੇਂ ਬਾਜ਼ਾਰ ਦੀ ਸੱਭਿਆਚਾਰਕ-ਮਨੋਵਿਗਿਆਨਕ ਅਵਸ਼ੇਸ਼ਾਂ ਦੇ ਸਿਰ 'ਤੇ ਉਸਾਰੀ ਮੰਡੀ ਦੀ ਰਾਜਨੀਤੀ ਵਿੱਚ ਉਸ ਆਧੁਨਿਕ-ਚੇਤਨਾ ਤੋਂ ਵੀ ਵਿਰਵੇ ਰਹਿ ਗਏ, ਜਿਸ ਨੇ ਜ਼ਾਹਿਰ ਹੀ ਮਰਦ-ਔਰਤ ਦੇ ਸੰਬੰਧ 'ਤੇ ਵੀ ਕੋਈ ਹੋਰ ਅਸਰ ਪਾਉਣਾ ਸੀ। ਇਸ ਨਾਲ ਭਾਰਤ ਦੇ ਸੁਨਹਿਰੀ ਦਸਤਕਾਰੀ-ਕਾਲ ਦੀ ਅੰਗਰੇਜ਼ਾਂ ਹੱਥੋਂ ਹੋਈ ਬਰਬਾਦੀ ਤੇ ਇੰਝ ਭਾਰਤ ਦੇ ਆਰਥਿਕ-ਢਾਂਚੇ ਦੇ ਕੁਦਰਤੀ-ਵਿਕਾਸ 'ਚ ਖ਼ਲਲ ਤੇ ਫਿਰ ਇੱਕ ਦਮ ਹੀ ਨਵ-ਉਦਾਰਵਾਦੀ ਨੀਤੀਆਂ ਦੀ ਸਾਜ਼ਿਸ਼ੀ ਦਖ਼ਲਅੰਦਾਜ਼ੀ ਨੂੰ ਸਹਿਜੇ ਹੀ ਜੋੜ ਸਕਦੇ ਹਾਂ। ਜੇ ਇੰਝ ਅਸੀਂ ਭਾਰਤੀ 'ਆਧੁਨਿਕ-ਚੇਤਨਾ' ਵਾਲੇ ਹੀ ਨਾ ਹੋਏ ਤਾਂ ਸਾਡੇ ਕਾਮਰੇਡਾਂ ਸੋਸ਼ਲਿਜ਼ਮ ਦੀ ਬਰਾਬਰੀ ਨੂੰ ਕਿੰਝ ਜ਼ਿਹਨ ਅੰਦਰ ਬਿਠਾ ਔਰਤ ਨਾਲ ਵਿਵਹਾਰ ਕਰਨਾ ਜਾਂ ਸੰਬੰਧ ਸਥਾਪਿਤ ਕਰਨਾ ਸੀ (ਕਿਤਾਬ ਦਾ ਬਹੁਤਾ ਹਿੱਸਾ ਕਾਮਰੇਡ ਪਤੀ ਨੂੰ ਸੰਬੋਧਿਤ ਹੈ)। ਸਵਾਲ ਹੈ ਕਿ ਉਨ੍ਹਾਂ ਆਪਣੇ ਸਮਾਜਿਕ-ਆਰਥਿਕ ਢਾਂਚੇ ਦੀ ਕੋਈ ਸਮਝ ਬਣਾਈ ਸੀ? ਬਰਾਬਰੀ ਸਿਰਫ ਕਹਿਣ 'ਤੇ ਨਹੀਂ, ਸਮਝਣ ਤੇ ਅਪਣਾਉਣ 'ਤੇ ਟਿਕੀ ਹੈ। ਇਸ ਤਰ੍ਹਾਂ ਮਰਦ ਤੇ ਔਰਤ ਦੋਹੇਂ ਧਿਰਾਂ ਹੀ ਸਗੋਂ ਵੱਧ ਪੁਰਾਣੇ ਪਿਤਰਕੀ-ਤੰਤਰ ਦੀ ਦਲਦਲ ਵਿਚ ਧਸਦੀਆਂ ਗਈਆਂ। ਇੱਥੇ ਇਸ਼ਾਰਾ ਔਰਤ ਦੇ ਸਮਰਪਣ ਜਾਂ ਵਿਦਰੋਹੀ ਹੋਣ ਦੇ ਬਾਵਜੂਦ ਉਸਦੇ ਵਿਦਰੋਹ 'ਤੇ ਲੱਗਦੀਆਂ ਸੀਮਾਵਾਂ ਤੇ ਮਰਦ ਦੇ ਜਗੀਰੂ-ਵਿਵਹਾਰ ਵੱਲ ਹੈ। ਭਾਵੇਂ ਉਹ ਜਗੀਰਾਂ ਜਿਨ੍ਹਾਂ ਦੇ ਸਿਰ 'ਤੇ ਇਹ ਖੇਡ ਖੇਡੀ ਜਾਂਦੀ ਸੀ ਕਦੇ, ਨਹੀਂ ਰਹੀਆਂ। ਚਾਮੜੀਆ ਜੀ ਦੀ ਪੁਸਤਕ ਵਿਚਲੀ ਔਰਤ ਦਾ ਵਿਦਰੋਹ ਤੇ ਇਸ ਦੀ ਸੀਮਾ ਤੇ ਮਰਦ ਦੀ ਮਾਲਕਾਨਾ ਪ੍ਰਵਿਰਤੀ ਦੇ ਅਧਿਐਨ ਹਿੱਤ ਇਹ ਗੱਲਾਂ ਵਿਚਾਰਨੀਆਂ ਬਣਦੀਆਂ ਹਨ। ਅੱਜ ਦਾ ਪਰਿਵਾਰ ਤੇ ਘਰ ਉੱਤਰ ਆਧੁਨਿਕ ਦੌਰ ਦੀ ਮੰਡੀ ਦੀ ਐਸੀ ਸਪੇਸ ਹੈ ਜਿਸ ਦਾ ਰੂਪ ਜਗੀਰੂ ਸਮਿਆਂ ਦੇ ਸਾਂਝੇ-ਪਰਿਵਾਰ ਦੀ ਸੰਰਚਨਾ ਤੋਂ ਵੱਖਰਾ ਹੈ। ਉਦਯੋਗਿਕ-ਇਨਕਲਾਬ ਨਾਲ ਜ਼ਮੀਨ 'ਤੇ ਮਾਲਕੀ ਦਾ ਨਿਜ਼ਾਮ ਪਰਿਵਾਰ ਨੂੰ ਨਿਊਕਲੀਅਰ-ਸ਼ੈਲੀ ਤੱਕ ਲੈ ਆਉਂਦਾ ਹੈ। ਦੂਜੇ ਪਾਸੇ ਉੱਤਰਆਧੁਨਿਕਤਾਵਾਦੀ- ਉਪਭੋਗਤਾਵਾਦ ਮਨੁੱਖ ਦੇ ਅਵਚੇਤਨ ਵਿੱਚ ਪਏ ਸਾਰੇ ਜਗੀਰੂ-ਮੁੱਲਾਂ ਨੂੰ ਮੰਡੀ ਵਿੱਚ ਵਸਤਾਂ ਲਾਂਚ ਕਰਨ ਲਈ ਮੀਡੀਆ-ਉਪਕਰਨ ਰਾਹੀਂ ਲਗਾਤਾਰ ਮਘਾਈ ਰੱਖ ਰਿਹਾ ਹੈ। ਸਾਡੀਆਂ ਰਾਜਨੀਤਕ ਪਾਰਟੀਆਂ ਦੀ ਖੇਡ ਦੀ ਲੋੜ ਵੀ ਅਜਿਹੇ ਹੀ ਪੁਰਾਣੇ ਸੱਭਿਆਚਾਰਕ-ਅਵਸ਼ੇਸ਼ਾਂ ਦੀ ਵਰਤੋਂ 'ਤੇ ਟਿਕੀ ਹੈ। ਔਰਤ ਤੇ ਮਰਦ ਦੇ ਜਿਨਸੀ-ਰਿਸ਼ਤੇ ਇੰਡਸਟਰੀ ਦੇ ਦੌਰ ਕਾਰਨ ਆਉਣ ਵਾਲੀ ਚੇਤਨਾ ਤੇ ਇਸ ਦੇ ਉੱਤਰਆਧੁਨਿਕ ਅਪਹਰਣ ਵਿਚਾਲੇ ਲਗਾਤਾਰ ਤਣਾਉ ਵਿੱਚ ਹਨ। ਔਰਤ ਆਜ਼ਾਦੀ ਦਾ ਰਾਹ ਇਸ ਪਿਤਰਕੀ ਆਧਾਰਿਤ ਖਪਤਵਾਦੀ-ਤੰਤਰ ਦੀ ਰਾਜਨੀਤੀ ਤੋਂ ਬਗਾਵਤ ਤੇ ਮੁਕਤੀ ਵਿੱਚ ਨਹੀਂ ਬਲਕਿ ਆਪ ਖਪਤ ਦੀ ਵਸਤੂ ਬਣਨ ਵਿੱਚ ਦੇਖਣ ਲੱਗੀ ਹੈ, ਜੋ ਉਸ ਦੇ ਫਿਊਡਲੀ ਸਮਰਪਣ ਦੇ ਸੰਸਕਾਰਾਂ ਦਾ ਹੀ ਬਾਜ਼ਾਰੀਕਰਨ ਹੈ। ਤੇ ਮਰਦ ਵੀ ਉਨ੍ਹਾਂ ਹੀ ਭੋਗਕਰਤਾ ਤੇ ਮਾਲਕ ਹੋਣ ਦੇ ਸੰਸਕਾਰਾਂ ਰਾਹੀਂ ਨਵੇਂ ਖਪਤਵਾਦੀ ਸੱਭਿਆਚਾਰ ਦੇ ਉਪਭੋਗੀ ਵਜੋਂ ਵਿਚਰ ਰਿਹਾ ਹੈ। ਘਰ ਤੇ ਪਰਿਵਾਰ ਦਾ ਅਜੋਕਾ ਸਰੂਪ ਇਸੇ ਤਣਾਓ ਦੀ ਸਪੇਸ ਹੈ। ਇਸ ਪੁਸਤਕ ਵਿਚਲੇ ਤੱਥਾਂ ਨੂੰ ਅੱਜ ਦੇ ਆਰਥਿਕ-ਸਮਾਜਿਕ-ਸੱਭਿਆਚਾਰਕ ਦ੍ਰਿਸ਼ ਵਿਚਲੇ ਮਰਦ-ਔਰਤ ਸਬੰਧਾਂ ਤੇ ਇਸ ਦੇ ਅਸਾਵੇਂਪਨ ਪ੍ਰਤੀ ਔਰਤ ਦੀ ਵੰਗਾਰ ਦੇ ਦਸਤਾਵੇਜ਼ ਵਜੋਂ ਸਮਝਿਆ ਜਾ ਸਕਦਾ ਹੈ।

# 'ਗੁਲਾਬੀ ਨਗ ਵਾਲੀ ਮੁੰਦਰੀ' ਦਾ ਪਿਛੋਕੜ/- ਅਵਤਾਰ ਸਿੰਘ ਬਿਲਿੰਗ




*ਅਵਤਾਰ ਸਿੰਘ ਬਿਲਿੰਗ ਕਿਸਾਨੀ ਅਨੁਭਵ ਨੂੰ ਭਰਵੇਂ ਰੂਪ ਵਿਚ ਪੇਸ਼ ਕਰਨਾ ਵਾਲਾ ਨਾਵਲਕਾਰ ਹੈ। ਜੇ ਮੈਂ ਇਹ ਕਹਿ ਲਵਾ ਕਿ ਪੰਜਾਬੀ ਨਾਵਲ ਹੈ ਹੀ ਕਿਸਾਨੀ ਦਾ ਤਾਂ ਇਹ ਕੋਈ ਅਚੰਭੇ ਵਾਲੀ ਗੱਲ ਨਹੀਂ ਹੈ। ਬਿਲਿੰਗ ਦੀ ਇਹ ਵਿਲੱਖਣਤਾ ਹੈ ਕਿ ਉਸ ਨੇ ਕਿਸਾਨੀ ਪਾਤਰ ਤਾਂ ਨਾਵਲ ਵਿਚ ਲਏ ਹਨ ਪਰ ਨਾਵਲ ਪੇਂਡੂ ਸਮਾਜ ਦੇ ਹੋਰ ਵਰਗ, ਜਾਤਾਂ ਉਨ੍ਹਾਂ ਦੇ ਕਿਸਾਨੀ ਨਾਲ ਸਬੰਧਾਂ ਨੂੰ ਵੀ ਨਾਵਲੀ ਬਿਰਤਾਂਤ ਦਾ ਅਧਾਰ ਬਣਾਇਆ ਹੈ। 'ਗੁਲਾਮੀ ਨਗ ਵਾਲੀ ਮੁੰਦਰੀ' ਵਿਚ ਉਸ ਨੇ ਨਵੀਂ ਪੀੜ੍ਹੀ ਨੂੰ ਲਿਆ ਹੈ ਜਿਨ੍ਹਾਂ ਵਿਚ ਜਾਤ-ਪਾਤ ਦਾ ਕੋਈ ਟੈਬੂ ਨਹੀਂ ਹੈ। ਅੰਤਰਜਾਤੀ ਵਿਆਹ ਉਨ੍ਹਾਂ ਲਈ ਅੱਲੋਕਾਰੀ ਗੱਲ ਨਹੀਂ। ਜ਼ਮੀਨਾ ਦੇ ਕਬਜ਼ੇ ਇਹ ਜੱਟ ਕਿਸਾਨੀ ਦਾ ਆਮ ਵਰਤਾਰਾ ਹੈ। ਪਿੰਡ ਵਿਚ ਜੱਟ ਵਾਂਗ ਵਿਚਰਦਾ ਕਿਸਾਨ ਪਾਤਰ ਸ਼ਹਿਰ ਜਾਂ ਕੇ ਮਾਨਸਿਕ ਪੀੜ ਹੰਢਾਉਂਦਾ ਹੈ। ਇਹ ਦੁਖਾਂਤ ਨਾਵਲ ਦੇ ਕੇਂਦਰ ਵਿਚ ਹੈ। ਜ਼ਮੀਨ ਨਾਲ ਮੋਹ ਇਹ ਘਸ ਚੁੱਕੀ ਮਾਨਸਿਕਤਾ ਹੈ। ਅਜਿਹੇ ਬਿਰਤਾਂਤ ਹਰ ਕਿਸਾਨੀ ਨਾਵਲ ਵਿਚ ਸਿੱਧੇ ਅਸਿੱਧੇ ਤਰੀਕੇ ਨਾਲ ਆ ਜਾਂਦੇ ਹਨ। ਸ਼ਹਿਰ ਗਏ ਜੱਟ ਪਰਿਵਾਰ ਦੀ ਦੂਜੀ ਪੀੜ੍ਹੀ ਦੇ ਆਪਣੇ ਸਮਾਜਿਕ ਸਰੋਕਾਰ ਹਨ। ਬਿਲਿੰਗ ਨੇ ਆਪਣੇ ਨਾਵਲ ਵਿਚ ਦਲਿਤ ਕੁੜੀ ਨਾਲ ਜੱਟ ਮੁੰਡੇ ਨਾਲ ਵਿਆਹ ਕਰਵਾ ਕੇ ਅੰਬੇਡਕਰੀ ਚਿੰਤਨ ਨੂੰ ਲੈ ਕੇ ਆਂਦਾ ਹੈ। ਫਿਉਡਿਲ ਸੋਚ ਵਾਲੇ ਸਾਧੂ ਸਿੰਘ ਤੇ ਉਹਦੇ ਰਿਸ਼ਤੇਦਾਰ ਅੰਤਰਜਾਤੀ ਵਿਆਹ ਦਾ ਵਿਰੋਧ ਕਰਕੇ ਨਾਵਲ ਵਿਚ ਸੰਕਟ ਖੜਾ ਕਰ ਦਿੰਦੇ ਹਨ। ਬਿਲਿੰਗ ਏਥੇ ਵਿਚਾਰਧਾਰਕ ਤੌਰ ਤੇ ਮਾਨਵਵਾਦੀ ਹੋ ਜਾਂਦਾ ਹੈ। ਬਿਲਿੰਗ ਕੋਲ ਰੌਚਿਕ ਭਾਸ਼ਾ ਹੈ, ਢਾਹੇ ਦੀ ਠੁੱਕ ਵਾਲੀ ਭਾਸ਼ਾ ਹੈ, ਜਿਸ ਨਾਲ ਉਹ ਪਾਠਕ ਨੂੰ ਆਪਣੇ ਨਾਲ ਤੋਰੀ ਰੱਖਦਾ ਹੈ। ਹੇਠਾਂ ਬਿਲਿੰਗ ਦਾ ਨਾਵਲ ਬਾਰੇ ਸਵੈ ਬਿਰਤਾਂਤ ਦਿੱਤਾ ਜਾ ਰਿਹਾ ਹੈ।*

***-ਭਗਵੰਤ ਰਸੂਲਪੁਰੀ***

**'ਗੁਲਾਬੀ ਨਗ ਵਾਲੀ ਮੁੰਦਰੀ' (ਪ੍ਰਕਾਸ਼ਕ: ਐਵਿਸ ਪਬਲੀਕੇਸ਼ਨ, ਦਿੱਲੀ, ਮੁੱਲ** 350/-) ਮੇਰਾ ਸੱਤਵਾਂ ਨਾਵਲ ਹੈ। ਗੁਲਾਬੀ ਰੰਗ ਭਾਰਤੀ ਸਭਿਆਚਾਰ ਵਿਚ ਸ਼ਗਨਾਂ ਦਾ ਪ੍ਰਤੀਕ ਹੈ। ਨਗ ਕਿਉਂਕਿ ਕੀਮਤੀ ਹੁੰਦਾ, ਇਸ ਲਈ ਧਨ ਦੌਲਤ ਨੂੰ ਸੁਝਾਉਂਦਾ ਹੈ। ਮੁੰਦੀ, ਮੁੰਦਰੀ, ਅੰਗੂਠੀ ਜਾਂ ਸ਼ਾਪ- ਵਿਆਹ ਬੰਧਨ ਦਾ ਚਿੰਨ੍ਹ ਹੈ। ਇਹ ਨਾਵਲ ਸਿੱਧੇ ਤੌਰ ਉੱਤੇ ਵਿਆਹ ਦੀ ਸੰਸਥਾ ਨੂੰ ਸੰਬੋਧਿਤ ਹੈ। ਪਰੰਪਰਾ ਅਨੁਸਾਰ, ਵਿਆਹ ਆਪਣੀ ਜਾਤੀ ਵਿਚ, ਕਿੰਨੇ ਗੋਤ ਵਿਚਾਰ ਕੇ,ਖਰਾ ਹੱਡ ਦੇਖ ਕੇ ਕੀਤਾ ਜਾਂਦਾ ਸੀ। ਹਰ ਜਾਤੀ ਦਾ ਬੰਦ ਸਭਿਆਚਾਰ ਸੀ। ਪਰ ਸਮੇਂ ਦੇ ਬੀਤਣ ਨਾਲ ਇਸ ਬੰਦ ਸਮਾਜ ਵਿਚ ਵਿਰਲਾਂ ਪੈਣੀਆਂ ਕੁਦਰਤੀ ਸਨ ਕਿਉਂਕਿ ਵਿੱਦਿਆ ਦੇ ਪਾਸਾਰ ਨਾਲ ਲੋਕਾਂ ਦਾ ਇਕ ਦੂਜੇ ਨਾਲ ਮੇਲ ਮਿਲਾਪ ਵੱਧਣ ਲੱਗਿਆ। ਸੋ ਨੌਜਵਾਨ ਪੀੜ੍ਹੀ ਵਿਚ ਆਪਸੀ ਖਿੱਚ ਹੋਣੀ ਵੀ ਸੁਭਾਵਿਕ ਸੀ। ਜਿਥੇ ਇਕੋ ਗੋਤ ਵਿਚ ਵਿਆਹ ਹੋਣ ਲੱਗੇ ਉਥੇ ਅੰਤਰਜਾਤੀ ਵਿਆਹ ਹੋਣੇ ਵੀ ਸੁਭਾਵਿਕ ਸਨ। ਪਰ ਅੰਤਰਜਾਤੀ ਵਿਆਹਾਂ ਨੂੰ ਮਾਪਿਆਂ ਦੀ ਬਹੁਤ ਘੱਟ ਪਰਵਾਨਗੀ ਮਿਲਦੀ। ਜ਼ਿਆਦਾ ਹਾਲਤਾਂ ਵਿਚ ਟਕਰਾਅ ਹੋਣਾ ਸੁਭਾਵਿਕ ਹੁੰਦਾ।

ਪੰਜਾਬ ਵਿਚ ਸਿੱਖੀ ਦੇ ਪ੍ਰਭਾਵ ਕਾਰਨ ਬੇਸ਼ੱਕ ਭਾਰਤ ਦੇ ਬਾਕੀ ਹਿੱਸਿਆਂ ਜਿੰਨਾ ਸੰਕੀਰਣ ਸਮਾਜ



ਨਹੀਂ, ਪਰ ਫੇਰ ਵੀ ਇਥੇ ਤਿੰਨ ਵਰਗਾਂ ਵਿਚਕਾਰਲੀਆਂ ਵੱਟਾਂ ਅਜੇ ਮਿਟੀਆਂ ਨਹੀਂ। ਸਮਾਜ ਦੇ ਉਹ ਤਿੰਨ ਹਿੱਸੇ ਹਨ- ਸਵਰਨ ਸਮਾਜ, ਪੱਛੜਿਆ ਵਰਗ ਅਤੇ ਦਲਿਤ ਭਾਈਚਾਰਾ। ਇਹਨਾਂ ਵਿਚ ਅੱਗੇ ਹੋਰ ਜਾਤਾਂ ਹਨ। ਜਾਤਾਂ ਅੰਦਰ ਜਾਤਾਂ ਹਨ। ਆਜ਼ਾਦੀ ਮਗਰੋਂ ਕਰੂਰ ਕਿਸਮ ਦੀ ਛੂਆ ਛੂਤ ਖਤਮ ਹੋ ਚੁੱਕੀ ਹੈ। ਤਿੰਨਾਂ ਵਿਚਕਾਰ ਆਪਸੀ ਸਹਿਚਾਰ ਹੋਰ ਵੀ ਵਧਿਆ ਹੈ। ਗ਼ਮੀ ਸ਼ਾਦੀ ਵਿਚ ਜਾਣਾ ਆਉਣਾ ਆਮ ਹੋ ਗਿਆ ਹੈ। ਉਪਰਲੇ ਦੋ ਭਾਈਚਾਰਿਆਂ ਵਿਚ ਅੰਤਰਜਾਤੀ ਵਿਆਹ ਵੀ ਕਾਫੀ ਹੋਣ ਲੱਗੇ ਹਨ। ਟਕਰਾਅ ਉਦੋਂ ਹੁੰਦਾ, ਜਦੋਂ ਸਵਰਨ ਜਾਤੀ ਦਾ ਕੋਈ ਜਵਾਕ ਦਲਿਤ ਭਾਈਚਾਰੇ ਵਿਚੋਂ ਜਾਂ ਦਲਿਤ ਪਿਛੋਕੜ ਵਾਲਾ ਉੱਚ ਵਰਗ ਵਿਚੋਂ ਆਪਣੇ ਮਨ ਦਾ ਮੀਤ ਚੁਣ ਲੈਂਦਾ ਹੈ। ਜੇ 'ਗੁਲਾਬੀ ਨਗ ਵਾਲੀ ਮੁੰਦਰੀ' ਵਿਚ ਦੇਖੀਏ ਤਾਂ ਉਸਦੀ ਇਕ ਮੁੱਖ ਪਾਤਰ ਸੱਤੀ, ਜੋ ਸਵਰਨ ਜੱਟ ਜਾਤ ਨਾਲ ਸੰਬੰਧ ਰੱਖਦੀ, ਕਿਸੇ ਸਰਕਾਰੀ ਸਕੂਲ ਵਿਚ ਹੈੱਡਮਿਸਟਰੈੱਸ / ਪ੍ਰਿੰਸੀਪਲ ਹੈ। ਉਸਨੂੰ ਹਰ ਰੋਜ਼ ਰੋਟੀ ਗਰਮ ਕਰਕੇ ਖਵਾਉਣ ਤੇ ਚਾਹ ਪਾਣੀ ਪਿਲਾਉਣ ਵਾਲੀ ਪੀਅਨ ਮੁਖਤਿਆਰੋ ਨਿਮਨ ਵਰਗ ਵਿਚੋਂ ਹੈ। ਇਥੇ ਤੱਕ ਸੱਤੀ ਨੂੰ ਕੋਈ ਅਲਕਤ ਨਹੀਂ ਆਉਂਦੀ। ਇਸੇ ਤਰਾਂ,ਸੱਤੀ ਦਾ ਪਤੀ ਸਾਧੂ ਸਿੰਘ ਜੋ ਬੈਂਕ ਅਫਸਰ ਹੈ, ਬੈਂਕ ਵਿਚ ਆਪਣੀ ਨਿਮਨ ਵਰਗ ਮਤਹਿਤ ਨਾਲ ਵਿਚਰਦਾ ਹੈ ਅਤੇ ਡਿਊਟੀ ਟਾਈਮ ਮਗਰੋਂ ਸ਼ਰਾਬੀ ਹੋਇਆ, ਉਸ ਦਰਜਾ ਚਾਰ ਭਈਆ ਰਾਣੀ ਨਾਲ ਜਿਨਸੀ ਸੰਬੰਧ ਬਣਾਉਣ ਵਿਚ ਕੋਈ ਹਿਚਕਚਾਹਟ ਮਹਿਸੂਸ ਨਹੀਂ ਕਰਦਾ। ਪਰ ਇਸ ਦੰਪਤੀ ਦਾ ਵੱਡਾ ਲੜਕਾ ਲਾਡੀ, ਜਦੋਂ ਆਪਣੀ ਸਹਿਪਾਠਣ ਰਹੀ ਰਾਣੋ ਨਾਲ ਪ੍ਰੇਮ ਕਰਦਾ, ਵਿਆਹ ਦਾ ਪ੍ਰਸਤਾਵ ਮਾਪਿਆਂ ਅੱਗੇ ਰੱਖਦਾ, ਤਾਂ ਪੜ੍ਹੇ ਲਿਖੇ ਮਾਪੇ ਇਕ ਲੇਖੇ ਨਾਲ ਪਾਗ਼ਲ ਹੋ ਜਾਂਦੇ ਹਨ। ਪਿਤਾ ਹਰ ਰੋਜ਼ ਸ਼ਰਾਬੀ ਰਹਿਣ ਲੱਗਦਾ। ਉਸਨੂੰ ਮਾੜੇ ਝੁਕਾਅ ਦਿਸਦੇ, ਭੈੜੇ ਫੁਰਨੇ ਫੁਰਦੇ ਅਤੇ ਆਪਣਾ ਘਰ ਪਰਿਵਾਰ ਤਬਾਹ ਹੋਇਆ ਜਾਪਦਾ। ਮਾਤਾ, ਪਿਤਾ ਅਤੇ ਲਾਡੀ ਤਿੰਨੇ ਮਾਨਸਿਕ ਮਰੀਜ਼ ਬਣ ਜਾਂਦੇ। ਲਾਡੀ ਵੀ ਦਵਾਈਆਂ ਦੇ ਮਾਰੂ ਅਸਰ ਅਤੇ ਇਕ ਤੀਬਰ ਵੇਗ ਦੇ ਅਤ੍ਰਿਪਤ ਰਹਿਣ ਨਾਲ ਵਿਆਹ ਦੀ ਸੰਸਥਾ ਤੋਂ ਹੀ ਮੁੱਕਰੀ ਖਾ ਜਾਂਦਾ ਹੈ। ਬੇਸ਼ੱਕ ਉਦੋਂ ਤੱਕ ਰਾਣੋ ਨੇ ਉੱਚ ਵਿੱਦਿਆ ਪ੍ਰਾਪਤ ਕਰ ਲਈ ਹੁੰਦੀ। ਮਾੜੀ ਗੱਲ,ਲਾਡੀ ਦੀ ਭੈਣ ਬੇਬੀ ਵੀ ਅੰਤਰਜਾਤੀ ਵਿਆਹ ਦਾ ਬਿਗਲ ਵਜਾ ਦਿੰਦੀ ਹੈ। ਇਸ ਪਰਿਵਾਰਕ ਕਲੇਸ਼ ਨੂੰ ਨਾ ਸਹਿੰਦਾ ਹੋਇਆ, ਇਸ ਟੱਬਰ ਦਾ ਉੱਚੀ ਅਕਾਂਖਿਆ ਰੱਖਦਾ ਛੋਟਾ ਭਾਵੁਕ ਲੜਕਾ ਖੁਦਕੁਸ਼ੀ ਕਰ ਜਾਂਦਾ ਹੈ। ਆਪਣੀ ਉਲਾਦ ਲਈ ਜੀਵਨ ਨਿਛਾਵਰ ਕਰਨ ਵਾਲੇ ਪੜ੍ਹੇ ਲਿਖੇ ਮਾਪੇ ਪੁਰਾਣੀਆਂ ਕਦਰਾਂ ਕੀਮਤਾਂ ਨੂੰ ਪਰਨਾਏ,ਫੋਕੀ ਹਉਮੈਂ ਪਿੱਛੇ ਸਾਰੇ ਪਰਿਵਾਰ ਦੇ ਜੀਵਨ ਨੂੰ ਨਰਕ ਵਿਚ ਬਦਲ ਦਿੰਦੇ ਹਨ ਜਦੋਂਕਿ ਇਸਦੇ ਉਲਟ ਕਾਲਜ ਲੈਕਚਰਾਰ ਲੱਗੀ ਰਾਣੋ ਕੋਲ ਪੜ੍ਹਦਾ ਰਿਹਾ ਤੇ ਲੋਕ ਗੀਤ ਇਕੱਠੇ ਕਰਨ ਵਿਚ ਉਸਦੀ ਮਦਦ ਕਰਨ ਵਾਲਾ, ਲਾਡੀ ਦਾ ਚਚੇਰ ਭਰਾ ਆਪਣੇ ਅਨਪੜ੍ਹ ਮਾਪਿਆਂ ਤੇ ਭੂਆ ਦੀ ਸਹਿਮਤੀ ਨਾਲ ਹੈਰਾਨੀਜਨਕ ਫੁਰਤੀ ਦਿਖਾਉਂਦਾ,ਰਾਣੋ ਨਾਲ ਕੋਰਟ ਮੈਰਿਜ ਕਰਵਾਉਂਦਾ, ਆਸਟਰੇਲੀਆ ਲਈ ਰਵਾਨਾ ਹੋ ਜਾਂਦਾ ਹੈ ਜਿੱਥੇ ਆਸ ਕੀਤੀ ਜਾਂਦੀ ਕਿ ਉਹ ਊਂਜ ਰਹਿਤ, ਸੁੱਖ ਦੀ ਜ਼ਿੰਦਗੀ ਜਿਊਣਗੇ ਕਿਉਂਕਿ ਉਥੇ ਭਾਰਤ ਵਾਂਗ ਜਾਤ ਪਾਤ ਪ੍ਰਚਲਤ ਨਹੀਂ। ਅਸਲ ਵਿਚ ਭਾਰਤੀ ਸਮਾਜ ਨੂੰ ਸਭ ਤੋਂ ਵੱਧ ਨੁਕਸਾਨ ਧਰਮਾਂ ਅਤੇ ਜਾਤਾਂ ਦੀ ਸੰਕੀਰਣਤਾ ਨੇ ਹੀ ਪਹੁੰਚਾਇਆ ਹੈ।

ਮੇਰਾ ਇਹ ਨਾਵਲ ਇਸ ਵਿਸ਼ੇ ਨੂੰ ਜ਼ਿਆਦਾ ਮਨੋਵਿਗਿਆਨਕ ਨਜ਼ਰੀਏ ਤੋਂ ਸੰਬੋਧਿਤ ਹੈ ਅਤੇ ਉਸ ਯਥਾਰਥ ਨੂੰ ਚਿਤਰਨ ਲਈ ਮਨ ਬਚਨੀ, ਮਨੋਵਿਗਿਆਨਕ ਬਿਰਤਾਂਤ ਵਿਧੀ ਹੀ ਅਪਨਾਈ ਗਈ ਹੈ। ਸਾਧੂ ਸਿੰਘ ਅਤੇ ਸੱਤੀ ਤੋਂ ਇਲਾਵਾ ਉਹਨਾਂ ਦੇ ਬੱਚੇ -ਲਾਡੀ, ਬੇਬੀ, ਮਿੰਟੂ ਅਤੇ ਲਾਡੀ ਦੀ ਪ੍ਰੇਮਿਕਾ ਰਾਣੋ ਹੀ ਇਸਦੇ ਮੁੱਖ ਪਾਤਰ ਹਨ। ਬੇਸ਼ੱਕ ਸਾਧੂ ਸਿੰਘ ਦੇ ਸਾਂਝੇ ਪਰਿਵਾਰ ਸੰਬੰਧੀ, ਗੁੱਡੀ ਭੂਆ ਅਤੇ ਰਾਣੋ ਦੇ ਪਰਿਵਾਰ ਨਾਲ ਸੰਬੰਧਿਤ,ਬੇਬੀ ਦੇ ਗੁਪਤ ਇਸ਼ਕ ਬਾਰੇ ਹੋਰ ਵੀ ਕਈ ਸਬ ਪਲਾਟ ਇਸ ਮੁੱਖ ਕਹਾਣੀ ਵਿਚ ਗੁੰਦੇ ਗਏ ਹਨ। ਇਸ ਨਾਵਲ ਵਿਚਲੀ ਬੋਲੀ ਵੀ ਪਿੰਡ ਤੋਂ ਸ਼ਹਿਰ ਵਿਚ ਹਿਜਰਤ ਕਰ ਚੁੱਕੀ ਸਾਡੀ ਮੱਧ ਸ਼ਰੇਣੀ ਵਾਲੀ ਹੀ ਵਰਤੀ ਗਈ ਹੈ।

## ਮੇਰਾ ਸਟੱਡੀ ਟੇਬਲ/- ਭਗਵੰਤ ਰਸੂਲਪੁਰੀ


ਸਟੱਡੀ ਟੇਬਲ ਤੇ ਹਰ ਤਿੰਨ ਮਹੀਨੇ ਬਾਅਦ ਕਾਫ਼ੀ ਕਿਤਾਬਾਂ ਤੇ ਰਸਾਲੇ ਇਕੱਠੇ ਹੋ ਜਾਂਦੇ ਹਨ। ਪਰਚਿਆਂ ਵਿਚੋਂ ਸਾਰਾ ਮੈਟਰ ਪੜ੍ਹਨਾ ਨਾ ਮੁਮਕਿਨ ਹੀ ਨਹੀਂ ਹੁੰਦਾ। ਜੋ ਚੰਗਾ ਲਗਦਾ ਏ ਉਸ ਨੂੰ ਪੜ੍ਹ ਲਈਦਾ ਏ। ਪੰਜਾਬੀ ਵਿਚ ਦੋ ਕਿਸਮ ਦੇ ਪਰਚੇ ਛਪ ਰਹੇ ਹਨ। ਇਕ ਤਾਂ ਜੋ ਪੁਰਾਣੇ ਪਰਚੇ ਹਨ ਉਹ ਆਪਣੀ ਚਾਲੇ ਆਪਣੇ ਸਾਧਨਾ ਨਾਲ ਚਲ ਰਹੇ ਹਨ। ਦੂਜੀ ਕਿਸਮ ਦੇ ਵਿਦੇਸ਼ੀ ਪੂੰਜੀ ਨਾਲ ਛਪਣ ਵਾਲੇ ਪਰਚਿਆ ਦੀ ਹੈ। ਮੈਂ ਇਸ ਵਰਤਾਰੇ ਨੂੰ ਮਾੜਾ ਨਹੀਂ ਕਹਿੰਦਾ। ਇਹ ਇਕ ਚੰਗਾ ਰੁਝਾਨ ਏ ਜਿਹੜੇ ਦੋਸਤ ਸਾਹਿਤਕ ਪੱਤਰਕਾਰੀ ਵਿਚ ਪੂੰਜੀ ਲਗਾ ਰਹੇ ਹਨ। ਇਨ੍ਹਾਂ ਪਰਚਿਆਂ ਦੀ ਦਿੱਖ ਕਾਫ਼ੀ ਖ਼ੂਬਸੂਰਤ ਹੁੰਦੀ ਏ। ਪਾਠਕ ਵੀ ਇਹਦੇ ਵੱਲ ਖਿੱਚੇ ਜਾਂਦੇ ਹਨ। ਲੇਖਕ ਵੀ ਇਨ੍ਹਾਂ ਵੱਲ ਵਧੇਰੇ ਖਿੱਚ ਰੱਖਦੇ ਹਨ। ਪਰਚਿਆਂ ਚੰਗਾ ਸਾਹਿਤ ਪਰਮੋਟ ਕਰਨ ਵਾਲਾ ਜੋ ਰੁਝਾਨ ਹੈ ਇਹ ਬਹੁਤ ਚੰਗਾ ਰੁਝਾਨ ਹੈ। ਪਰਚੇ ਪਾਠਕਾਂ ਦੀ ਰਾਇ ਬਣਾਉਣ ਵਿਚ ਅਹਿਮ ਰੋਲ ਅਦਾ ਕਰਦੇ ਹਨ। ਪਰ ਜਦੋਂ ਪੰਜਾਬੀ ਵਿਚ ਮੌਲਿਕ ਸਾਹਿਤ ਦੀ ਘਾਟ ਰੜਕਦੀ ਹੈ ਤਾਂ ਪਰਚੇ ਦੇ ਸੰਪਾਦਕ ਅਨੁਵਾਦ ਲਿਖਤਾਂ ਦਾ ਸਹਾਰਾ ਲੈ ਕੇ ਆਪਣੇ ਪਰਚੇ ਦਾ ਮਿਆਰ ਕਾਇਮ ਰੱਖਦੇ ਹਨ। ਮੈਂ ਵੀ ਆਪਣੇ ਪਰਚੇ ਵਿਚ ਅਨੁਵਾਦ ਛਾਪਦਾ ਰਹਿੰਦਾ ਹਾਂ ਹੋਰ ਵੀ ਛਾਪਦੇ ਹਨ। ਇਸ ਵਾਰ ਕੁਝ ਕਿਤਾਬਾਂ ਦਾ ਜ਼ਿਕਰ ਕਰਨਾ ਹੈ ਤੇ ਕੁੱਝ ਨਵੇਂ ਪਰਚਿਆਂ ਦਾ ਜ਼ਿਕਰ ਕਰਨਾ ਹੈ।

### 'ਰਚਨਾ ਸਮੇਂ' (ਹਿੰਦੀ) ਦਾ ਯਾਦਗਾਰੀ ਅੰਕ




ਰਚਨਾ ਸਮੇਂ ਦਾ ਯਾਦਗਾਰੀ ਅੰਕ 'ਸੀਮੋਨ ਦ ਬੋਅਵਾਰ' ਮੇਰੇ ਟੇਬਲ ਤੇ ਜਦੋਂ ਆਇਆ ਤਾਂ ਮੈਂ ਬਾਕੀ ਪੜ੍ਹਨਾ ਛੱਡ ਕੇ ਇਸ ਨੂੰ ਪੜ੍ਹਿਆ। ਸੀਮੋਨ ਪੰਜਾਬੀ ਪਾਠਕਾਂ ਲਈ ਜਾਣੀ ਪਛਾਣੀ ਚਿੰਤਕ ਹੈ। ਉਸ ਦੀ ਕਿਤਾਬ 'ਦ ਸੈਕੰਡ ਸੈਕਸ' ਦਾ ਪੰਜਾਬੀ ਅਨੁਵਾਦ ਪਾਠਕ ਪੜ੍ਹ ਚੁੱਕੇ ਹਨ। ਇਸ ਅੰਕ ਵਿਚ ਸੀਮੋਨ ਦੀਆਂ ਬਹੁਤ ਅਹਿਮ ਲਿਖਤਾਂ ਹਨ। ਜਿਸ ਵਿਚ ਉਨ੍ਹਾਂ ਨਾਲ ਕੀਤੀਆਂ ਮੁਲਾਕਾਤਾਂ, ਉਸ ਦੇ ਸਵੈ ਬਿਰਤਾਂਤ, ਯਾਦਾਂ, ਕਹਾਣੀ, ਖ਼ਤ, ਰੇਡੀਓ ਵਾਰਤਾ, ਲੇਖ, ਤੇ ਹੋਰ ਲੇਖ ਹਨ। 'ਮੈਂ ਨਾਸਤਿਕ ਕਿਓਂ ਹਾਂ' ਲੇਖ ਵਿਚ ਉਸ ਨੇ ਅਹਿਮ ਮੁੱਦੇ ਉਭਾਰੇ ਨੇ। ਉਹ ਕਹਿੰਦੀ ਏ 'ਇਕ ਚੀਜ਼ ਜਿਸਦੇ ਸਬੰਧ ਵਿਚ ਮੇਰੀ ਧਾਰਨਾ ਕਦੀ ਨਹੀਂ ਬਦਲੀ ਉਹ ਮੇਰਾ ਨਾਸਤਿਕ ਹੋਣਾ।' ਅੱਗੇ ਲੇਖ ਵਿਚ ਉਸ ਨੇ ਆਪਣੇ ਨਾਲ ਕੈਥੋਲਿਕ ਧਰਮ ਨਾਲ ਸਬੰਧਤਕ ਲੋਕਾਂ ਦੇ ਪ੍ਰਸੰਗ ਸਾਂਝੇ ਕੀਤੇ ਹਨ। 240 ਪੰਨਿਆ ਵਿਚ ਫੈਲਿਆ ਇਹ ਅੰਕ ਸਾਂਭਣਯੋਗ ਤੇ ਪੜ੍ਹਨ ਯੋਗ ਹੈ।

### ਮੰਤਵਯਾ ਦਾ ਮੰਤਵ




ਮੰਤਵਯਾ ਹਿੰਦੀ ਦਾ ਨਵਾਂ ਪਰਚਾ ਏ। ਉਸ ਨੇ ਹੁਣ ਤੱਕ ਭਾਵੇਂ ਦੱਸ ਅੰਕ ਪ੍ਰਕਾਸ਼ਤ ਕੀਤੇ ਹਨ। ਪਰ ਉਸ ਨੇ ਵੱਡੇ ਅਕਾਰ ਵਿਚ ਵਿਸ਼ੇਸ਼ ਅੰਕ ਛਾਪ ਕੇ ਅਹਿਮ ਭੂਮਿਕਾ ਅਦਾ ਕੀਤੀ ਏ। ਪਿਛੇ ਜਿਹੇ




ਉਸ ਨੇ ਪੰਜਾਬੀ ਕਹਾਣੀ ਤੇ ਅੰਕ 'ਮੰਤਵਯਾ-9' ਪ੍ਰਕਾਸ਼ਤ ਕੀਤਾ ਸੀ। ਕਿਉਂਕਿ ਉਸ ਵਿਚ ਇਕ ਅਨੁਵਾਦਕ ਦੀ ਚੋਣ ਸੀ ਜਿਸ ਕਾਰਨ ਉਹਦੀ ਆਪਣੀ ਸੀਮਾ ਬਣ ਗਈ ਜਿਸ ਕਾਰਨ ਸਮੁੱਚੀ ਪੰਜਾਬੀ ਕਹਾਣੀ ਦੀ ਤਸਵੀਰ ਉਭਰ ਕੇ ਸਾਹਮਣੇ ਨਹੀਂ ਆ ਸਕੀ। ਦੋ ਕਹਾਣੀਕਾਰ ਬਲਵਿੰਦਰ ਬਰਾੜ, ਗਗਨ ਦੀਪ ਸ਼ਰਮਾਂ ਤਾਂ ਅਜਿਹੇ ਸਨ ਜਿਨ੍ਹਾਂ ਦੀ ਮੈਂ ਵੀ ਕਦੇ ਕਹਾਣੀ ਨਹੀਂ ਵੇਖੀ। ਕਈ ਵੱਡੇ ਨਾਂ ਕਿਸੇ ਕਿੜ ਕਾਰਨ ਛੱਡ ਦਿੱਤੇ। ਖ਼ੈਰ! ਇਸ ਪਰਚੇ ਦਾ ਸੰਪਾਦਕ ਹਰੇ ਪ੍ਰਕਾਸ਼ ਉਪਧਿਆਏ ਅਤੇ ਸੂਰਜ ਬੜਤੀਆ ਬੜੀ ਲਗਨ ਨਾਲ ਲੱਗੇ ਹੋਏ ਹਨ। ਮੰਤਵਯਾ-10 ਵਿਚ ਸੰਤੋਸ਼ ਦੀਖਸ਼ਤ, ਪ੍ਰਭਾਤ ਰੰਜਨ, ਅੰਜੂ ਸ਼ਰਮਾ, ਰਤਨ ਤਲਾਸ਼ੀ ਤੇ ਇਕ ਜਪਾਨੀ ਕਹਾਣੀ 'ਮਸਾਂ', ਪੋਲਿਸ਼ ਕਹਾਣੀ 'ਕੜਵਾ ਨਿਵਾਲਾ' ਚੰਗੀਆਂ ਰਚਨਾਵਾਂ ਹਨ। ਇਸ ਪਰਚੇ ਦਾ ਮਾਲਕ 'ਰਸ਼ਿਮ ਪ੍ਰਕਾਸ਼ਨ' ਅਧੀਨ ਹਿੰਦੀ ਵਿਚ ਪੁਸਤਕਾਂ ਵੀ ਪ੍ਰਕਾਸ਼ਤ ਕਰਦਾ ਹੈ। ਉਸ ਦਾ ਇਹ ਉਪਰਾਲਾ ਚੰਗਾ ਹੈ।

### ਸਮਕਾਲੀ ਸਾਹਿਤ ਦਾ ਸਮਕਾਲ





ਸਮਕਾਲੀ ਸਾਹਿਤ ਦਾ ਅਪ੍ਰੈਲ-ਜੂਨ,19 ਅੰਕ ਮੇਰੇ ਮੋਹਰੇ ਹੈ। ਇਸ ਅੰਕ ਵਿਚ ਅੰਮ੍ਰਿਤਾ ਪ੍ਰੀਤਮ ਨਾਲ ਸਬੰਧਤ ਸਮੱਗਰੀ ਪੜ੍ਹਨ ਵਾਲੀ ਹੈ। ਜਸਬੀਰ ਭੁੱਲਰ, ਮੋਹਨਜੀਤ ਤੇ ਬਚਿੰਤ ਕੌਰ ਦੀ ਮੁਲਾਕਾਤ ਚੰਗੀਆਂ ਰਚਨਾਵਾਂ ਹਨ। ਪਰਮਜੀਤ ਮਾਨ ਦੀ ਕਹਾਣੀ 'ਜ਼ਖ਼ਮੀ ਰੂਹਾਂ' ਚੰਗੀ ਲੱਗੀ। ਪਰ ਸਭ ਨਾਲੋਂ ਚੰਗੀ ਲਿਖਤ ਬਾਬਰ ਦੀ ਸਵੈ ਜੀਵਨੀ ਅੰਸ਼ ਸੀ। ਜਿਸ ਨੂੰ ਸਵਰਨਜੀਤ ਕੌਰ ਸੰਮੀ ਨੇ ਅਨੁਵਾਦ ਕੀਤਾ ਹੈ। ਡਾ. ਪਰਮਜੀਤ ਢੀਂਗਰਾ ਵੱਲੋਂ ਅਨੁਵਾਦ ਟੋਨੀ ਮੋਰੀਸਨ ਦੀ ਮੁਲਾਕਾਤ ਵੀ ਪੜ੍ਹਨ ਵਾਲੀ ਹੈ। ਬਲਬੀਰ ਮਾਧੋਪੁਰੀ ਪਰਚੇ ਦੇ ਸੰਪਾਦਕ ਹਨ। ਜੋ ਕਿ ਚੰਗਾ ਮੈਟਰ ਇਕੱਠਾ ਕਰਨ ਲਈ ਕਾਫ਼ੀ ਮਿਹਨਤ ਕਰਦੇ ਹਨ।

### ਪ੍ਰਵਚਨ ਦੀਆਂ ਮਿਆਰੀ ਲਿਖਤਾਂ




ਰਜਨੀਸ਼ ਬਹਾਦਰ ਦੀ ਸੰਪਾਦਨਾ ਹੇਠ ਛਪ ਰਹੇ ਪਰਚੇ 'ਪ੍ਰਵਚਨ' ਦਾ ਇਹ 75 ਵਾਂ ਅੰਕ ਹੈ। ਹੁਣ ਤੱਕ ਪਰਚੇ ਨੂੰ ਵੀਹਵਾਂ ਸਾਲ ਲੱਗਾ ਹੋਇਆ ਹੈ। ਪਰਚਾ ਭਾਵੇਂ ਛੋਟੇ ਅਕਾਰ ਦਾ ਹੈ ਪਰ ਇਸ ਦੇ ਵਿਸ਼ੇਸ਼ ਅੰਕ ਸਮੇਂ ਸਮੇਂ ਚਰਚਾ ਦਾ ਕੇਂਦਰ ਰਹੇ ਹਨ। ਇਸ ਅੰਕ ਵਿਚ ਰਜਨੀਸ਼ ਬਹਾਦਰ ਦੀ ਸੰਪਾਦਕੀ 'ਸਮਕਾਲ, ਰਾਸ਼ਟਰਵਾਦ, ਤੇ ਆਨੰਦ ਮੱਠ' ਵਿਚਾਰ ਉਤੇਜਿਤ ਮੁੱਦਿਆਂ ਨੂੰ ਉਭਾਰਨ ਵਾਲੀ ਹੈ। ਹਰਪ੍ਰੀਤ ਕੌਰ ਦਾ ਕਹਾਣੀ ਬਾਰੇ ਲੇਖ ਵੀ ਚੰਗਾ ਹੈ। ਮਨਮੋਹਨ ਬਾਵਾ ਦੀ ਕਹਾਣੀ 'ਯਸ਼ੋਧਰਾ' ਤੇ ਪਰਮਜੀਤ ਢੀਂਗਰਾ ਦੀ ਕਹਾਣੀ 'ਸੁਰੰਗ' ਪੜ੍ਹਨ ਯੋਗ ਰਚਨਾਵਾਂ ਹਨ।


### 'ਰਾਗ' ਦਾ ਸਾਹਿਤਕ ਅਲਾਪ




ਮੇਰੇ ਹੱਥ ਵਿਚ ਰਾਗ ਦਾ ਅੱਠਵਾਂ ਅੰਕ ਹੈ। 200 ਪੰਨਿਆ ਵਿਚ ਫੈਲੇ ਇਸ ਅੰਕ ਵਿਚ ਕਾਫ਼ੀ ਵੰਨ ਸੁਵੰਨਾ ਮੈਟਰ ਹੈ। ਬਲਬੀਰ ਪਰਵਾਨਾ ਨੇ ਆਪਣੀ ਮੁਲਾਕਾਤ ਵਿਚ ਬਹੁਤ ਸਾਰੀਆਂ ਨਵੀਂਆਂ ਗੱਲਾਂ ਕੀਤੀਆਂ ਹਨ ਜੋ ਪਹਿਲਾਂ ਨਹੀਂ ਆਈਆਂ। ਚੰਗੀ ਮੁਲਾਕਾਤ ਲਈ ਗੁਰਮੀਤ ਕੜਿਆਲਵੀ ਵਧਾਈ ਦਾ ਪਾਤਰ ਏ। ਕਿਰਪਾਲ ਕਜ਼ਾਕ ਤੇ ਗੁਰਦੇਵ

ਰੁਪਾਣਾ ਦੀਆਂ ਕਹਾਣੀਆਂ ਚੰਗੀਆਂ ਹਨ। ਇਸ ਵਾਰ ਕੁਲਜੀਤ ਮਾਨ ਦੀ ਚਰਚਿਤ ਕਹਾਣੀ 'ਨੈੱਕਲੈਸ' ਦਾ ਵਿਸ਼ਲੇਸ਼ਣ ਡਾ. ਬੇਦੀ ਨੇ ਕੀਤਾ ਹੈ। ਬਲਦੇਵ ਸਿੰਘ ਸੜਕਨਾਮਾ ਦੀ ਪਤਨੀ ਨਾਲ ਮੁਲਾਕਾਤ ਸਮੇਤ ਹੋਰ ਬਹੁਤ ਸਾਰੀ ਪੜ੍ਹਨਯੋਗ ਸਮੱਗਰੀ ਪਰਚੇ ਵਿਚ ਸ਼ਾਮਿਲ ਕੀਤੀ ਗਈ ਹੈ। ਇੰਦਰਜੀਤ ਪੁਰੇਵਾਲ, ਅਜੇ ਤਨਵੀਰ, ਅਜਮੇਰ ਸਿੱਧੂ ਤੇ ਉਸ ਦੀ ਟੀਮ ਪਰਚੇ ਤੇ ਕਾਫ਼ੀ ਮਿਹਨਤ ਕਰ ਰਹੇ ਹਨ।

### 'ਕਾਵਿ ਸ਼ਾਸਤਰ' ਦੀ ਗੁਰੂ ਨਾਨਕ ਤੇ ਵਿਸ਼ੇਸ਼ ਸਮੱਗਰੀ



ਕਾਵਿ ਸ਼ਾਸਤਰ ਅੰਕ 15 ਗੁਰੂ ਨਾਨਕ ਆਗਮਨ ਤੇ ਕੇਂਦਰਿਤ ਹੈ। ਇਸ ਅੰਕ ਵਿਚ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਤਸਵੀਰਾਂ ਖਿੱਚ ਦਾ ਕੇਂਦਰ ਹਨ। ਜਿਨ੍ਹਾਂ ਨੂੰ ਵੇਖ ਸਮਝ ਕੇ ਨਾਨਕ ਦੀ ਵਿਚਾਰਧਾਰਾ, ਦ੍ਰਿਸ਼ਟੀ ਸਾਨੂੰ ਸਮਝ ਵਿਚ ਆਉਂਦੀ ਹੈ। ਇਸ ਦੇ ਨਾਲ ਨਾਲ ਨਾਨਕ ਦੀ ਵਿਸ਼ਵ ਦ੍ਰਿਸ਼ਟੀ ਨੂੰ ਪੇਸ਼ ਕਰਦੀਆਂ ਪੰਜਾਬੀ ਕਵੀਆਂ ਦੀਆਂ ਕਵਿਤਾਵਾਂ ਵੀ ਪੜ੍ਹਨਯੋਗ ਹਨ। 200+ 28 ਪੰਨੇ ਰੰਗੀਨ ਦਾ ਪਰਚਾ ਖਿੱਚ ਭਰਪੂਰ ਹੈ।

### 'ਵਾਹਗਾ' ਦੀ ਬੌਧਿਕ ਉਡਾਣ




'ਵਾਹਗਾ' ਦਾ ਇਹ ਅੱਠਵਾਂ ਅੰਕ ਹੈ। ਮੈਟਰ ਦੇ ਪੱਖੋਂ ਇਹਦਾ ਆਪਣਾ ਮਿਆਰ ਹੈ। ਇਸ ਦੇ ਹਰ ਅੰਕ ਵਿਚ ਦੋ ਚਾਰ ਲੇਖ ਕਾਫੀ ਗੰਭੀਰ ਤੇ ਬਹਿਸ ਤਲਬ ਹੁੰਦੇ ਹਨ। ਨਿਕ ਖੋਰਪ ਦਾ ਲੇਖ 'ਵਸਤ ਪਿਆਰੀ ਮੁਝ ਕੋ' ਚੰਗਾ ਲੱਗਾ। ਜਾਦੂ ਨਾਥ ਸਰਕਾਰ ਦਾ ਲੇਖ 'ਸਿੱਖ ਗੁਰੂ ਸਾਹਿਬਾਨ ਅਤੇ ਸਿੱਖ ਸੰਗਤ' ਜੋ ਕਿ ਹਰਪਾਲ ਪੰਨੂ ਨੇ ਅਨੁਵਾਦ ਕੀਤਾ ਏ। ਵਿਚਾਰ ਉਤੇਜਿਤ ਹੈ। ਬਲਬੀਰ ਮਾਧੋਪੁਰੀ ਨੇ 'ਇਤਿਹਾਸਕ ਪੁਰਸ਼ ਕਾਮਰੇਡ ਆਨੰਦ ਤੇ ਮੈਂ' ਵਿਚ ਆਨੰਦ ਹੁਰਾਂ ਨਾਲ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ ਹਨ। ਇਸ ਤੋਂ ਇਲਾਵਾ ਹਿੰਦੀ ਕਹਾਣੀ 'ਬਰਾਬਰ ਦੀ ਖੇਡ', ਆਸ਼ੁਤੋਸ਼ ਦੀ 'ਮੌਤ ਕਥਾ', ਐੱਸ ਬਲਵੰਤ ਦੀ ਕਹਾਣੀ 'ਪਹਿਲੀ ਇੱਟ' ਵੀ ਚੰਗਾ ਗਲਪ ਸਿਰਜਦੀਆਂ ਹਨ।

### 'ਹੁਣ' ਦਾ ਸਾਹਿਤਕ ਸਭਿਆਚਾਰ




ਸੁਸ਼ੀਲ ਦੁਸਾਂਝ ਬੜੀ ਮਿਹਨਤ ਨਾਲ ਹੁਣ ਦਾ ਨਿਰੰਤਰ ਸੰਪਾਦਤ ਕਰ ਰਿਹਾ ਹੈ। ਹੁਣ ਵੀ ਕਹਾਣੀਕਾਰਾਂ ਦੀ ਪਹਿਲੀ ਪਸੰਦ 'ਹੁਣ' ਹੀ ਰਹਿੰਦੀ ਹੈ। ਚੰਗੀ ਕਹਾਣੀ ਪੜ੍ਹਨ ਲਈ ਹੁਣ ਨੂੰ ਪਾਠਕ ਵੇਖਦਾ ਹੈ। ਇਸ ਅੰਕ ਵਿਚ ਸੁਖਜੀਤ, ਕੜਿਆਲਵੀ, ਸਾਂਵਲ ਧਾਮੀ, ਸੁਖਪਾਲ ਥਿੰਦ, ਅਨੇਮਨ, ਦਰਸ਼ਨ ਜੋਗਾ ਦੀਆਂ ਪੜ੍ਹਨਯੋਗ ਕਹਾਣੀਆਂ ਹਨ। 'ਕਲਾ ਤੇ ਪੂੰਜੀਵਾਦ' ਚੰਗੀ ਲੇਖ ਲੜੀ ਹੈ ਜਿਸ ਨੂੰ ਕੁਮਾਰ ਸੁਸ਼ੀਲ ਅਨੁਵਾਦ ਕਰ ਰਿਹਾ ਹੈ। ਗੁਰਪ੍ਰੀਤ ਦੀ ਡਾਇਰੀ ਹੁਣ ਹਲਕੀ ਹੋ ਗਈ ਹੈ। ਅੰਜੁਪ੍ਰੀਤ ਪ੍ਰੋਬਸਟ ਦਾ ਲੇਖ ਹੁਣ ਦੀ ਪ੍ਰਾਪਤੀ ਹੈ।

### ਮਾਰਕਸਵਾਦ ਅਤੇ ਸਾਹਿਤ ਤੇ ਸਰਮਾਇਆ ਅਤੇ ਮਗਰੋਂ

ਪਿਛਲੇ ਦਿਨ੍ਹਾਂ ਵਿਚ ਦੋ ਕਿਤਾਬਾਂ ਮੇਰੇ ਹੱਥ ਲੱਗੀਆਂ। ਪਹਿਲੀ ਕਿਤਾਬ 'ਮਾਰਕਸਵਾਦ ਅਤੇ ਸਾਹਿਤ' ਹੈ ਜਿਸ ਨੂੰ ਕੁਲਵਿੰਦਰ ਨੇ ਅਨੁਵਾਦ ਕੀਤਾ ਹੈ। ਇਸ ਪੁਸਤਕ ਰਾਹੀਂ ਮਾਰਕਸਵਾਦੀ ਚਿੰਤਨ ਨੂੰ ਸਮਝਿਆ







ਜਾ ਸਕਦਾ ਹੈ। ਇਸ ਪੁਸਤਕ ਵਿਚ ਮਾਰਕਸਵਾਦੀ ਆਲੋਚਨਾ-ਲੈਨਿਨਵਾਦੀ ਆਲੋਚਨਾ ਵਿਧੀ 'ਤੇ ਕੇਂਦਰਿਤ ਲਿਖਤਾਂ ਪੁਸਤਕ ਵਿਚ ਸ਼ਾਮਿਲ ਹਨ।। ਇਹ ਇਕ ਸਾਰਥਕ ਡਿਬੇਟ ਹੈ। ਦੂਜੀ ਕਿਤਾਬ 'ਸਰਮਾਏਦਾਰੀ ਅਤੇ ਮਗਰੋਂ' ਜਿਸ ਨੂੰ ਜਾਰਜ ਥਾਮਸਨ ਨੇ ਲਿਖਿਆ ਤੇ ਅੰਮ੍ਰਿਤ ਨੇ ਅਨੁਵਾਦ ਕੀਤਾ ਹੈ। ਜਿਸ ਵਿਚ ਸੱਭਿਅਤਾ ਦੇ ਇਤਿਹਾਸ ਵਿੱਚ ਜਿਣਸ ਪੈਦਾਵਾਰ ਦੀ ਭੂਮਿਕਾ ਤੇ ਖਾਸ ਧਿਆਨ ਦਿੰਦਿਆ, ਇਤਿਹਾਸਕ ਪਦਾਰਥਵਾਦ ਦੀ ਸੰਖੇਪ ਜਾਣ ਪਛਾਣ ਮੁਹੱਈਆ ਕਰਵਾਈ ਗਈ ਹੈ। ਅਨੁਵਾਦ ਦੀਆਂ ਕੁੱਝ ਘਾਟਾ ਰੜਕਦੀਆਂ ਹਨ। ਪੜ੍ਹਨ ਵਿਚ ਦਿਕਤ ਆਉਂਦੀ ਹੈ।

### ਆਈ ਪੁਰੇ ਦੀ ਵਾਅ




'ਆਈ ਪੁਰੇ ਦੀ ਵਾਅ' ਪਾਕਿਸਤਾਨੀ ਕਥਾਕਾਰ ਨੈਣ ਸੁੱਖ ਦਾ ਕਹਾਣੀ ਸੰਗ੍ਰਹਿ ਹੈ ਜਿਸ ਨੂੰ ਪਰਮਜੀਤ ਸਿੰਘ ਮੀਸ਼ਾ ਨੇ ਲਿੱਪੀਆਂਤਰ ਕੀਤਾ ਹੈ ਤੇ ਸੰਪਾਦਤ ਅਮਨਪ੍ਰੀਤ ਸਿੰਘ ਗਿੱਲ ਦਾ ਹੈ। ਇਸ ਖੂਬਸੂਰਤ ਕਿਤਾਬ ਨੂੰ ਸੱਚਲ ਪ੍ਰਕਾਸ਼ਨ ਅੰਮ੍ਰਿਤਸਰ ਨੇ ਛਾਪਿਆ ਹੈ। ਨੈਣ ਸੁੱਖ ਅਜਿਹਾ ਵੱਖਰੀ ਤੋਰੇ ਤੁਰਨ ਵਾਲਾ ਅਤੇ ਵੱਖਰਾ ਖੜਾ ਦਿਸਦਾ ਕਥਾ ਕਾਰ ਹੈ ਜਿਸ ਦੀ ਆਪਣੀ ਨਿਵੇਕਲੀ ਭਾਸ਼ਾ ਅਤੇ ਵੱਖਰਾ ਕਥਾ ਸ਼ਿਲਪ ਹੈ। ਇਸ ਕਿਤਾਬ ਵਿਚ ਸਵੈ ਜੀਵਨੀ ਮੂਲਕ ਕਹਾਣੀਆਂ ਹਨ। ਹਰ ਕਹਾਣੀ ਵਿਚ ਇਕ ਉੱਚੇ ਕੱਦ ਵਾਲਾ ਅਤੇ ਸ਼ਕਤੀਸ਼ਾਲੀ ਨਾਇਕ ਪਾਤਰ ਹੈ ਜਿਹਦੇ ਕੋਲ ਜ਼ਿੰਦਗੀ ਦੇ ਬਹੁਤ ਤਜ਼ਰਬੇ ਹਨ। ਉਨ੍ਹਾਂ ਤਜ਼ਰਬਿਆਂ ਨਾਲ ਲੇਖਕ ਉਸ ਦੀ ਸਖ਼ਸ਼ੀਅਤ ਉਸਾਰੀ ਨਾਲ ਸਬੰਧਤ ਘਟਨਾਵਾਂ ਜੋੜਦਾ ਜਾਂਦਾ ਹੈ। ਪਾਠਕ ਦੇ ਮਨ ਵਿਚ ਕਹਾਣੀ ਦੇ ਮੁੱਖ ਪਾਤਰ ਤੇ ਨਾਇਕ ਦਾ ਬਿੰਬ ਵੱਡਾ ਬਣਦਾ ਜਾਂਦਾ ਹੈ। ਇਨ੍ਹਾਂ ਕਹਾਣੀਆਂ ਦੇ ਨਾਇਕ ਹਾਸ਼ੀਏ ਤੇ ਧਕੇਲ ਦਿੱਤੇ ਗਏ ਉਹ ਲੋਕ ਹਨ ਜਿਹੜੇ ਆਪਣੀ ਸ਼ਕਤੀ ਨਾਲ ਸਮਾਜ ਵਿਚੋਂ ਉਭਰਦੇ ਹਨ। ਪਾਦਰੀ ਆਈ ਡੀ. ਸਹਿਬਾਜ਼, ਮੋਲਾਨਾ ਉਬੈਦ ਉੱਲਾਹ ਸਿੰਧੀ, ਦਾਦਾ ਅਮੀਰ ਹੈਦਰ ਅਲੀ, ਆਗ਼ਾ ਖ਼ਾਂ ਸਹੋਤਰਾ, ਆਲਿਆ ਬੇਗ਼ਮ, ਨਸਰੀਨ ਅੰਜੁਮ ਭੱਟੀ ਆਦਿ ਕਹਾਣੀਆਂ ਦੇ ਜਿਉਂਦੇ ਜਾਗਦੇ, ਹੱਡਮਾਸ ਦੇ ਨਾਇਕ ਹਨ। ਨੈਣ ਸੁੱਖ ਦੀ ਇਹ ਸ਼ਕਤੀ ਹੈ ਕਿ ਉਹ ਪਾਠਕ ਦੇ ਸਾਹਮਣੇ ਇਹ ਨਾਇਕ ਲਿਆ ਖੜੇ ਕਰਦਾ ਹੈ। ਪੰਜਾਬੀ ਕਿਤਾਬਾਂ ਵਿਚੋਂ ਇਹ ਕਿਤਾਬ ਵੱਖਰੀ ਖੜੀ ਦਿਸਦੀ ਹੈ।


### ਪਰਵਾਨਾ ਦੇ 'ਸੁਪਨੇ ਤੇ ਪਰਛਾਵੇਂ'




ਬਲਬੀਰ ਪਰਵਾਨਾ ਪੰਜਾਬੀ ਦਾ ਪ੍ਰਤੀਨਿੱਧ ਨਾਵਲਕਾਰ ਵਜੋਂ ਉਭਰਿਆ ਨਾਂ ਹੈ। ਹੁਣ ਤੱਕ ਉਸ ਨੇ ਇਕ ਦਰਜਨ ਦੇ ਕਰੀਬ ਨਾਵਲ ਛਪ ਚੁੱਕੇ ਹਨ। ਇਹ ਨਾਵਲ ਉਸ ਦਾ ਪਹਿਲਾਂ ਨਾਵਲ ਜੋ ਕਿ 23 ਸਾਲ ਪਹਿਲਾਂ ਛਪਿਆ ਸੀ। ਹੁਣ ਇਹ ਨਾਵਲ ਆਪਣੇ ਨਵੇਂ ਰੂਪ ਨਾਲ ਛਪ ਕੇ ਸਾਹਮਣੇ ਆਇਆ ਹੈ। ਕੰਢੀ ਦੇ ਪੇਂਡੂ ਖੇਤਰਾਂ ਵਿਚ ਜਨਮ ਲੈਂਦੇ ਸੁਪਨੇ

ਅਤੇ ਉਨ੍ਹਾਂ ਦੇ ਪਰਛਾਵੇਂ ਫੜਦੇ ਪਾਤਰਾਂ ਨੂੰ ਪਰਵਾਨਾ ਨੇ ਇਸ ਨਾਵਲ ਵਿਚ ਚਿਤਰਿਆ ਹੈ। ਜਵਾਨੀ ਦੇ ਵੇਗ ਵਿਚ ਵਿਚਰਦੇ ਪਾਤਰ ਟੁੱਟਦੇ ਹਨ, ਜੁੜਦੇ ਹਨ। ਨਾਵਲ ਜੀਤੀ ਦੇ ਆਲੇ ਦੁਆਲੇ ਘੁੰਮਦਾ ਹੈ। ਉਸ ਦੀਆਂ ਭਾਵਨਾਵਾਂ, ਸੱਧਰਾਂ ਨੂੰ ਪਰਵਾਨਾ ਨੇ ਰੁਮਾਚਿਤ ਸ਼ੈਲੀ ਵਿਚ ਬਿਆਨ ਕੀਤਾ ਹੈ। ਕੰਢੀ ਦਾ ਪੇਂਡੂ ਨੀਮ ਪਹਾੜੀ ਇਲਾਕਾ ਨਾਵਲ ਦਾ ਘਟਨਾ ਸਥੱਲ ਹੈ। ਅੱਲੜ੍ਹ ਉਮਰ ਦੀਆਂ ਸੱਧਰਾਂ ਨੂੰ ਸੁਪਨੇ ਤੇ ਪਰਛਾਵੇਂ ਵਿਚ ਚਿਤਰਿਆ ਹੈ। ਇਹ ਨਾਵਲ ਲੋਕ ਗੀਤ ਪ੍ਰਕਾਸ਼ਨ ਨੇ ਛਾਪਿਆ ਹੈ।

### ਬੋਧ ਕਹਾਣੀਆਂ ਤੇ ਮਨਮੋਹਨ ਬਾਵਾ




ਮਨਮੋਹਨ ਬਾਵਾ ਇਤਿਹਾਸ ਅਤੇ ਬੋਧ ਕਾਲ ਨੂੰ ਆਪਣੇ ਗਲਪ ਵਿਚ ਪੇਸ਼ ਕਰਨ ਵਾਲਾ ਪ੍ਰਮੁੱਖ ਗਲਪਕਾਰ ਹੈ। ਉਸ ਨੇ ਹੁਣ ਤੱਕ ਲੋਕ ਪੱਖੀ ਦ੍ਰਿਸ਼ਟੀ ਨਾਲ ਬੋਧ-ਇਤਿਹਾਸ ਕਾਲ ਤੋਂ ਨਾਇਕ ਚੁੱਕ ਕੇ ਉਨ੍ਹਾਂ ਦੀ ਸਾਹਿਤ ਵਿਚ ਪੁਨਰ ਉਸਾਰੀ ਕੀਤੀ ਹੈ। ਬੋਧ ਕਾਲ ਉਸ ਦਾ ਮਨਪਸੰਦ ਕਾਲ ਰਿਹਾ ਹੈ। ਇਸ ਕਾਲ ਨਾਲ ਸਬੰਧਤ ਪਾਤਰਾਂ ਨੂੰ ਲੈ ਕੇ ਉਸ ਨੇ ਅਨੇਕਾਂ ਕਹਾਣੀਆਂ ਲਿਖੀਆਂ ਹਨ। ਇਸ ਪੁਸਤਕ ਵਿਚ ਇਹ ਕਹਾਣੀਆਂ ਇਕੋ ਥਾਂ ਪਾਠਕਾਂ ਨੂੰ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਆਪਣੀ ਭੂਮਿਕਾ ਵਿਚ ਬਾਵਾ ਨੇ ਬੁੱਧ ਦਾ ਸਮਾਂ ਤੇ ਉਸ ਵੇਲੇ ਦੀ ਸਮਾਜਿਕ ਸਥਿਤੀ ਨੂੰ ਬਿਆਨ ਕੀਤਾ ਹੈ। ਉਸ ਦੀ ਕਹਾਣੀ ਵਿਚ ਐਨੀ ਰੌਚਿਕਤਾ ਹੁੰਦੀ ਹੈ ਕਿ ਪਾਠਕ ਨੂੰ ਬੋਧ ਕਾਲ ਵਿਚ ਲੈ ਜਾਂਦੀ ਹੈ। ਇਨ੍ਹਾਂ ਕਹਾਣੀਆਂ ਵਿਚ ਬਾਵਾ ਦਲਿਤ, ਜੰਗਲੀ ਕਬੀਲੇ ਦੇ ਬਹਾਦਰ ਨਾਇਕਾਂ ਨਾਲ ਖੜਦਾ ਹੋਇਆ ਉਨ੍ਹਾਂ ਦੀ ਵਿਲੱਖਣਤਾ ਉਭਾਰਦਾ ਹੈ। ਸਾਰੀਆਂ ਕਹਾਣੀਆਂ ਪਾਤਰ ਪ੍ਰਧਾਨ ਹਨ। ਬਾਵਾ ਨੇ ਯਸ਼ੋਧਰਾ, ਸੁਜਾਤਾ, ਚੰਡਾਲਿਕਾ, ਅੰਬਪਾਲੀ, ਨਾਗ ਮੁੰਡਾ, ਉਤਪਲਵਰਨਾ, ਸੁਰਭੀ ਵਰਗੀਆਂ ਗੁਣੀ ਪਾਤਰਾਂ ਨੂੰ ਪੁਨਰਜੀਵਤ ਕੀਤਾ ਹੈ। ਇਨ੍ਹਾਂ ਕਹਾਣੀਆਂ ਰਾਹੀਂ ਬੋਧ ਕਾਲ ਨੂੰ ਉਸ ਵੇਲੇ ਦੀ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸਥਿਤੀ ਨੂੰ ਸਮਝਿਆ ਜਾ ਸਕਦਾ ਹੈ।

### ਕੇ. ਸਾਧੂ ਸਿੰਘ ਦੀ ਕਾਵਿ ਉਡਾਰੀ




ਕੇ. ਸਾਧੂ ਸਿੰਘ ਕਵਿਤਾ ਕਹਿਣ ਵਾਲਾ ਅਜਿਹਾ ਲੇਖਕ ਹੈ ਜਿਹੜਾ ਸ਼ੋਰ ਤੋਂ ਮੁਕਤ ਹੋ ਕੇ ਕਵਿਤਾ ਕਹਿੰਦਾ ਹੈ। ਉਸ ਦੀਆਂ ਦੋ ਪੁਸਤਕ 'ਦੀਵੇ 'ਚੋਂ ਉੱਗਦੇ ਸੂਰਜ' ਅਤੇ, 'ਮਾਂ, ਘਾਹ ਤੇ ਤਿਤਲੀਆਂ' ਮੇਰੇ ਟੇਬਲ ਤੇ ਪਈਆਂ ਨੇ। ਉਸ ਦੀ ਕਵਿਤਾ ਸਧਾਰਨ ਤੇ ਅਤਿ ਦੇ ਪੀੜਤ ਲੋਕਾਂ ਦੀ ਕਵਿਤਾ ਹੈ। ਪੀੜਤ ਧਿਰ ਉਹਦੀ ਕਵਿਤਾ ਦੇ ਕੇਂਦਰ ਵਿਚ ਹੁੰਦੀ ਹੈ। ਜਾਤੀ ਵੰਡ ਨੂੰ ਸਾਧੂ ਆਪਣੀ ਕਵਿਤਾ ਵਿਚ ਪੇਸ਼ ਕਰਨ ਵਾਲਾ ਸ਼ਾਇਰ ਹੈ। ਪਹਿਲਾਂ ਦਿਲ ਨੇ ਕਿਹਾ ਸੀ ਹੁਣ ਸਾਧੂ ਆਪਣੀ ਕਵਿਤਾ ਵਿਚ ਕਹਿੰਦਾ ਹੈ ਕਿ ਸਾਡੀ ਜਾਤੀ ਵੰਡ ਸ਼ਮਸ਼ਾਨ ਘਾਟ ਤੱਕ ਪਹੁੰਚੀ ਹੋਈ ਹੈ। ਪੰਜਾਬੀ ਕਵਿਤਾ ਵਿਚ ਸਾਧੂ ਸਿੰਘ ਦੀ ਕਵਿਤਾ ਦੀ ਬਹੁਤੀ ਗੱਲ ਨਹੀਂ ਹੋਈ। ਕਵੀ ਦਰਬਾਰਾਂ ਵਿਚ ਉਹ ਘੱਟ ਰੜਕਦਾ ਹੈ। ਪ੍ਰੰਤੂ ਉਹਦੀ ਕਵਿਤਾ ਪੰਜਾਬ ਦੇ ਬਹੁਤੇ ਕਵੀਆਂ ਨਾਲੋਂ ਚੰਗੀ ਹੈ ਜਿਹੜੇ ਕਵੀ ਅਕਸਰ ਹੀ ਸਰਕਾਰੀ ਤੇ ਗੈਰ ਸਰਕਾਰੀ ਕਵੀ ਦਰਬਾਰਾਂ ਵਿਚ ਆਪਣੀ ਹਾਜ਼ਰੀ ਲਗਾਉਣ ਦਾ ਜੁਗਾੜ ਕਰਦੇ ਰਹਿੰਦੇ ਹਨ।



## ਹੁੰਗਾਰਾ

ਬਾਈ! ਚੰਡੀਗੜ੍ਹ ਜਾ ਰਿਹਾ ਹਾਂ। ਬੱਸ ਵਿਚ ਹੀ ਹਾਂ। ਹੁਣੇ ਕਹਾਣੀ ਪੜ੍ਹ ਕੇ ਹਟਿਆ 'ਬੀ ਪਾਜ਼ੇਟਿਵ ਯਾਰ' ਵਾਹ ਜੀ ਵਾਹ! ਬਾਕਮਾਲ ਕਹਾਣੀ ਹੈ। ਦਲਿਤਵਾਦ ਤਾਂ ਬਹੁਤ ਪੜ੍ਹਦਾ ਹਾਂ ਪਰ ਮਾਨਵਵਾਦੀ ਵਿਚਾਰਧਾਰਾ ਤੇ ਨਜ਼ਰੀਏ ਤੋਂ ਲਿਖੀ ਅਜਿਹੀ ਕਹਾਣੀ ਪਹਿਲੀ ਵਾਰ ਪੜ੍ਹੀ ਹੈ। ਬਹੁਤ ਹੀ ਬਾਕਮਾਲ ਲਿਖਤ ਹੈ। ਪਿਯੂਸ਼ ਸਰਾਂਵਾਲੀ, ਅੱਗੇ ਖੜਾ ਕਰ ਦਿੱਤਾ ਹੈ। ਮੈਂ ਵੀ ਜਾਣਦਾ ਹਾਂ ਉਹਨਾਂ ਨੂੰ। ਇਸ ਕਰਕੇ ਕਹਾਣੀ ਹੋਰ ਵੀ ਜਿਆਦਾ ਖਿੱਚ ਦਾ ਕੇਂਦਰ ਬਣੀ ਰਹੀ। ਸਲਾਮ ਬਾਈ।

**-ਗੁਰਮੀਤ ਕੜਿਆਲਵੀ (ਈ-ਮੇਲ)**

'ਕਹਾਣੀ ਧਾਰਾ-53' ਪੜ੍ਹ ਲਿਆ ਏ। ਤੇਰੀ ਸੰਪਾਦਕੀ ਭਾਵੇਂ ਨਿੱਕੀ ਜਿਹੀ ਹੁੰਦੀ ਏ। ਪਰ ਉਸ ਵਿਚ ਮੁੱਦੇ ਬਹੁਤ ਵੱਡੇ ਹੁੰਦੇ ਹਨ। ਦੂਜੀ ਗੱਲ ਇਹ ਚੰਗੀ ਲੱਗਦੀ ਏ ਕਿ ਤੂੰ ਆਪਣੀ ਸੰਪਾਦਕੀ ਸਾਹਿਤ, ਸਭਿਆਚਾਰ, ਸਾਹਿਤਕ ਮਸਲਿਆ ਬਾਰੇ ਹੀ ਲਿਖਦਾ ਏ। ਗੱਲ ਵੀ ਠੀਕ ਏ ਬਈ ਪਰਚਾ ਸਾਹਿਤ ਦਾ ਉਹ ਵੀ ਕਹਾਣੀ ਦਾ ਤੇ ਸੰਪਾਦਕੀ ਕਿਹੜੀ ਝੋਨੇ ਦੀਆਂ ਕਿਸਮਾਂ ਬਾਰੇ ਹੋਵੇਗੀ। ਭਾਵੇਂ ਕਈ ਪਰਚੇ ਦੇ ਸੰਪਾਦਕ ਅਜਿਹਾ ਕਰਦੇ ਹਨ। ਪਰਚਾ ਸਾਹਿਤ ਦਾ ਹੋਵੇਗਾ ਤੇ ਗੱਲ ਵਾਹਗੇ ਦੇ ਬਾਰਡਰ ਦੀ ਜਾਂ ਭਰੂਣ ਹੱਤਿਆ ਦੀ ਕਰਨਗੇ। ਤੇਰੀ ਗੱਲ ਦਰੁਸ਼ਤ ਏ ਕਿ ਸਾਹਿਤ ਵਿਚਲੀ ਨਾਰੀ ਤੇ ਸਾਹਿਤ ਤੋਂ ਬਾਹਰ ਦੀ ਨਾਰੀ ਵਿਚ ਬਹੁਤ ਅੰਤਰ ਏ। ਸਾਡੀਆਂ ਨਾਰੀ ਕਥਾਕਾਰਾਂ ਵੀ ਸਮਾਜ ਵਿਚਲੀ ਨਾਰੀ ਨੂੰ ਅਜੇ ਤੱਕ ਫੜ੍ਹ ਨਹੀਂ ਸਕੀਆਂ। ਬਾਕੀ ਨੈਣ ਸੁੱਖ ਕਮਾਲ ਦਾ ਕਥਾਕਾਰ ਏ। ਉਹਦੀ ਕਹਾਣੀ ਪੜ੍ਹਦਿਆ ਤੁਹਾਨੂੰ ਲੱਗਦਾ ਏ ਜਿਵੇਂ ਤੁਸੀਂ ਸਾਰਾ ਕੁੱਝ ਵੇਖ ਸੁਣ ਰਹੇ ਹੁੰਦੇ ਹੋ। ਬਲੀਜੀਤੀ ਵੀ ਬਾਜੀ ਮਾਰ ਗਿਆ। ਉਹ ਬਹੁਤ ਗੁੱਝਾ ਕਥਾਕਾਰ ਏ ਜਿਹੜਾ ਕਥਾਕਾਰ ਹੋਣ ਦੀ ਰੌਲੀ ਨਹੀਂ ਪਾਉਂਦਾ। ਚੰਗਾ !

**-ਗੁਰਮੁੱਖ ਸਿੰਘ, ਸੁਨੇਤ, ਜ਼ਿਲ੍ਹਾ ਲੁਧਿਆਣਾ**

'ਕਹਾਣੀ ਧਾਰਾ' ਦਾ ਅਪ੍ਰੈਲ ਅੰਕ ਪੜ੍ਹ ਲਿਆ ਹੈ। ਇਕ ਤਾਂ ਇਹਦੇ ਵਿਚ ਚੰਗੀਆਂ ਕਹਾਣੀਆਂ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਦੂਜਾ ਰਸਾਲੇ ਵਿਚ ਜੋ ਤੁਸੀਂ ਨਵੀਆਂ ਕਿਤਾਬਾਂ ਤੇ ਲੇਖ ਲਿਖਵਾ ਕੇ ਛਾਪਦੇ ਹੋ, ਉਹ ਸਾਡੇ ਵਰਗੇ ਪਾਠਕਾਂ ਲਈ ਰਾਹ ਸੌਖਾ ਕਰ ਦਿੰਦੇ ਹੋ ਕਿ ਅਸੀਂ ਕਿਹੜੀ ਕਿਤਾਬ ਪੜ੍ਹਨੀ ਹੈ ਕਿਹੜੀ ਨਹੀਂ। ਡਾ. ਗੁਰਮੇਲ ਦਾ ਲੇਖ ਚੰਗਾ ਸੀ। ਉਸ ਨੇ ਜਿਹੜੇ ਦਲਿਤ ਕਹਾਣੀਕਾਰਾਂ ਦਾ ਜ਼ਿਕਰ ਕੀਤਾ ਸੀ ਤੇ ਜਿਨ੍ਹਾਂ ਕਿਤਾਬਾਂ ਦੀਆਂ ਫੋਟੋ ਛਾਪੀਆਂ ਸਨ ਉਹ ਕਿੱਥੋਂ ਮਿਲ ਸਕਦੀਆਂ ਹਨ। ਦੋ ਕਿਤਾਬਾਂ ਤੇ ਕਿਤੇ ਮਿਲਦੀਆਂ ਨਹੀਂ। ਮਾਨ ਦੀ 'ਅੰਗਿਆਰੀ' ਕਹਾਣੀ ਰਿਸ਼ਤਿਆਂ ਦੀ ਟੁੱਟ ਭੱਜ ਨੂੰ ਬਾਖੂਬੀ ਪੇਸ਼ ਕਰਦੀ ਹੈ। 'ਜਨ ਬੋਧ' ਕਾਲਮ ਵੀ ਛਾਪਿਆ ਕਰੋ। **-ਅਵਿਨਾਸ਼ ਜੱਜ, ਗੁਰਦਾਸਪੁਰ**

'ਕਹਾਣੀ ਧਾਰਾ' ਦਾ ਨਵਾਂ ਅੰਕ -53 ਮੈਂ ਇਕ ਦਿਨ ਵਿਚ ਪੜ੍ਹ ਲਿਆ। ਪਰਚਾ ਭਾਵੇਂ ਨਿੱਕਾ ਹੈ ਪਰ ਤਿੱਖਾ ਹੈ। ਯਾਰ ਨੈਣ ਸੁੱਖ ਕਿਹੜਾ ਕਹਾਣੀਕਾਰ ਹੈ। ਇਹਨੂੰ ਮੈਂ ਪਹਿਲਾਂ ਕਦੇ ਨਹੀਂ ਪੜ੍ਹਿਆ। ਇਹਦੀ ਕਹਾਣੀ 'ਆਈ ਪੁਰੇ ਦੀ ਵਾਅ' ਮੈਂ ਪੜ੍ਹੀ ਤੇ ਮੇਰੇ ਲੂੰ ਕੰਡੇ ਖੜੇ ਹੋ ਗਏ। ਬਾਲਮੀਕੀ ਭਾਈਚਾਰੇ ਦੀ ਜ਼ਿੰਦਗੀ ਨੂੰ ਉਸ ਨੇ ਬਹੁਤ ਹੀ ਸੱਚੇ ਮਨ ਨਾਲ ਪੇਸ਼ ਕੀਤਾ ਹੈ। ਇਤਿਹਾਸ ਦੀ ਗਤੀ ਬਹੁਤ ਹੀ ਉਦਾਸ ਕਰਨ ਵਾਲੀ ਹੈ। ਗੁਲ ਚੌਹਾਨ ਦੀ ਕਹਾਣੀ 'ਬੇਬੀ ਘਰ' ਨੇ ਮੈਨੂੰ ਉਦਾਸ ਤੇ ਪ੍ਰੇਸ਼ਾਨ ਕਰ ਦਿੱਤਾ। ਬਾਕੀ 'ਬੀ ਪੌਜ਼ੇਟਿਵ ਯਾਰ' ਇਸ ਲਈ ਚੰਗੀ ਲੱਗੀ ਕਿ ਸਾਨੂੰ ਨੈਗਿਟਵ ਨਹੀਂ ਹੋਣਾ ਚਾਹੀਦਾ। ਕਹਾਣੀ ਦਾ ਅੰਤ ਕਹਾਣੀ ਨੂੰ ਸਿਖਰ ਤੇ ਪਹੁੰਚਾ ਦਿੰਦਾ ਹੈ। ਪਿਊਸ਼ ਨਾਲ ਹਮਦਰਦੀ ਹੁੰਦੀ ਹੈ। ਕਹਾਣੀ ਬੰਦੇ ਦੇ ਮਨ ਵਿਚ ਬੈਠੇ ਜਾਤਪਾਤ ਦੇ ਕੀੜੇ ਤੇ ਗਹਿਰੀ ਸੱਟ ਮਾਰਦੀ ਹੈ। ਬਲੀਜੀਤ ਨੂੰ ਵਧਾਈ।

**-ਮੰਗਤ ਰਾਏ, ਭੋਡੇ ਸਪਰਾਏ, ਜਲੰਧਰ**